ਸ਼ਨੀਵਾਰ, 31 ਅਕਤੂਬਰ, 2026
15 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 151

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 31 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸਰਕਾਰ ਲੋਕਾਂ ਨੂੰ ਦਿੱਲੀ ਪੁੱਜਣੋਂ ਰੋਕ ਰਹੀ : ਰਾਹੁਲ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਰਾਹੁਲ ਗਾਂਧੀ ਨੇ ਸ਼ੁੱਕਰਵਾਰ ਮੋਦੀ ਸਰਕਾਰ 'ਤੇ ਦੋਸ਼ ਲਗਾਇਆ ਕਿ ਉਹ ਵੋਟ ਚੋਰੀ ਵਿਰੁੱਧ ਇੰਡੀਆ ਬਲਾਕ ਦੇ ਵਿਰੋਧ ਪ੍ਰਦਰਸ਼ਨ ਲਈ ਵਿਰੋਧੀ ਧਿਰ ਦੇ ਸਮਰਥਕਾਂ ਨੂੰ ਦਿੱਲੀ ਪਹੁੰਚਣ ਤੋਂ ਰੋਕਣ ਲਈ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰ ਰਹੀ ਹੈ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਦੇ ਘਰ 10, ਰਾਜਾਜੀ ਮਾਰਗ 'ਤੇ ਇੰਡੀਆ ਬਲਾਕ ਦੇ ਆਗੂਆਂ ਨਾਲ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਮੌਸਮ ਵਿਗੜਨ ਦੇ ਕਾਰਨ ਸ਼ੁੱਕਰਵਾਰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ 'ਜਨਤਕ ਮਹਾਂਦੋਸ਼' ਚਲਾਉਣ ਦਾ ਪ੍ਰੋਗਰਾਮ ਸ਼ਨੀਵਾਰ ਤੱਕ ਟਾਲਣਾ ਪਿਆ ਹੈ। ਵਿਰੋਧੀ ਧਿਰ ਦਾ ਰਾਮ ਲੀਲ੍ਹਾ ਮੈਦਾਨ ਵੱਲ ਮਾਰਚ, ਜਿਸ ਵਿੱਚ ਸਿਆਸੀ ਪਾਰਟੀਆਂ, ਸਿਵਲ ਸੁਸਾਇਟੀ ਗਰੁੱਪ ਅਤੇ ਗੈਰ-ਸਿਆਸੀ ਸੰਗਠਨ ਸ਼ਾਮਲ ਹੋਣਗੇ, ਐਤਵਾਰ ਨੂੰ ਹੋਵੇਗਾ। ਉਨ੍ਹਾ ਕਿਹਾ ਕਿ ਦੋਵੇਂ ਪ੍ਰੋਗਰਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਚੋਣ ਕਮਿਸ਼ਨ ਵਿੱਚ ਉਨ੍ਹਾਂ ਦੀ ਟੀਮ ਵੱਲੋਂ ਲੋਕਤੰਤਰ ਦੇ ਘਾਣ ਵਿਰੁੱਧ ਵਿਰੋਧੀ ਧਿਰ ਦੀ ਲੜਾਈ ਦਾ ਹਿੱਸਾ ਹਨ। ਰਾਹੁਲ ਨੇ ਕਿਹਾ, "ਗ੍ਰਹਿ ਮੰਤਰੀ ਲੋਕਾਂ ਨੂੰ ਦਿੱਲੀ ਆਉਣ ਤੋਂ ਰੋਕਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਸਾਡੀ ਪਾਰਟੀ ਦੇ ਮੈਂਬਰ, ਹਜ਼ਾਰਾਂ ਲੋਕ, ਜੋ ਯੂ ਪੀ, ਹਰਿਆਣਾ, ਪੰਜਾਬ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਤੇਲੰਗਾਨਾ ਸਮੇਤ ਹੋਰ ਰਾਜਾਂ ਤੋਂ ਆਉਣਾ ਚਾਹੁੰਦੇ ਹਨ, ਨੂੰ ਰੋਕਿਆ ਜਾ ਰਿਹਾ ਹੈ। ਉਹ ਲੋਕਾਂ ਨੂੰ ਇੱਥੇ ਪਹੁੰਚਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।" ਵਿਰੋਧੀ ਧਿਰ ਦੇ ਪ੍ਰਚਾਰ ਪ੍ਰਤੀ ਲੋਕਾਂ ਦੇ ਹੁੰਗਾਰੇ ਦਾ ਅੰਦਾਜ਼ਾ ਲਗਾਉਣ ਲਈ ਸਰਕਾਰ ਨੂੰ ਚੁਣੌਤੀ ਦਿੰਦੇ ਹੋਏ, ਉਨ੍ਹਾ ਕਿਹਾ, "ਤੁਸੀਂ ਦੇਖਣਾ ਕਿ ਰਾਮ ਲੀਲ੍ਹਾ ਮੈਦਾਨ ਵਿੱਚ ਕੀ ਹੁੰਦਾ ਹੈ। ਦੇਖਣਾ ਕਿ ਕਿੰਨੇ ਲੋਕ ਆਉਂਦੇ ਹਨ ਅਤੇ ਤੁਸੀਂ ਕਿੰਨੇ ਲੋਕਾਂ ਨੂੰ ਰੋਕਣ ਵਿੱਚ ਕਾਮਯਾਬ ਹੁੰਦੇ ਹੋ। ਤੁਸੀਂ ਸਮਝ ਜਾਓਗੇ ਕਿ ਇਸ ਦੇਸ਼ ਵਿੱਚ ਕੀ ਹੋ ਰਿਹਾ ਹੈ।"

ਰਾਹੁਲ ਨੇ ਕਿਹਾ ਕਿ ਚੋਣ ਹੇਰਾਫੇਰੀ ਅਤੇ ਲੱਖਾਂ ਲੋਕਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਕੀਤੇ ਜਾਣ ਨੂੰ ਲੈ ਕੇ ਲੋਕਾਂ ਵਿੱਚ ਵਿਆਪਕ ਗੁੱਸਾ ਹੈ। ਅਡਾਨੀ, ਅੰਬਾਨੀ, ਮੋਦੀ, ਸ਼ਾਹ ਅਤੇ ਭਾਗਵਤ ਦੀ ਮਦਦ ਲਈ ਉਨ੍ਹਾਂ ਦੀਆਂ ਵੋਟਾਂ ਚੋਰੀ ਕੀਤੀਆਂ ਜਾ ਰਹੀਆਂ ਹਨ।

ਰਾਹੁਲ ਗਾਂਧੀ ਨੇ ਦੱਸਿਆ ਕਿ ਇੰਡੀਆ ਬਲਾਕ ਦਾ ਮਾਰਚ ਦੁਪਹਿਰ ਵੇਲੇ ਮਿੰਟੋ ਰੋਡ-ਕਨਾਟ ਪਲੇਸ ਜੰਕਸ਼ਨ ਤੋਂ ਸ਼ੁਰੂ ਹੋਵੇਗਾ ਅਤੇ ਰਾਮਲੀਲਾ ਮੈਦਾਨ ਵਿੱਚ ਸਮਾਪਤ ਹੋਵੇਗਾ। ਸਮਾਜਵਾਦੀ ਪਾਰਟੀ ਦੇ ਨੇਤਾ ਧਰਮਿੰਦਰ ਯਾਦਵ ਨੇ ਕਿਹਾ ਕਿ ਲੋਕ ਚੋਣ ਹੇਰਾਫੇਰੀ ਵਿਰੁੱਧ ਲੜਾਈ ਨੂੰ ਸਮਝਦੇ ਹਨ। ਯੂ ਪੀ ਦੇ ਤਾਜ਼ਾ ਚੋਣ ਨਤੀਜਿਆਂ ਦਾ ਹਵਾਲਾ ਦਿੰਦੇ ਹੋਏ ਉਨ੍ਹਾ ਕਿਹਾ ਕਿ ਲੋਕਾਂ ਨੇ ਭਾਜਪਾ ਨੂੰ ਦਿਖਾ ਦਿੱਤਾ ਹੈ ਕਿ ਇਹ ਕਿੰਨੀ ਪਿੱਛੇ ਹੈ। ਟੀ ਐੱਮ ਸੀ ਦੇ ਸੰਸਦ ਮੈਂਬਰ ਡੈਰੇਕ ਓ'ਬ੍ਰਾਇਨ ਨੇ ਕਿਹਾ ਕਿ ਭਾਰਤ ਸਮੂਹ ਮੁਹਿੰਮ ਵਿੱਚ ਇੱਕਜੁੱਟ ਖੜ੍ਹਾ ਹੈ, ਜਿਸ ਵਿੱਚ ਕਈ ਵਿਰੋਧੀ ਪਾਰਟੀਆਂ ਦੇ ਨੇਤਾ ਅਤੇ ਨੁਮਾਇੰਦੇ ਹਿੱਸਾ ਲੈ ਰਹੇ ਹਨ।

## ਜ਼ਿੰਦਗੀ ਦੇ ਹਾਣੀ ਬਣਨ ਲਈ ਪ੍ਰੇਰਨ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਆਰੰਭ

**ਜਲੰਧਰ (ਕੇਸਰ)**

ਸ਼ਮ੍ਹਾਂ ਰੌਸ਼ਨ ਕਰਕੇ ਚਿੱਤਰਕਲਾ, ਫੋਟੋ ਕਲਾ, ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਕਰਦੇ ਹੋਏ ਅਤੇ ਵਿੱਛੜੇ ਸਾਥੀਆਂ ਨੂੰ 'ਉਹਨਾਂ ਮਿੱਤਰਾਂ ਦੀ ਯਾਦ ਪਿਆਰੀ...' ਸ਼ਹੀਦ ਜੈਮਲ ਪੱਡਾ ਦੇ ਬੋਲਾਂ ਨਾਲ ਸਿਜਦਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂਆਂ ਨੇ ਪ੍ਰੈੱਸ ਨਾਲ ਮੇਲੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 30 ਅਕਤੂਬਰ ਤੋਂ ਸ਼ੁਰੂ ਹੋਇਆ ਤੇ ਪਹਿਲੀ ਨਵੰਬਰ ਸਾਰਾ ਦਿਨ, ਸਾਰੀ ਰਾਤ ਚੱਲਣ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਮੁਲਕ ਦੇ ਭਖਦੇ ਸੁਆਲਾਂ ਨੂੰ ਵਿਚਾਰ-ਚਰਚਾ ਅਤੇ ਕਲਾ ਕਿਰਤਾਂ ਦੇ ਮਾਧਿਅਮ ਰਾਹੀਂ ਮੁਖ਼ਾਤਬ ਹੋਏਗਾ। ਪਹਿਲੇ ਦਿਨ ਪੈਨਲ ਵਿਚਾਰ-ਚਰਚਾ ਹੋਈ, ਜਿਸ ਵਿੱਚ ਸ਼ਵਿੰਦਰ, ਰਾਜਿੰਦਰ ਭਦੌੜ, ਡਾ. ਲਖਵਿੰਦਰ ਜੌਹਲ, ਰਵਿੰਦਰ ਕੌਰ ਜਨ ਚੇਤਨਾ ਨੇ ਭਾਗ ਲਿਆ, ਜਿਸ ਦਾ ਸੰਚਾਲਨ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਨੇ ਕੀਤਾ।

31 ਅਕਤੂਬਰ ਕੁਇਜ਼, ਪੇਂਟਿੰਗ ਮੁਕਾਬਲਾ, ਤਰਕਸ਼ੀਲ ਕਲਾ ਵੰਨਗੀਆਂ ਤੋਂ ਇਲਾਵਾ ਪ੍ਰੰਜੋਏ ਗੁਹਾ ਠਾਕੁਰਤਾ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਹੋਣਗੇ। ਸ਼ਾਮ 4 ਵਜੇ ਪੁਸਤਕ ਲੋਕ • ਬਾਕੀ ਸਫਾ 2 'ਤੇ

## ਨਾਨ-ਵੈੱਜ 'ਤੇ ਰੋਕ ਹਟਾਈ

**ਅਹਿਮਦਾਬਾਦ** : ਗੁਜਰਾਤ ਹਾਈ ਕੋਰਟ ਨੇ ਵੇਰਾਵਲ ਦੇ ਪ੍ਰਭਾਸ ਪਾਟਨ ਵਿੱਚ ਸੋਮਨਾਥ ਮੰਦਰ ਦੇ ਨੇੜਲੇ ਇਲਾਕੇ ਵਿੱਚ ਮਾਸਾਹਾਰੀ ਭੋਜਨ ਦੀ ਵਿਕਰੀ 'ਤੇ ਰਾਜ ਸਰਕਾਰ ਦੀ ਪਾਬੰਦੀ ਨੂੰ ਸ਼ੁੱਕਰਵਾਰ ਰੱਦ ਕਰ ਦਿੱਤਾ। ਇਸਦਾ ਮਤਲਬ ਹੈ ਕਿ ਅਦਾਲਤ ਦਾ ਹੁਕਮ ਉਪਲਬਧ ਹੁੰਦੇ ਹੀ ਖੇਤਰ ਵਿੱਚ ਮਾਸਾਹਾਰੀ ਭੋਜਨ ਦੁਬਾਰਾ ਵੇਚਿਆ ਜਾ ਸਕਦਾ ਹੈ। ਛੇ ਰੈਸਟੋਰੈਂਟਾਂ ਦੇ ਮਾਲਕਾਂ ਨੇ ਸੋਮਨਾਥ ਮੰਦਰ ਵੱਲ ਜਾਣ ਵਾਲੀਆਂ ਅਤੇ ਉਸ ਦੇ ਅੰਦਰ 500 ਮੀਟਰ ਦੇ ਘੇਰੇ ਵਿੱਚ ਜਾਣ ਵਾਲੀਆਂ ਨਿਰਧਾਰਤ ਸੜਕਾਂ 'ਤੇ ਮਾਸਾਹਾਰੀ ਭੋਜਨ ਦੀ ਵਿਕਰੀ, ਸਟੋਰੇਜ, ਵੰਡ ਅਤੇ ਤਿਆਰੀ 'ਤੇ ਪਾਬੰਦੀਆਂ ਦੇ ਵਿਰੁੱਧ ਹਾਈ ਕੋਰਟ ਦਾ ਰੁਖ ਕੀਤਾ ਸੀ।

## ਛੇ ਸਵਾਰਾਂ ਵਾਲਾ ਹੈਲੀਕਾਪਟਰ ਡਿੱਗਾ

**ਦੇਹਰਾਦੂਨ** : ਸ਼ੁੱਕਰਵਾਰ ਮੀਂਹ ਦੌਰਾਨ ਹੈਲੀਕਾਪਟਰ ਬਦਰੀਨਾਥ ਤੋਂ ਦੇਹਰਾਦੂਨ ਜਾਂਦਿਆਂ ਉਡਾਣ ਭਰਨ ਦੇ ਕਰੀਬ ਇੱਕ ਘੰਟੇ ਬਾਅਦ ਚਮੋਲੀ ਜ਼ਿਲ੍ਹੇ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਿਆ। ਹੈਲੀਕਾਪਟਰ ਵਿੱਚ ਸਵਾਰ ਛੇ ਲੋਕਾਂ ਦੀ ਪਛਾਣ ਕੈਪਟਨ ਹਿਮਾਂਸ਼ੂ ਅਤੇ ਬੇਂਗਲੁਰੂ ਦੇ ਪੰਜ ਪੁਰਸ਼ ਯਾਤਰੀਆਂ ਪ੍ਰਤਾਪ, ਅਰੁਣ, ਸ਼ੰਕਰ ਗੌੜਾ, ਸੁਧੀਰ ਕੇ ਅਤੇ ਐੱਚ ਐੱਸ ਨਟਰਾਜ ਵਜੋਂ ਹੋਈ ਹੈ। 'ਟਰਾਂਸ ਭਾਰਤ ਏਵੀਏਸ਼ਨ ਪ੍ਰਾਈਵੇਟ ਲਿਮਟਿਡ' ਦਾ ਹੈਲੀਕਾਪਟਰ ਦੁਪਹਿਰ ਕਰੀਬ 2:20 ਵਜੇ ਮਾਰਵਾੜੀ ਪੁਲ ਕੋਲ ਜੇ ਪੀ ਪਾਵਰ ਹਾਊਸ ਦੇ ਨਜ਼ਦੀਕ ਚਾਈ ਪਿੰਡ ਦੀ ਪਹਾੜੀ ਨਾਲ ਟਕਰਾ ਗਿਆ। ਜੋਸ਼ੀਮੱਠ ਘਾਟੀ ਦੇ ਉੱਪਰ ਉਡਾਣ ਦੌਰਾਨ ਹੈਲੀਕਾਪਟਰ ਦਾ ਸੰਪਰਕ ਟੁੱਟ ਗਿਆ ਸੀ।

## ਪਿਤਾ-ਪੁੱਤਰ 23ਵੀਂ ਮੰਜ਼ਲ ਤੋਂ ਡਿੱਗੇ

**ਨਵੀਂ ਦਿੱਲੀ** : ਸ਼ੁੱਕਰਵਾਰ ਸਵੇਰੇ ਨੋਇਡਾ 'ਚ ਆਪਣੇ 23ਵੀਂ ਮੰਜ਼ਲ ਦੇ ਫਲੈਟ ਦੀ ਬਾਲਕੋਨੀ ਤੋਂ ਡਿੱਗਣ ਨਾਲ ਪਿਤਾ-ਪੁੱਤਰ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ 40 ਸਾਲਾ ਰਣਦੀਪ ਪਾਤਰਾ ਅਤੇ ਉਸ ਦਾ 11 ਸਾਲਾ ਪੁੱਤਰ ਆਰਵ ਕਥਿਤ ਤੌਰ 'ਤੇ ਪ੍ਰਾਰਥਨਾ ਲਈ ਫੁੱਲ ਤੋੜਦੇ ਸਮੇਂ ਪੌੜੀ ਤੋਂ ਫਿਸਲ ਗਏ।

## 'ਆਪ' ਉਮੀਦਵਾਰਾਂ ਦੀ ਪਹਿਲੀ ਸੂਚੀ ਅੱਜ

**ਨਵੀਂ ਦਿੱਲੀ (ਨ ਜ਼ ਸ)**

ਆਮ ਆਦਮੀ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਸ਼ਨਿੱਚਰਵਾਰ ਜਾਰੀ ਕਰੇਗੀ। ਇਸ ਦਾ ਐਲਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਇੱਥੇ ਪਾਰਟੀ ਦੀ ਹਾਈਕਮਾਨ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਬਾਅਦ ਕੀਤਾ। ਮਾਨ ਨੇ ਕਿਹਾ, "ਅੱਜ ਉਮੀਦਵਾਰਾਂ ਅਤੇ ਪੰਜਾਬ ਦੇ ਮੁੱਖ ਮੁੱਦਿਆਂ 'ਤੇ ਚਰਚਾ ਕਰਨ ਲਈ ਇੱਕ ਮੀਟਿੰਗ ਹੋਈ। ਭਲਕੇ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਦੀ ਇੱਕ ਹੋਰ ਮੀਟਿੰਗ ਹੋਵੇਗੀ, ਜਿਸ ਵਿੱਚ ਉਮੀਦਵਾਰਾਂ ਦੇ ਨਾਂਅ ਅੰਤਿਮ ਰੂਪ ਵਿੱਚ ਤੈਅ ਕਰਕੇ ਐਲਾਨੇ ਜਾਣਗੇ।" ਪੰਜਾਬ 'ਆਪ' ਦੇ ਪ੍ਰਧਾਨ ਅਮਨ ਅਰੋੜਾ ਅਤੇ ਸਿਆਸੀ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਤੇ ਵਿੱਤ ਮੰਤਰੀ ਹਰਪਾਲ ਚੀਮਾ ਵੀਡੀਓ ਕਾਨਫਰੰਸਿੰਗ ਜ਼ਰੀਏ ਮੀਟਿੰਗ ਵਿੱਚ ਸ਼ਾਮਲ ਹੋਏ। ਪਾਰਟੀ ਦੇ ਸੂਤਰਾਂ ਮੁਤਾਬਕ ਹਾਈਕਮਾਂਡ ਨੇ ਲੱਗਭੱਗ 15 ਨਾਵਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਸ਼ੁਰੂਆਤੀ ਵਿਚਾਰ-ਵਟਾਂਦਰਾ ਉਨ੍ਹਾਂ ਉਮੀਦਵਾਰਾਂ 'ਤੇ ਕੇਂਦਰਤ ਸੀ, ਜੋ ਦੋ ਵਾਰ ਵਿਧਾਨ ਸਭਾ ਚੋਣਾਂ ਜਿੱਤ ਚੁੱਕੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਲਗਾਤਾਰ ਤੀਜੀ ਵਾਰ ਵੀ ਵਿਚਾਰੇ ਜਾਣ ਦੀ ਉਮੀਦ ਹੈ। ਪਾਰਟੀ ਦੇ ਇਸ ਵੇਲੇ 117 ਮੈਂਬਰੀ ਪੰਜਾਬ ਵਿਧਾਨ ਸਭਾ ਵਿੱਚ 94 ਵਿਧਾਇਕ ਹਨ।

## 'ਚਿੱਟਾ ਪੀਂਦੇ' ਏ ਐੱਸ ਆਈ ਨੂੰ ਲੈ ਕੇ ਹੰਗਾਮਾ

**ਮਾਨਸਾ** : ਬੁਢਲਾਡਾ ਦੇ ਆਈ ਟੀ ਆਈ ਚੌਕ 'ਚ ਤਣਾਅ ਪੈਦਾ ਹੋ ਗਿਆ ਜਦੋਂ ਲੋਕਾਂ ਨੇ ਕਥਿਤ ਤੌਰ 'ਤੇ ਵਰਦੀ ਪਹਿਨੇ ਇੱਕ ਏ ਐੱਸ ਆਈ ਨੂੰ ਸ਼ਰੇਆਮ ਚਿੱਟਾ ਖਾਂਦਿਆਂ ਕਾਬੂ ਕਰ ਲਿਆ। ਲੋਕਾਂ ਨੇ ਸੜਕ ਜਾਮ ਕਰਕੇ ਪੁਲਸ ਮੁਲਾਜ਼ਮ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ। ਪ੍ਰਦਰਸ਼ਨਕਾਰੀਆਂ ਨੇ ਨੇੜਲੇ ਇੱਕ ਆਟੋਮੋਬਾਈਲ ਸ਼ੋਅਰੂਮ ਦੇ ਗੇਟ ਦਾ ਸ਼ੀਸ਼ਾ ਵੀ ਭੰਨ ਦਿੱਤਾ, ਜਿੱਥੇ ਕੁਝ ਪੁਲਸ ਮੁਲਾਜ਼ਮ ਏ ਐੱਸ ਆਈ ਨੂੰ ਇਕੱਠ ਤੋਂ ਬਚਾਉਣ ਲਈ ਲੈ ਗਏ ਸਨ।

ਬੁਢਲਾਡਾ ਸਿਟੀ ਥਾਣੇ ਦੇ ਐੱਸ ਐੱਚ ਓ ਜਸਪ੍ਰੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਨੂੰ ਏ ਐੱਸ ਆਈ ਦੀ ਪਛਾਣ ਕਰ ਲੈਣ ਦੇਣ। ਧਰਨੇ ਵਿੱਚ ਕਈ ਔਰਤਾਂ ਵੀ ਸ਼ਾਮਲ ਹੋਈਆਂ, ਜਿਨ੍ਹਾਂ ਨੇ ਦੋਸ਼ ਲਾਇਆ ਕਿ ਇਲਾਕੇ ਦੀਆਂ ਕੁਝ ਔਰਤਾਂ ਨਸ਼ਾ ਤਸਕਰੀ ਵਿੱਚ ਸ਼ਾਮਲ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਏ ਐੱਸ ਆਈ ਨੂੰ ਚਿੱਟਾ ਪੀਂਦੇ ਹੋਏ ਦੇਖਿਆ ਹੈ। ਮੌਕੇ 'ਤੇ ਕੁਝ ਨਿਹੰਗ ਸਿੰਘ ਵੀ ਪਹੁੰਚ ਗਏ। ਇਹ ਘਟਨਾ ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਅਤੇ ਛੋਟੇ ਕਿਸਾਨ ਦਲਜੀਤ ਸਿੰਘ ਦੀ ਭੇਦਭਰੀ ਮੌਤ ਨੂੰ ਲੈ ਕੇ ਚੱਲ ਰਹੇ ਧਰਨਿਆਂ ਦਰਮਿਆਨ ਵਾਪਰੀ ਹੈ।

## ਭੂਟਾਨ 'ਚ ਝੀਲ ਫਟਣ ਨਾਲ ਭਾਰਤ ਨੂੰ ਖਤਰਾ

**ਥਿੰਪੂ** : ਵੀਰਵਾਰ ਦੇਰ ਰਾਤ ਭੂਟਾਨ ਵਿੱਚ ਸ਼ਿਤਾਫੂ ਗਲੇਸ਼ੀਅਰ ਝੀਲ ਫਟ ਗਈ, ਜਿਸ ਕਾਰਨ ਭਾਰੀ ਤਬਾਹੀ ਹੋਈ। ਮਸ਼ਹੂਰ ਗਾਸਾ ਤਸਾਚੂ ਗਰਮ ਪਾਣੀ ਦਾ ਝਰਨਾ ਪਾਣੀ ਦੇ ਵਹਾਅ ਵਿੱਚ ਪੂਰੀ ਤਰ੍ਹਾਂ ਵਹਿ ਗਿਆ। ਪੁਨਾਖਾ-ਗਾਸਾ ਹਾਈਵੇਅ ਦਾ ਇੱਕ ਹਿੱਸਾ ਵੀ ਨੁਕਸਾਨਿਆ ਗਿਆ, ਜਿਸ ਕਾਰਨ ਆਵਾਜਾਈ ਨੂੰ ਰੋਕਣਾ ਪਿਆ। ਝੀਲ ਤੋਂ ਛੱਡੇ ਗਏ ਪਾਣੀ ਕਾਰਨ ਸੰਕੋਸ਼ ਨਦੀ ਦਾ ਪੱਧਰ ਵਧ ਗਿਆ ਹੈ। ਇਹ ਨਦੀ ਭੂਟਾਨ ਤੋਂ ਨਿਕਲਦੀ ਹੈ, ਅਸਾਮ ਅਤੇ ਪੱਛਮੀ ਬੰਗਾਲ ਦੇ ਸਰਹੱਦੀ ਖੇਤਰਾਂ ਵਿੱਚੋਂ ਲੰਘਦੀ ਹੈ, ਅਤੇ ਫਿਰ ਬ੍ਰਹਮਪੁੱਤਰ ਵਿੱਚ ਮਿਲ ਜਾਂਦੀ ਹੈ। ਦੋਵਾਂ ਰਾਜਾਂ ਵਿੱਚ ਅਲਰਟ ਜਾਰੀ ਕੀਤਾ ਗਿਆ ਹੈ। ਪੱਛਮੀ ਬੰਗਾਲ ਦੇ ਅਲੀਪੁਰਦੁਆਰ ਵਿੱਚ, ਅਧਿਕਾਰੀਆਂ ਨੇ 10,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ ਅਤੇ ਰਾਹਤ ਕੈਂਪਾਂ ਵਿੱਚ ਪਹੁੰਚਾਇਆ ਹੈ।

## ਲੁਧਿਆਣਾ 'ਚ ਪਟਾਕਿਆਂ ਨੂੰ ਅੱਗ, ਨੌਜਵਾਨ ਦੀ ਮੌਤ

**ਲੁਧਿਆਣਾ** : ਫੀਲਡਗੰਜ ਵਿਖੇ ਸ਼ੁੱਕਰਵਾਰ ਇਮਾਰਤ ਦੀ ਸਭ ਤੋਂ ਉਪਰਲੀ ਮੰਜ਼ਲ 'ਤੇ ਰੱਖੇ ਪਟਾਕਿਆਂ ਨੂੰ ਅਚਾਨਕ ਅੱਗ ਲੱਗਣ ਕਾਰਨ 27 ਸਾਲਾ ਨੌਜਵਾਨ ਦੀ ਮੌਤ ਹੋ ਗਈ। ਅੱਗ ਲੱਗਣ ਤੋਂ ਬਾਅਦ ਪਟਾਕੇ ਚੱਲਣ ਦੀਆਂ ਜ਼ੋਰਦਾਰ ਆਵਾਜ਼ਾਂ ਆਉਣ ਲੱਗੀਆਂ ਅਤੇ ਦੇਖਦੇ ਹੀ ਦੇਖਦੇ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ। ਇਮਾਰਤ 'ਆਪ' ਆਗੂ ਗੋਲਡੀ ਸਭਰਵਾਲ ਦੀ ਹੈ। ਇਮਾਰਤ ਦੇ ਹੇਠਲੇ ਹਿੱਸੇ ਵਿੱਚ ਕੱਪੜਿਆਂ ਦੀ ਦੁਕਾਨ ਹੈ,ਜਦਕਿ ਸਭ ਤੋਂ ਉਪਰਲੀ ਮੰਜ਼ਲ 'ਤੇ ਕਿਚਨ ਅਤੇ ਕਮਰੇ ਦੇ ਨਾਲ ਪਟਾਕੇ ਰੱਖੇ ਹੋਏ ਸਨ। ਧਮਾਕੇ ਨਾਲ ਇੱਕ ਕੰਧ ਡਿੱਗ ਗਈ, ਜਿਸ ਹੇਠ ਆ ਕੇ ਨੌਜਵਾਨ ਸਾਹਿਲ ਸਭਰਵਾਲ (27) ਦੀ ਮੌਤ ਹੋ ਗਈ। ਉਹ ਗੋਲਡੀ ਦੇ ਚਾਚੇ ਦਾ ਮੁੰਡਾ ਸੀ। ਲੋਕਾਂ ਦਾ ਕਹਿਣਾ ਹੈ ਕਿ ਪਟਾਕੇ ਸਟਾਕ ਕੀਤੇ ਹੋਏ ਸਨ ਜਦਕਿ 'ਆਪ' ਆਗੂ ਦਾ ਕਹਿਣਾ ਸੀ ਕਿ ਇਹ ਪਿਛਲੇ ਸਾਲ ਦੇ ਪਏ ਹੋਏ ਪਟਾਕੇ ਸਨ।

## ਪੰਜ ਨੂੰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ

**ਮਾਨਸਾ (ਆਤਮਾ ਸਿੰਘ ਪਮਾਰ)**

ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ ਦਿਵਾਉਣ, ਨਸ਼ਿਆਂ ਦੇ ਵਧ ਰਹੇ ਰੁਝਾਨ ਨੂੰ ਠੱਲ੍ਹ ਪਾਉਣ ਤੇ ਹੋਰਨਾਂ ਮੰਗਾਂ ਦੀ ਪੂਰਤੀ ਲਈ ਪੰਜ ਨਵੰਬਰ ਨੂੰ ਸੰਗਰੂਰ ਵਿੱਚ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਦਾ ਐਲਾਨ ਕੀਤਾ ਗਿਆ ਹੈ। ਇਹ ਫੈਸਲਾ ਸ਼ੁੱਕਰਵਾਰ ਐਕਸ਼ਨ ਕਮੇਟੀ ਵੱਲੋਂ ਸੱਦੀ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਵਿੱਚ ਸੌ ਤੋਂ ਵੱਧ ਕਿਸਾਨ, ਮਜ਼ਦੂਰ, ਵਿਦਿਆਰਥੀ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਮੀਟਿੰਗ ਨੂੰ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਵੀ ਸੰਬੋਧਨ ਕੀਤਾ।

ਝੋਟਾ ਨੂੰ ਇਨਸਾਫ ਦਿਵਾਉਣ ਲਈ ਚੱਲ ਰਹੇ ਮੋਰਚੇ ਵਿੱਚ ਸ਼ੁੱਕਰਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਪਹੁੰਚ ਕੇ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਉਠਾਈ। ਉਨ੍ਹਾ ਸਮੁੱਚੇ ਘਟਨਾਕ੍ਰਮ ਨੂੰ ਬੇਹੱਦ ਨਿੰਦਣਯੋਗ ਕਰਾਰ ਦਿੰਦਿਆਂ ਕਿਹਾ ਕਿ ਪੁਲਸ ਵੱਲੋਂ ਕੀਤੀ ਗਈ ਧੱਕੇਸ਼ਾਹੀ ਕਿਸੇ • ਬਾਕੀ ਸਫਾ 2 'ਤੇ

## ਪਾਰਟੀ ਸਕੂਲ ਦਾ ਬੰਤ ਬਰਾੜ ਵੱਲੋਂ ਉਦਘਾਟਨ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕੇਂਦਰੀ ਸਕੂਲ 30 ਅਕਤੂਬਰ ਤੋਂ 3 ਨਵੰਬਰ ਤੱਕ ਪਾਰਟੀ ਦਫਤਰ ਚੰਡੀਗੜ੍ਹ ਵਿਖੇ ਲਾਇਆ ਜਾ ਰਿਹਾ ਹੈ।ਇਹ ਸਕੂਲ ਭਾਰਤੀ ਖੇਤ ਮਜ਼ਦੂਰ ਯੂਨੀਅਨ ਅਤੇ ਸੈਂਟਰ ਫਾਰ ਦਲਿਤ ਰਾਈਟ ਮੂਵਮੈਂਟ ਕਾਡਰ ਵਾਸਤੇ ਹੈ।ਕਾਡਰ ਨੂੰ ਪਾਰਟੀ ਦੇ ਵੱਡੇ ਵਿਦਵਾਨ ਪੜ੍ਹਾਉਣਗੇ।ਇਨ੍ਹਾ ਵਿਚ ਕਾਮਰੇਡ ਅਨਿਲ ਰਾਜਿਮਵਾਲਾ, ਕ੍ਰਿਸ਼ਨਾ ਝਾਅ, ਡਾ. ਜੁਗਲ ਰਾਇਲੂ, ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਵੀ ਐਸ ਨਿਰਮਲ, ਬੀ ਕੇ ਕਾਂਗੋ ਆਦਿ ਸ਼ਾਮਲ ਹਨ।ਸਕੂਲ ਵਿਚ ਵੱਖ-ਵੱਖ ਰਾਜਾਂ ਤੋਂ ਕਾਰਕੁੰਨ ਸ਼ਾਮਲ ਹੋਣਗੇ।ਇਨ੍ਹਾਂ ਵਿਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਕੇਰਲਾ, ਤਾਮਿਲਨਾਡੂ ਆਦਿ ਸ਼ਾਮਲ ਹਨ।ਸ਼ੁੱਕਰਵਾਰ ਸਕੂਲ ਦਾ ਉਦਘਾਟਨ ਸੀ ਪੀ ਆਈ ਦੇ ਕੌਮੀ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਕੀਤਾ।ਉਨ੍ਹਾਂ ਨੇ ਉਦਘਾਟਨੀ ਭਾਸ਼ਣ ਵਿੱਚ ਜਿੱਥੇ ਸਕੂਲ ਦੀ ਮਹੱਤਤਾ ਬਾਰੇ ਦੱਸਿਆ, ਉੱਥੇ ਭਾਰਤੀ • ਬਾਕੀ ਸਫਾ 2 'ਤੇ

## ਦੀਵਾਲੀ ਵਿਸ਼ੇਸ਼ ਸਪਲੀਮੈਂਟ

ਰੀਨਾ ਸ਼ਰਮਾ
ਲੋਹੀਆਂ ਖਾਸ
79861-27371

ਮਲਵਿੰਦਰ ਸਿੰਘ
ਬਟਾਲਾ
98550-20576

ਦਿਨੇਸ਼ ਕੁਮਾਰ
ਗੁਰਦਾਸਪੁਰ
94655-83861

ਸੰਜੀਵ ਅਰੋੜਾ
ਜਗਰਾਓਂ
98145-56990

ਰਾਜੀਵ ਗੋਇਲ
ਭਗਤਾ ਭਾਈਕਾ
92179-00426

ਗੁਰਬਚਨ ਸਿੰਘ ਸੋਨੂੰ
ਫਿਰੋਜ਼ਪੁਰ
76968-11113

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। *-ਜਨਰਲ ਮੈਨੇਜਰ*

## ਅੱਜ-ਨਾਮਾ

ਲੱਗ ਪਏ ਚੋਣ ਸਰਵੇਖਣ ਆ ਹੋਣ ਜਿੱਦਾਂ,
ਧੜਕਣ ਕਈਆਂ ਦੀ ਸੁਣੀ ਵਧਾਈ ਬੇਲੀ।
ਨਾਰਾਜ਼ ਜਿੱਥੇ ਵੀ ਵੋਟਰ ਕੁਝ ਸੁਣੀਂਦੇ ਨੇ,
ਹੋਊ ਤਾਂ ਲੀਡਰ ਦੀ ਨੀਂਦ ਉਡਾਈ ਬੇਲੀ।
ਵਿਖਾਵਾ ਕਰਨ ਨੂੰ ਆਖਦਾ ਹੋਊ ਇਹੀਉ,
ਬਾਤ ਏਦਾਂ ਦੀ ਨਜ਼ਰ ਨਹੀਂ ਆਈ ਬੇਲੀ।
ਕਿੱਥੇ ਸਰਵੇਖਣ, ਰਿਪੋਰਟ ਵਿਰੋਧੀਆਂ ਨੇ,
ਪੈਸਾ ਈ ਖਰਚ ਕੇ ਹੋਣੀ ਬਣਵਾਈ ਬੇਲੀ।
ਜੀਹਦੇ ਬਾਰੇ ਕੁਝ ਚੰਗਾ ਸੰਕੇਤ ਮਿਲਿਆ,
ਫਿਰਦਾ ਟੌਹਰ ਨਾਲ ਹੋਣਾ ਹੈ ਅੱਜ ਬੇਲੀ।
ਨਤੀਜਾ ਪਤਾ ਨਹੀਂ ਅੰਤ ਤਾਂ ਹੋਊਗਾ ਕੀ,
ਓਦੋਂ ਤੱਕ ਖੁਸ਼ੀ ਦਾ ਲੱਭਿਆ ਪੱਜ ਬੇਲੀ।

-ਤੀਸ ਮਾਰ ਖਾਂ

## 'ਗਰੀਬ ਪਾਰਟੀ' ਨੇ ਜੰਮਦਿਆਂ ਕਮਾਏ 170 ਕਰੋੜ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਵਿਜੇ ਕੁਮਾਰ ਸੋਨੀ ਨੇ 2024 ਦੀਆਂ ਲੋਕ ਸਭਾ ਚੋਣਾਂ ਰਾਜਸਥਾਨ ਦੇ ਭੀਲਵਾੜਾ ਤੋਂ ਲੜੀਆਂ ਸਨ ਅਤੇ ਉਸ ਨੂੰ 1,347 ਵੋਟਾਂ ਮਿਲੀਆਂ ਸਨ, ਜੋ ਕਿ ਹਲਕੇ ਵਿੱਚ ਪਈਆਂ ਕੁੱਲ ਵੋਟਾਂ ਦਾ ਲਗਪਗ 0.10 ਪ੍ਰਤੀਸ਼ਤ ਸੀ। ਸੋਨੀ 10 ਉਮੀਦਵਾਰਾਂ ਅਤੇ ਨੋਟਾ ਬਟਨ ਵਿੱਚ ਆਖਰੀ ਸਥਾਨ 'ਤੇ ਰਿਹਾ, ਪਰ ਉਸ ਦੀ 'ਭਾਰਤੀ ਗਰੀਬ ਵਿਕਾਸ ਕਲਿਆਣ ਪਾਰਟੀ' ਦੇਸ਼ ਦੀਆਂ ਪੰਜ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਰਜਿਸਟਰਡ ਗੈਰ-ਮਾਨਤਾਪ੍ਰਾਪਤ ਸਿਆਸੀ ਪਾਰਟੀਆਂ ਵਿੱਚੋਂ ਇੱਕ ਹੈ, ਜਿਸ ਨੇ ਤਾਮਿਲਨਾਡੂ ਵਿੱਚ ਸਰਕਾਰ ਚਲਾ ਰਹੀ ਤਮਿਲਗਾ ਵੇਟਰੀ ਕੜਗਮ (ਟੀ ਵੀ ਕੇ) ਅਤੇ ਪ੍ਰਸ਼ਾਂਤ ਕਿਸ਼ੋਰ ਦੀ ਜਨਸੁਰਾਜ ਪਾਰਟੀ ਨੂੰ ਪਛਾੜ ਦਿੱਤਾ ਹੈ। ਭਾਰਤੀ ਗਰੀਬ ਵਿਕਾਸ ਕਲਿਆਣ ਪਾਰਟੀ ਨੂੰ ਜਨਵਰੀ 2024 ਵਿੱਚ ਚੋਣ ਕਮਿਸ਼ਨ ਕੋਲ ਰਜਿਸਟਰ ਕੀਤਾ ਗਿਆ ਸੀ, ਲੋਕ ਸਭਾ ਚੋਣਾਂ ਤੋਂ ਸਿਰਫ ਚਾਰ ਮਹੀਨੇ ਪਹਿਲਾਂ। ਪਾਰਟੀ ਨੂੰ 2024-25 ਵਿੱਤੀ ਸਾਲ ਲਈ 170.0445 ਕਰੋੜ ਰੁਪਏ ਦਾਨ ਵਜੋਂ ਪ੍ਰਾਪਤ ਹੋਏ।

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਅਜਿਹੀਆਂ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵੱਲੋਂ ਜਮ੍ਹਾਂ ਕਰਵਾਏ ਗਏ ਵਿੱਤੀ ਬਿਆਨਾਂ ਦੇ ਕੀਤੇ ਗਏ ਨਵੀਨਤਮ ਵਿਸ਼ਲੇਸ਼ਣ ਨੇ ਰਾਜਸਥਾਨ ਸਥਿਤ ਭਾਰਤੀ ਗਰੀਬ ਵਿਕਾਸ ਕਲਿਆਣ ਪਾਰਟੀ ਨੂੰ ਤਿੰਨ ਹੋਰ ਅਜਿਹੀਆਂ ਪਾਰਟੀਆਂ ਤੋਂ ਪਿੱਛੇ ਰੱਖਿਆ ਹੈ, ਜਿਹੜੀਆਂ ਕਿ ਸਾਰੀਆਂ ਗੁਆਂਢੀ ਗੁਜਰਾਤ ਤੋਂ ਹਨ। ਦੇਸ਼ ਵਿੱਚ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵੱਲੋਂ ਐਲਾਨੀ ਗਈ ਕੁੱਲ ਆਮਦਨ ਦਾ 67.82 ਪ੍ਰਤੀਸ਼ਤ ਨਿਊ ਇੰਡੀਆ ਯੂਨਾਈਟਿਡ ਪਾਰਟੀ, ਭਾਰਤੀ ਰਾਸ਼ਟਰੀ ਜਨਤਾ ਦਲ ਅਤੇ ਭਾਰਤੀ ਗਰੀਬ ਵਿਕਾਸ ਕਲਿਆਣ ਪਾਰਟੀ ਦਾ ਹੈ। ਇੱਕ ਹੋਰ ਸਿਆਸੀ ਸੰਗਠਨ 'ਸਵਤੰਤਰ ਅਭਿਵਿਅਕਤੀ ਪਾਰਟੀ', ਜੋ ਮਾਰਚ • ਬਾਕੀ ਸਫਾ 2 'ਤੇ

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਰੀਜ਼ਾਂ ਨੂੰ ਦਿੱਤੀ ਵਿੱਤੀ ਸਹਾਇਤਾ

**ਸ੍ਰੀ ਮੁਕਤਸਰ ਸਾਹਿਬ (ਸੁਮਿੰਦਰ ਪਾਲ, ਪੂਜਾ)**-ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਹਨ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਟੀਮ ਨੇ 27 ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 30 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਦੀ ਰਹਿਨੁਮਾਈ ਹੇਠ ਦਿੱਤੀ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਮਰੀਜ਼ ਵੱਖ ਵੱਖ ਬੀਮਾਰੀਆ ਤੋਂ ਪੀੜ੍ਹਤ ਹਨ, ਲੰਮੇ ਸਮੇਂ ਤੋਂ ਕੰਮ ਕਰਨ ਤੋਂ ਅਸਮਰਥ ਹਨ, ਘਰੇਲੂ ਹਾਲਾਤ ਕਾਰਨ ਦਵਾਈਆਂ ਖਰੀਦਣ ਤੋਂ ਵੀ ਅਸਮਰਥ ਹਨ ਤਾਂ ਇਨ੍ਹਾਂ ਦੇ ਹਾਲਾਤਾਂ ਨੂੰ ਮੱਦੇਨਜ਼ਰ ਪਰਚੀ ਦੇ ਹਿਸਾਬ ਨਾਲ ਦਵਾਈਆਂ ਖਰੀਦਣ ਲਈ ਤੰਦਰੁਸਤ ਹੋਣ ਤੱਕ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ।ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ ਪ੍ਰਿੰਸੀਪਲ, ਅਸ਼ੋਕ ਕੁਮਾਰ,ਸੋਮ ਨਾਥ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਗੁਰਜੀਤ ਸਿੰਘ ਜੀਤਾ, ਮਾਸਟਰ ਰਾਜਿੰਦਰ ਸਿੰਘ ਆਦਿ ਹਾਜ਼ਰ ਸਨ।

## ਗੁਰੂ ਨਾਨਕ ਸਕੂਲ ਨੇ ਹਾਕੀ 'ਚ ਜ਼ਿਲ੍ਹਾ ਪੱਧਰ 'ਤੇ ਮਾਰੀਆਂ ਮੱਲਾਂ

**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੀਆਂ ਹਾਕੀ ਖਿਡਾਰਨਾਂ ਨੇ ਪਿੰਡ ਚਚਰਾੜੀ (ਜਗਰਾਓਂ) ਜ਼ਿਲ੍ਹਾ ਲੁਧਿਆਣਾ ਵਿਖੇ ਕਰਵਾਈਆਂ ਗਈਆਂ 46ਵੀਆਂ ਪ੍ਰਾਇਮਰੀ ਸਕੂਲ ਜ਼ਿਲ੍ਹਾ ਖੇਡਾਂ 2026 ਵਿੱਚ ਚਾਂਦੀ ਤਮਗਾ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ।ਇਸ ਖੇਡ ਮੁਕਾਬਲੇ ਵਿੱਚ ਲੁਧਿਆਣੇ ਜਿਲ੍ਹੇ ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ। ਜਿਸ ਵਿੱਚ ਗੁਰੂ ਨਾਨਕ ਸਕੂਲ, ਦੋਰਾਹਾ ਦੀ ਹਾਕੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਡਾਇਰੈਕਟਰ ਰੁਪਿੰਦਰ ਕੌਰ ਬਰਾੜ ਨੇ ਜੇਤੂ ਖਿਡਾਰਨਾਂ ਅਤੇ ਉਨ੍ਹਾਂ ਦੇ ਕੋਚ ਤਲਵਿੰਦਰ ਸਿੰਘ ਨੂੰ ਇਸ ਸ਼ਾਨਦਾਰ ਪ੍ਰਾਪਤੀ ਉੱਤੇ ਵਧਾਈ ਦਿੱਤੀ।ਸਕੂਲ ਪ੍ਰਿੰਸੀਪਲ ਡਾ.ਡੀ.ਪੀ ਠਾਕੁਰ ਨੇ ਜੇਤੂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹਨਾਂ ਬੱਚਿਆਂ ਦੀ ਮਿਹਨਤ ਸਦਕਾ ਹੀ ਅੱਜ ਪੂਰੇ ਜ਼ਿਲ੍ਹੇ ਭਰ ਵਿੱਚ ਸਕੂਲ ਦੀ ਹਾਕੀ ਟੀਮ ਨੇ ਚਾਂਦੀ ਤਮਗਾ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ।

## 'ਸਿੱਖਿਆ ਤੇ ਜੀਵਨ ਕੌਸ਼ਲ' ਵਿਸ਼ੇ 'ਤੇ ਇੱਕ ਹਫ਼ਤੇ ਦੀ ਰਾਸ਼ਟਰੀ ਵਰਕਸ਼ਾਪ ਦਾ ਉਦਘਾਟਨ

**ਸਰਦੂਲਗੜ੍ਹ/ਪਟਿਆਲਾ (ਅਵਤਾਰ ਸਿੰਘ)**-ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਸਕੂਲ ਆਫ਼ ਐਜੂਕੇਸ਼ਨ ਐਂਡ ਵੋਕੇਸ਼ਨ ਵੱਲੋਂ ਸੈਂਟਰ ਫ਼ਾਰ ਕੁਆਲਿਟੀ ਇੰਸ਼ੋਰੈਂਸ ਦੇ ਸਹਿਯੋਗ ਨਾਲ ਵਾਈਸ-ਚਾਂਸਲਰ ਪ੍ਰੋ. ਰਤਨ ਸਿੰਘ ਦੀ ਯੋਗ ਅਗਵਾਈ ਹੇਠ ਯੂਨੀਵਰਸਿਟੀ ਕੈਂਪਸ ਵਿਖੇ 'ਸਿੱਖਿਆ ਤੇ ਜੀਵਨ ਕੌਸ਼ਲ' 'ਤੇ ਇੱਕ ਹਫ਼ਤੇ ਦੀ ਵਰਕਸ਼ਾਪ ਦਾ ਉਦਘਾਟਨ ਕੀਤਾ ਗਿਆ।ਕਾਰਵਾਈ ਦੀ ਸ਼ੁਰੂਆਤ ਵਿੱਚ ਪ੍ਰੋ. ਬਲਜੀਤ ਸਿੰਘ ਖਹਿਰਾ ਨੇ ਮੁੱਖ ਬੁਲਾਰੇ ਪ੍ਰੋ. ਕੁਮਾਰ ਸੁਸ਼ੀਲ ਦਾ ਨਿੱਘਾ ਸਵਾਗਤ ਕੀਤਾ।ਸਵਾਗਤੀ ਭਾਸ਼ਣ ਡਾ. ਵਿਨੋਦ ਕੁਮਾਰ ਤੇ ਡਾ. ਕੋ-ਕਨਵੀਨਰ ਸ੍ਰੀ ਜਸਵੀਰ ਸਿੰਘ ਨੇ ਵਰਕਸ਼ਾਪ ਦੇ ਵਿਸ਼ੇ ਅਤੇ ਪੂਰੇ ਹਫ਼ਤੇ ਦੀ ਰੂਪ-ਰੇਖਾ ਤੋਂ ਜਾਣੂ ਕਰਵਾਇਆ।ਉਨ੍ਹਾਂ ਕਿਹਾ ਕਿ ਇਹ ਉਪਰਾਲਾ ਵਾਈਸ-ਚਾਂਸਲਰ ਦੀ ਦੂਰਅੰਦੇਸ਼ੀ ਸੋਚ ਤੇ ਮਾਰਗਦਰਸ਼ਨ ਸਦਕਾ ਹੀ ਸੰਭਵ ਹੋ ਸਕਿਆ ਹੈ। ਇਸ ਤੋਂ ਬਾਅਦ ਡਾ. ਅਮਰਜੀਤ ਸਿੰਘ ਨੇ ਮੁੱਖ ਵਕਤਾ ਦੀ ਹਾਜ਼ਰੀਨ ਨਾਲ ਰਸਮੀ ਜਾਣ-ਪਛਾਣ ਕਰਵਾਈ।ਡਾ. ਕੰਵਲਬੀਰ ਸਿੰਘ ਢੀਂਡਸਾ ਨੇ ਵਰਕਸ਼ਾਪ ਦੇ ਵੱਖ-ਵੱਖ ਵਿਸ਼ਿਆਂ ਦੇ ਪ੍ਰਸੰਗ 'ਤੇ ਚਾਨਣਾ ਪਾਇਆ ਤੇ ਆਧੁਨਿਕ ਸਿੱਖਿਆ ਵਿੱਚ ਵਿਭਿੰਨ ਦ੍ਰਿਸ਼ਟੀਕੋਣਾਂ ਨੂੰ ਸ਼ਾਮਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਮੁੱਖ ਵਕਤਾ ਪ੍ਰੋ. ਕੁਮਾਰ ਸੁਸ਼ੀਲ ਨੇ 'ਸਿੱਖਿਆ, ਮਾਨਵਤਾ, ਦਰਸ਼ਨ (ਫਿਲਾਸਫੀ) ਅਤੇ ਸਾਹਿਤ ਦੇ ਆਪਸੀ ਸੰਬੰਧਾਂ 'ਤੇ ਇੱਕ ਪ੍ਰੇਰਣਾਦਾਇਕ ਭਾਸ਼ਣ ਦਿੱਤਾ।ਇਤਿਹਾਸਕ ਤਬਦੀਲੀਆਂ ਦਾ ਹਵਾਲਾ ਦਿੰਦਿਆਂ, ਉਨ੍ਹਾਂ ਨੇ ਸਾਹਿਤ ਤੇ ਫਿਲਾਸਫੀ ਰਾਹੀਂ ਵਰਤਮਾਨ ਸਿੱਖਿਆ ਵਿੱਚ ਇੱਕ ਰਚਨਾਤਮਕ ਪਹੁੰਚ ਅਪਣਾਉਣ 'ਤੇ ਜ਼ੋਰ ਦਿੱਤਾ। ਵਰਕਸ਼ਾਪ ਦੇ ਮੁੱਖ ਵਿਸ਼ੇ 'ਤੇ ਬੋਲਦਿਆਂ ਡਾ. ਨਵਲੀਨ ਮੁਲਤਾਨੀ (ਡੀਨ ਰਿਸਰਚ) ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਸਾਹਿਤ, ਸਭਿਆਚਾਰ ਅਤੇ ਫਿਲਾਸਫੀ ਦੀ ਪ੍ਰਸੰਗਿਕਤਾ ਹੋਰ ਵੀ ਵਧ ਗਈ ਹੈ ਤੇ ਇਹ ਆਧੁਨਿਕ ਸਿੱਖਿਆ ਨੂੰ ਸਹੀ ਦਿਸ਼ਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਲੈਕਚਰ ਤੋਂ ਬਾਅਦ ਇੱਕ ਵਿਚਾਰ-ਵਟਾਂਦਰਾ ਤੇ ਪ੍ਰਸ਼ਨ-ਉੱਤਰ ਸੈਸ਼ਨ ਕਰਾਇਆ ਗਿਆ, ਜਿਸ ਵਿੱਚ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗ ਲਿਆ।

## ਲੋਕ ਸੇਵਾ ਸੁਸਾਇਟੀ ਨੇ ਸਕਾਲਰਸ਼ਿਪ ਲਈ 25 ਹਜ਼ਾਰ ਦਿੱਤੇ

**ਜਗਰਾਓਂ (ਅਮਿਤ ਖੰਨਾ)**-ਜਗਰਾਉਂ ਦੀ ਲੋਕ ਸੇਵਾ ਸੁਸਾਇਟੀ ਵੱਲੋਂ ਖਾਲਸਾ ਸਕੂਲ ਦੇ ਹੋਣਹਾਰ ਅਰਥਿਕ ਪੱਖੋਂ ਕਮਜ਼ੋਰ ਵਿਦਿਆਰਥੀਆਂ ਦੀ ਸਾਲਾਨਾ ਫੀਸ ਤੇ ਸਕਾਲਰਸ਼ਿਪ ਸਕੂਲ ਪ੍ਰਬੰਧਕਾਂ ਨੂੰ ਦਿੱਤੀ ਗਈ। ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਦਨ ਲਾਲ ਅਰੋੜਾ, ਸੈਕਟਰੀ ਡਾ: ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਜ਼ਰੂਰਤਮੰਦ ਵਿਦਿਆਰਥੀਆਂ ਦੀ ਮਦਦ ਦੇ ਲਈ ਬਣਾਏ ਗਏ ਸਕਾਲਰਸ਼ਿਪ ਫੰਡ ਅਧੀਨ ਉਹਨਾਂ ਵਿਦਿਆਰਥੀਆਂ ਨੂੰ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ ਜੋ ਵਿਦਿਆਰਥੀ ਪੜ੍ਹਾਈ ਵਿੱਚ ਹੁਸ਼ਿਆਰ ਹਨ ਪਰ ਆਰਥਿਕ ਪੱਖੋਂ ਕਮਜ਼ੋਰ ਹੋਣ ਕਾਰਨ ਸਕੂਲ ਦੀ ਫੀਸ ਨਹੀਂ ਦੇ ਸਕਦੇ। ਇਸ ਮੌਕੇ ਸੋਸਾਇਟੀ ਵੱਲੋਂ ਸਕੂਲ ਦੇ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਪ੍ਰਧਾਨ ਐਡਵੋਕੇਟ ਸੰਤੋਖ ਸਿੰਘ ਦਿਓਲ ਨੂੰ 25000 ਦਾ ਚੈੱਕ ਭੇਟ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਕੰਵਲ ਕੱਕੜ ,ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਸਾਬਕਾ ਪ੍ਰਧਾਨ ਰਜਿੰਦਰ ਜੈਨ, ਕਾਕਾ ਅਨਿਲ ਮਲਹੋਤਰਾ, ਕਪਿਲ ਸ਼ਰਮਾ, ਬਿਕਰਮ ਬਾਂਸਲ, ਜਗਦੀਪ ਸਿੰਘ ਮੋਗੇ ਵਾਲੇ, ਪ੍ਰਵੀਨ ਮਿੱਤਲ, ਕੈਪਟਨ ਨਰੇਸ਼ ਵਰਮਾ, ਡਾਕਟਰ ਬੀ ਬੀ ਬਾਂਸਲ ਸਮੇਤ ਸਕੂਲ ਸਟਾਫ ਹਾਜ਼ਰ ਸੀ।

## ਸ਼ਿੰਦਰਪਾਲ ਕੌਰ ਆਂਡਲੂ ਬਲਾਕ ਕਾਂਗਰਸ ਕਮੇਟੀ ਦੀ ਪ੍ਰਧਾਨ ਨਿਯੁਕਤ

**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਕਾਂਗਰਸ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਅਤੇ ਮਹਿਲਾ ਵਰਕਰਾਂ ਦੀ ਭਾਗੀਦਾਰੀ ਵਧਾਉਣ ਦੇ ਮਕਸਦ ਨਾਲ ਪਾਰਟੀ ਵੱਲੋਂ ਜਥੇਬੰਦਕ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਨੇੜਲੇ ਪਿੰਡ ਆਂਡਲੂ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸਿੰਦਰਪਾਲ ਕੌਰ ਆਂਡਲੂ ਨੂੰ ਮਹਿਲਾ ਬਲਾਕ ਕਾਂਗਰਸ ਕਮੇਟੀ ਰਾਏਕੋਟ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਹ ਨਿਯੁਕਤੀ ਪੰਚਾਇਤੀ ਰਾਜ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਤੇ ਸਰਪੰਚ ਹਰਵਿੰਦਰ ਸਿੰਘ ਰਾਜਾ ਬਰਾੜ ਦੀ ਅਗਵਾਈ ਹੇਠ ਹੋਏ ਸਮਾਗਮ ਦੌਰਾਨ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਅਤੇ ਮਹਿਲਾ ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਕਿਰਨਦੀਪ ਕੌਰ ਗਰੇਵਾਲ ਵੱਲੋਂ ਕੀਤੀ ਗਈ। ਇਸ ਮੌਕੇ ਕਿਰਨਦੀਪ ਕੌਰ ਗਰੇਵਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਮਜ਼ਬੂਤੀ ਵਿੱਚ ਮਹਿਲਾ ਵਰਕਰਾਂ ਦਾ ਯੋਗਦਾਨ ਬੇਹੱਦ ਅਹਿਮ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਕਿਸੇ ਵੀ ਜਥੇਬੰਦੀ ਦੀ ਰੀੜ੍ਹ ਦੀ ਹੱਡੀ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾਂ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨਾ ਸੰਭਵ ਨਹੀਂ ਹੈ। ਇਸ ਮੌਕੇ ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ, ਮਾਸਟਰ ਹਰਨੇਕ ਸਿੰਘ, ਮਾਸਟਰ ਸੁਰਜੀਤ ਸਿੰਘ, ਰਣਜੀਤ ਸਿੰਘ ਬਿੱਲੂ, ਕੁਲਦੀਪ ਸਿੰਘ, ਦਰਸ਼ਨ ਸਿੰਘ ਤੂਰ, ਗੁਰਮੀਤ ਸਿੰਘ, ਮਲਕੀਤ ਸਿੰਘ ਫੌਜੀ, ਜਰਨੈਲ ਸਿੰਘ, ਛਿੰਦਰਪਾਲ ਕੌਰ, ਮਲਕੀਤ ਸਿੰਘ, ਗੁਲਜ਼ਾਰ ਸਿੰਘ, ਮੈਂਬਰ ਤੋਤਾ, ਲਛਮਣ ਸਿੰਘ, ਮੈਂਬਰ ਸੋਨੀ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

## ਮਾਝੀ 'ਚ ਜ਼ਮੀਨਦੋਜ਼ ਪਾਈਪਲਾਈਨ ਵਿਛਾਉਣ ਦਾ ਕੰਮ ਸ਼ੁਰੂ

**ਭਵਾਨੀਗੜ੍ਹ (ਰਾਜ ਖੁਰਮੀ)**-ਖੇਤੀਬਾੜੀ ਲਈ ਪਾਣੀ ਦੀ ਸੁਚੱਜੀ ਵਰਤੋਂ ਅਤੇ ਕਿਸਾਨਾਂ ਨੂੰ ਸਿੰਜਾਈ ਦੀਆਂ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਪਿੰਡ ਮਾਝੀ ਵਿਖੇ 53 ਲੱਖ 56 ਹਜ਼ਾਰ ਰੁਪਏ ਦੀ ਲਾਗਤ ਨਾਲ ਜ਼ਮੀਨਦੋਜ਼ ਪਾਈਪਲਾਈਨ ਵਿਛਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਹਲਕਾ ਵਿਧਾਇਕ ਬੀਬੀ ਨਰਿੰਦਰ ਕੌਰ ਭਰਾਜ ਨੇ ਇਸ ਪ੍ਰਾਜੈਕਟ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਖੇਤੀਬਾੜੀ ਨੂੰ ਸਹੂਲਤਮੰਦ ਬਣਾਉਣ ਅਤੇ ਪਾਣੀ ਵਰਗੇ ਕੀਮਤੀ ਕੁਦਰਤੀ ਸਰੋਤ ਦੀ ਸੰਭਾਲ ਲਈ ਸਿੰਜਾਈ ਪ੍ਰਬੰਧਾਂ ਨੂੰ ਮਜ਼ਬੂਤ ਕਰਨਾ ਸਮੇਂ ਦੀ ਅਹਿਮ ਲੋੜ ਹੈ।ਇਸ ਪ੍ਰਾਜੈਕਟ ਤਹਿਤ ਪਿੰਡ ਵਿੱਚ 4980 ਮੀਟਰ ਲੰਬੀ ਜ਼ਮੀਨਦੋਜ਼ ਪਾਈਪਲਾਈਨ ਵਿਛਾਈ ਜਾਵੇਗੀ, ਜਿਸ ਨਾਲ 362 ਏਕੜ ਖੇਤੀਬਾੜੀ ਵਾਲੇ ਰਕਬੇ ਨੂੰ ਸਿੰਜਾਈ ਦੀ ਸਹੂਲਤ ਮਿਲੇਗੀ। ਇਸ ਯੋਜਨਾ ਦਾ ਸਿੱਧਾ ਲਾਭ 56 ਕਿਸਾਨ ਪਰਿਵਾਰਾਂ ਨੂੰ ਮਿਲਣ ਦੀ ਉਮੀਦ ਹੈ। ਪਾਣੀ ਦੀ ਵੰਡ ਨੂੰ ਸੁਚਾਰੂ ਬਣਾਉਣ ਲਈ ਪਾਈਪਲਾਈਨ ਪ੍ਰਣਾਲੀ ਵਿੱਚ 39 ਨੱਕਿਆਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

## ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਸੈਮੀਨਾਰ ਦਾ ਆਯੋਜਨ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਫ਼ਤਿਹਪੁਰ ਵਿਖੇ ਸ਼ੁੱਕਰਵਾਰ ਨੂੰ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਇੱਕ ਵਿਸ਼ੇਸ਼ ਜਾਗਰੂਕਤਾ ਅਭਿਆਨ/ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਇਸ ਮੁਹਿੰਮ ਦੀ ਅਗਵਾਈ ਵਿਜੀਲੈਂਸ ਬਿਊਰੋ ਦੇ ਇੰਸਪੈਕਟਰ ਸੰਦੀਪ ਕੌਰ ਅਤੇ ਜਸ਼ਨਦੀਪ ਕੌਰ ਸਮੇਤ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਕੀਤੀ ਗਈ।ਸੈਮੀਨਾਰ ਦੌਰਾਨ ਵਿਜੀਲੈਂਸ ਅਧਿਕਾਰੀਆਂ ਨੇ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਭ੍ਰਿਸ਼ਟਾਚਾਰ ਵਰਗੀ ਸਮਾਜਿਕ ਬੁਰਾਈ ਦੇ ਖ਼ਿਲਾਫ਼ ਇੱਕਜੁੱਟ ਹੋਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਅਤੇ ਆਮ ਨਾਗਰਿਕਾਂ ਦੇ ਅਧਿਕਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।

ਸੈਮੀਨਾਰ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਦਮਨ ਸਿੰਘ ਵਿਰਕ, ਸਮੂਹ ਮੈਨੇਜਮੈਂਟ, ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਰਾਣੀ ਅਤੇ ਸਮੂਹ ਅਧਿਆਪਕ ਸਾਹਿਬਾਨ ਮੌਜੂਦ ਰਹੇ।

# ਪੁਰਖਿਆਂ ਦੇ ਘਰਾਂ ਨੂੰ ਮਿਲੀ ਮਾਲਕੀ ਦੀ ਦਸਤਾਵੇਜ਼ੀ ਪਛਾਣ : ਗੋਇਲ

**ਲਹਿਰਾਗਾਗਾ/ਸੰਗਰੂਰ (ਪ੍ਰਵੀਨ ਸਿੰਘ)**

ਜਿਨ੍ਹਾਂ ਘਰਾਂ ਵਿੱਚ ਪੀੜ੍ਹੀਆਂ ਨੇ ਜੀਵਨ ਬਿਤਾਇਆ ਹੋਵੇ, ਉਨ੍ਹਾਂ ਦੀ ਮਾਲਕੀ ਦਾ ਦਸਤਾਵੇਜ਼ ਹੱਥ ਵਿੱਚ ਆਉਣਾ ਪਰਿਵਾਰਾਂ ਲਈ ਸੁਰੱਖਿਆ, ਸਵੈਮਾਣ ਅਤੇ ਭਰੋਸੇ ਦਾ ਅਹਿਮ ਪਲ ਹੁੰਦਾ ਹੈ।

ਪੰਜਾਬ ਸਰਕਾਰ 'ਮੇਰਾ ਘਰ ਮੇਰੇ ਨਾਮ' ਸਕੀਮ ਰਾਹੀਂ ਲੋਕਾਂ ਦੇ ਆਪਣੇ ਘਰ ਨਾਲ ਜੁੜੇ ਇਸ ਭਰੋਸੇ ਨੂੰ ਦਸਤਾਵੇਜ਼ੀ ਆਧਾਰ ਦੇ ਰਹੀ ਹੈ।ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾ ਦੇ ਪਿੰਡ ਰਾਮਪੁਰਾ ਜਵਾਹਰਵਾਲਾ ਵਿਖੇ 198 ਲਾਭਪਾਤਰੀ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡਣ ਮੌਕੇ ਕੀਤਾ।ਰਾਮਪੁਰਾ ਜਵਾਹਰਵਾਲਾ ਦੇ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਸੌਂਪਣ ਤੋਂ ਪਹਿਲਾਂ ਪਿੰਡ ਕੋਟੜਾ ਲੇਹਲ ਦੇ 327 ਅਤੇ ਆਲਮਪੁਰ ਦੇ 88 ਯੋਗ ਪਰਿਵਾਰਾਂ ਨੂੰ ਵੀ ਮਾਲਕੀ ਹੱਕਾਂ ਦੇ ਦਸਤਾਵੇਜ਼ ਦਿੱਤੇ ਗਏ।ਇਸ ਤਰ੍ਹਾਂ ਇਨ੍ਹਾਂ ਤਿੰਨਾਂ ਪਿੰਡਾਂ ਦੇ 613 ਪਰਿਵਾਰਾਂ ਨੂੰ ਸਕੀਮ ਦਾ ਲਾਭ ਮਿਲਿਆ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੇਂਡੂ ਖੇਤਰਾਂ ਵਿੱਚ ਲੰਮੇ ਸਮੇਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕਾਂ ਦੇ ਦਸਤਾਵੇਜ਼ ਮੁਹੱਈਆ ਕਰਵਾਉਣ ਲਈ ਕੰਮ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਹ ਦਸਤਾਵੇਜ਼ ਜਾਇਦਾਦ ਨਾਲ ਸਬੰਧਤ ਵੱਖ-ਵੱਖ ਕੰਮਾਂ ਅਤੇ ਬੈਂਕਾਂ ਦੇ ਨਿਯਮਾਂ ਤੇ ਯੋਗਤਾ ਸ਼ਰਤਾਂ ਅਨੁਸਾਰ ਕਰਜ਼ੇ ਲਈ ਅਰਜ਼ੀ ਦੇਣ ਵਿੱਚ ਵੀ ਸਹਾਇਕ ਹੋ ਸਕਦੇ ਹਨ।ਲਾਭਪਾਤਰੀ ਪਰਿਵਾਰਾਂ ਨੂੰ ਵਧਾਈ ਦਿੰਦਿਆਂ ਗੋਇਲ ਨੇ ਅਪੀਲ ਕੀਤੀ ਕਿ ਉਹ ਆਪਣੇ ਪ੍ਰਾਪਰਟੀ ਕਾਰਡ ਸੰਭਾਲ ਕੇ ਰੱਖਣ। ਉਨ੍ਹਾਂ ਕਿਹਾ ਕਿ ਹਲਕਾ ਲਹਿਰਾ ਵਿੱਚ ਬੁਨਿਆਦੀ ਸਹੂਲਤਾਂ ਦੇ ਵਿਸਥਾਰ ਦੇ ਨਾਲ-ਨਾਲ ਲੋਕਾਂ ਦੇ ਹੱਕਾਂ ਦੀ ਪਛਾਣ ਅਤੇ ਸਰਕਾਰੀ ਸੇਵਾਵਾਂ ਤੱਕ ਉਨ੍ਹਾਂ ਦੀ ਸੁਖਾਲੀ ਪਹੁੰਚ ਯਕੀਨੀ ਬਣਾਉਣ ਲਈ ਉਪਰਾਲੇ ਜਾਰੀ ਰਹਿਣਗੇ।ਇਸ ਮੌਕੇ ਐਸ.ਡੀ.ਐਮ. ਸ਼੍ਰੀ ਰਾਕੇਸ਼ ਪ੍ਰਕਾਸ਼ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਆਪ ਆਗੂ, ਪਤਵੰਤੇ, ਪੰਚ, ਸਰਪੰਚ ਅਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

# ਵਿਦਿਆਰਥੀਆਂ ਦੀ ਮਾਨਸਿਕ ਸਿਹਤ ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆ ਵਿਰੁੱਧ ਤਹਿਤ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਲਈ ਜਾਗਰੂਕਤਾ ਤੇ ਸਮਰੱਥਾ ਨਿਰਮਾਣ ਪ੍ਰੋਗਰਾਮ ਤਹਿਤ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਵਿਭਾਗ , ਸਮਾਜਿਕ ਸੁਰੱਖਿਆ ਵਿਭਾਗ ਅਤੇ ਸਕੂਲ ਸਿੱਖਿਆ ਵਿਭਾਗ ਦੇ ਸਾਂਝੇ ਉਪਰਾਲੇ ਤਹਿਤ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਡਾਇਟ ਫ਼ਿਰੋਜ਼ਪੁਰ ਵਿਖੇ ਅਧਿਆਪਕਾਂ ਲਈ ਵਿਸ਼ੇਸ਼ ਸਿਖਲਾਈ ਸੈਮੀਨਾਰ ਆਯੋਜਤ ਕੀਤੇ ਜਾ ਰਹੇ ਹਨ।

ਇਨ੍ਹਾਂ ਸੈਮੀਨਾਰਾਂ ਦਾ ਮੁੱਖ ਉਦੇਸ਼ ਅਧਿਆਪਕਾਂ ਦੀ ਮਨੋਵਿਗਿਆਨਿਕ ਤੇ ਵਿਹਾਰਕ ਸਮਝ ਨੂੰ ਵਿਕਸਤ ਕਰਨਾ ਹੈ, ਤਾਂ ਜੁ ਉਹ ਵਿਦਿਆਰਥੀਆਂ ਦੀਆਂ ਮਾਨਸਿਕ ਤੇ ਭਾਵਨਾਤਮਕ ਲੋੜਾਂ ਨੂੰ ਸਮਝ ਕੇ ਉਨ੍ਹਾਂ ਦੀ ਸਹੀ ਰਹਿਨੁਮਾਈ ਕਰ ਸਕਣ। ਇਨ੍ਹਾਂ ਸਿਖਲਾਈ ਸੈਸ਼ਨਾਂ ਦੌਰਾਨ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਮਾਨਸਿਕ ਸਿਹਤ, ਤਣਾਅ, ਚਿੰਤਾ, ਭਾਵਨਾਤਮਕ ਸਮੱਸਿਆਵਾਂ, ਵਿਹਾਰਕ ਤਬਦੀਲੀਆਂ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨ ਦੇ ਤਰੀਕਿਆਂ ਬਾਰੇ ਵੀ ਸਿਖਲਾਈ ਦਿੱਤੀ ਜਾ ਰਹੀ ਹੈ। ਮਾਨਸਿਕ ਸਿਹਤ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਚੰਗੀ ਮਾਨਸਿਕ ਸਿਹਤ ਵਿਦਿਆਰਥੀਆਂ ਦੀ ਇਕਾਗਰਤਾ, ਸਿੱਖਣ ਦੀ ਸਮਰੱਥਾ, ਆਤਮ-ਵਿਸ਼ਵਾਸ, ਫ਼ੈਸਲੇ ਲੈਣ ਦੀ ਯੋਗਤਾ ਤੇ ਸਮਾਜਿਕ ਸਬੰਧਾਂ ਨੂੰ ਮਜ਼ਬੂਤ ਬਣਾਉਂਦੀ ਹੈ। ਅੱਜ ਦੇ ਮੁਕਾਬਲੇ ਭਰੇ ਦੌਰ ਵਿੱਚ ਵਿਦਿਆਰਥੀ ਪੜ੍ਹਾਈ ਦੇ ਦਬਾਅ, ਪ੍ਰੀਖਿਆਵਾਂ ਦੀ ਚਿੰਤਾ, ਪਰਿਵਾਰਕ ਸਮੱਸਿਆਵਾਂ ਅਤੇ ਸਾਥੀਆਂ ਦੇ ਪ੍ਰਭਾਵ ਕਾਰਨ ਮਾਨਸਿਕ ਤਣਾਅ ਦਾ ਸਾਹਮਣਾ ਕਰ ਸਕਦੇ ਹਨ। ਸੈਮੀਨਾਰ ਦੌਰਾਨ ਨਸ਼ਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਨੁਕਸਾਨਾਂ ਬਾਰੇ ਜਾਗਰੂਕਤਾ ਫੈਲਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਉਹ ਵਿਦਿਆਰਥੀਆਂ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਖੇਡਾਂ, ਰਚਨਾਤਮਕ ਗਤੀਵਿਧੀਆਂ ਤੇ ਸਿਹਤਮੰਦ ਆਦਤਾਂ ਵੱਲ ਉਤਸ਼ਾਹਿਤ ਕਰਨ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸੁਖਵਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ ਮੁਨੀਲਾ ਅਰੋੜਾ, ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ, ਡਾਇਟ ਫਿਰੋਜ਼ਪੁਰ ਦੀ ਪ੍ਰਿੰਸੀਪਲ ਸੀਮਾ, ਕੋਆਰਡੀਨੇਟਰ ਲਖਵਿੰਦਰ ਸਿੰਘ ਤੇ ਸਹਿ-ਕੋਆਰਡੀਨੇਟਰ ਕਮਲ ਸ਼ਰਮਾ ਵੱਲੋਂ ਇਨ੍ਹਾਂ ਸਿਖਲਾਈ ਸੈਮੀਨਾਰਾਂ ਨੂੰ ਸਫ਼ਲ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

# ਧਰਮਕੋਟ ਤੇ ਬਾਘਾਪੁਰਾਣਾ ਨਗਰ ਕੌਂਸਲ ਚੋਣਾਂ ਲਈ ਭਾਜਪਾ ਨੇ ਵਿੱਢੀਆਂ ਤਿਆਰੀਆਂ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਮੋਗਾ ਦੀ ਕੋਰ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਭਾਜਪਾ ਦਫ਼ਤਰ ਮੋਗਾ ਵਿਖੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿੱਚ ਨਗਰ ਕੌਂਸਲ ਧਰਮਕੋਟ ਤੇ ਬਾਘਾਪੁਰਾਣਾ ਦੀਆਂ ਆਉਣ ਵਾਲੀਆਂ ਚੋਣਾਂ ਸਬੰਧੀ ਵਿਸਥਾਰ ਪੂਰਵਕ ਵਿਚਾਰ- ਵਟਾਂਦਰਾ ਕੀਤਾ ਗਿਆ ਤੇ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਅਹਿਮ ਸੰਗਠਨਾਤਮਕ ਫ਼ੈਸਲੇ ਲਏ ਗਏ।ਮੀਟਿੰਗ ਦੌਰਾਨ ਦੋਵਾਂ ਹਲਕਿਆਂ ਵਿੱਚ ਪਾਰਟੀ ਦੀਆਂ ਚੋਣ ਤਿਆਰੀਆਂ, ਵਾਰਡ ਪੱਧਰ 'ਤੇ ਸੰਗਠਨ ਦੀ ਸਰਗਰਮੀ ਤੇ ਯੋਗ ਤੇ ਚਾਹਵਾਨ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ਬਾਰੇ ਡੂੰਘੀ ਵਿਚਾਰ-ਚਰਚਾ ਕੀਤੀ ਗਈ।ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਨਗਰ ਕੌਂਸਲ ਬਾਘਾਪੁਰਾਣਾ ਦੇ 15 ਵਾਰਡਾਂ ਤੇ ਨਗਰ ਕੌਂਸਲ ਧਰਮਕੋਟ ਦੇ 7 ਵਾਰਡਾਂ ਲਈ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।ਪਾਰਟੀ ਵੱਲੋਂ ਇਨ੍ਹਾਂ ਵਾਰਡਾਂ ਤੋਂ ਚੋਣ ਲੜਨ ਦੇ ਇੱਛੁਕ ਵਿਅਕਤੀ ਆਪਣੀਆਂ ਅਰਜ਼ੀਆਂ 2 ਨਵੰਬਰ ਤੱਕ ਜਮ੍ਹਾਂ ਕਰਾ ਸਕਦੇ ਹਨ।ਮੀਟਿੰਗ 'ਚ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਉਮੀਦਵਾਰਾਂ ਦੀ ਚੋਣ ਸਬੰਧੀ ਪ੍ਰਕਿਰਿਆ ਪਾਰਟੀ ਦੇ ਸੰਗਠਨਾਤਮਕ ਨਿਯਮਾਂ ਤੇ ਵਿਚਾਰ-ਵਟਾਂਦਰੇ ਅਨੁਸਾਰ ਅੱਗੇ ਵਧਾਈ ਜਾਵੇਗੀ।ਮੀਟਿੰਗ ਵਿੱਚ ਸਾਬਕਾ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਗਿੱਲ, ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ, ਸਟੇਟ ਕਮੇਟੀ ਮੈਂਬਰ ਸੁਖਨੰਦਨ ਅਗਰਵਾਲ, ਗੁਰਮੇਲ ਸਰਾਂ, ਰਾਕੇਸ਼ ਭੱਲਾ, ਸੁਧੀਰ ਮਿੱਤਲ ਤੇ ਬਲਵੰਤ ਸਿੰਘ, ਜ਼ਿਲ੍ਹਾ ਖ਼ਜ਼ਾਨਚੀ ਅਨਿਲ ਬਾਂਸਲ, ਜ਼ਿਲ੍ਹਾ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਕੈਲਾ, ਮੁਖਤਿਆਰ ਸਿੰਘ ਰਿਟਾ. ਐਸ.ਪੀ., ਰਾਜਪਾਲ ਠਾਕੁਰ ਤੇ ਸਰਕਲ ਪ੍ਰਧਾਨ ਦੀਪਕ ਤਲਵਾੜ ਸਮੇਤ ਹੋਰ ਆਗੂ ਹਾਜ਼ਰ ਸਨ। ਡਾ. ਹਰਜੋਤ ਕਮਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਲੋਕਤੰਤਰੀ ਪ੍ਰਕਿਰਿਆ ਵਿੱਚ ਵਿਸ਼ਵਾਸ ਰੱਖਦੀ ਹੈ ਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਪਾਰਟੀ ਦੀ ਭਾਗੀਦਾਰੀ ਨੂੰ ਲੈ ਕੇ ਸੰਗਠਨ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਸਫਾ 1 ਦੇ ਬਾਕੀ...

### ਜ਼ਿੰਦਗੀ ਦੇ ਹਾਣੀ ਬਣਨ...

ਅਰਪਣ, ਕਵੀ ਦਰਬਾਰ ਤੇ 6 ਵਜੇ ਪੀਪਲਜ਼ ਵਾਇਸ ਵੱਲੋਂ ਫ਼ਿਲਮ ਸ਼ੋਅ 'ਚੜ੍ਹਦੀ ਕਲਾ' (ਨਿਰਦੇਸ਼ਕ ਨਕੁਲ ਸਾਹਨੀ) ਹੋਏਗਾ। ਪਹਿਲੀ ਨਵੰਬਰ ਸਵੇਰੇ 10 ਵਜੇ ਕਮੇਟੀ ਮੈਂਬਰ ਦਰਸ਼ਨ ਖਟਕੜ ਵੱਲੋਂ ਝੰਡਾ ਲਹਿਰਾਉਣ ਅਤੇ ਸੰਬੋਧਨ ਕਰਨ ਉਪਰੰਤ ਅਮੋਲਕ ਸਿੰਘ ਦੀ ਰਚਨਾ ਅਤੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਸੰਗੀਤ ਨਾਟ ਓਪੇਰਾ: ਝੰਡੇ ਦਾ ਗੀਤ 'ਬਦਲ ਦਿਓ ਸਮਾਜ' 100 ਕਲਾਕਾਰਾਂ ਵੱਲੋਂ ਪੇਸ਼ ਹੋਏਗਾ। ਇਸ ਉਪਰੰਤ ਬੱਬਰ ਅਕਾਲੀ ਲਹਿਰ ਦਾ ਪ੍ਰਸੰਗ : ਹੱਲੇ ਦਾ ਦੀਵਾਨ ਪੇਸ਼ ਕਰਨਗੇ ਭੈਣੀ ਸਾਹਿਬ ਤੋਂ ਜੱਥੇਦਾਰ ਗੁਰਲਾਲ ਸਿੰਘ ਅਤੇ ਸਾਥੀ। ਸੰਗੀਤ ਦਾ ਰੰਗ ਭਰਨਗੇ ਮੰਚ ਰੰਗ-ਮੰਚ ਅੰਮ੍ਰਿਤਸਰ ਨਾਲ ਜੁੜੇ ਗਾਇਕ-ਕਲਾਕਾਰ ਕੁਸ਼ਾਗਰ ਕਾਲੀਆ। ਚੰਡੀਗੜ੍ਹ ਸਕੂਲ ਆਫ਼ ਡਰਾਮਾ (ਏਕਤਰ) ਗੁਰਸ਼ਰਨ ਸਿੰਘ ਦਾ 'ਤਮਾਸ਼ਾ-ਏ-ਹਿੰਦੋਸਤਾਨ' ਨਾਟਕ ਖੇਡਣਗੇ। ਪਹਿਲੀ ਨਵੰਬਰ ਮੇਲੇ 'ਚ ਡਾ. ਨਵਸ਼ਰਨ ਮੁਲਕ ਨੂੰ ਦਰਪੇਸ਼ ਤਿੱਖੀਆਂ ਵੰਗਾਰਾਂ ਬਾਰੇ ਸਾਡੇ ਸਰੋਕਾਰਾਂ ਬਾਰੇ ਵਿਚਾਰ ਸਾਂਝੇ ਕਰਨਗੇ। ਰਾਤ ਨੂੰ ਇਪਟਾ ਦੇ ਕਲਾਕਾਰ ਅਵਤਾਰ ਚੜਿੱਕ ਅਤੇ ਸਾਥੀ ਭੰਡ ਮੰਚ 'ਤੇ ਆਉਣਗੇ। ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਡਲੀ ਜੀਦਾ (ਜਗਸੀਰ ਜੀਦਾ), ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਸਾਰ੍ਹਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਮਾਨਵਤਾ ਕਲਾ ਮੰਚ ਨਗਰ ਦੀ ਕਲਾਕਾਰ ਨਰਗਿਸ, ਜੋਗਿੰਦਰਪਾਲ ਖਟਕੜ ਕਲਾਂ, ਅੰਮ੍ਰਿਤਪਾਲ ਬੰਗੇ, ਅਜਮੇਰ ਅਕਲੀਆ, ਹਰਦੀਪ ਕੋਟ ਗੁਰੂ ਅਤੇ ਹੋਰ ਗਾਇਕ-ਕਲਾਕਾਰ ਗੀਤ-ਸੰਗੀਤ ਪੇਸ਼ ਕਰਨਗੇ।

ਨਾਟਕਾਂ ਭਰੀ ਰਾਤ ਦਾ ਆਗਾਜ਼ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਨੂੰ ਸਮਰਪਤ ਗੁਰਸ਼ਰਨ ਭਾਅ ਜੀ ਦੇ ਨਾਟਕ 'ਸੀਸ ਤਲੀ 'ਤੇ' (ਕਰਾਂਤੀਪਾਲ ਦੀ ਨਿਰਦੇਸ਼ਨਾ 'ਚ ਨਵਚਿੰਤਨ ਕਲਾ ਮੰਚ ਬਿਆਸ) ਨਾਲ ਹੋਏਗਾ। ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਗੁਰਸ਼ਰਨ ਸਿੰਘ ਦਾ ਨਾਟਕ ਹੋਏਗਾ 'ਅਸੀਂ ਯੁੱਗ ਸਿਰਜਾਂਗੇ'। ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ-ਮੰਚ ਅੰਮ੍ਰਿਤਸਰ ਡਾ. ਸਵਰਾਜਬੀਰ ਦਾ ਨਾਟਕ ਪੇਸ਼ ਕਰੇਗਾ 'ਤੂੰ ਬੁੱਲ੍ਹੇ ਵਾਂਗੂੰ ਬੋਲ'।

ਅਨੀਤਾ ਦੀ ਨਿਰਦੇਸ਼ਨਾ 'ਚ ਸ਼ਬਦੀਸ਼ ਦੀ ਰਚਨਾ 'ਖਿੜਦੇ ਰਹਿਣ ਗੁਲਾਬ' ਸੁਚੇਤਕ ਰੰਗ ਮੰਚ ਮੁਹਾਲੀ ਪੇਸ਼ ਕਰੇਗਾ। ਤਿੰਨੇ ਦਿਨ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਹੋਏਗੀ। ਮੇਲੇ 'ਚ ਮੈਡੀਕਲ ਸਹਾਇਤਾ ਕੈਂਪ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਡਾ. ਰਮੇਸ਼ ਕੁਮਾਰ ਬਾਲੀ ਅਤੇ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਜਲੰਧਰ, ਡਾ. ਕਰਨ ਗਰਗ ਦੀ ਅਗਵਾਈ ਵਿੱਚ ਲਾਇਆ ਗਿਆ ਹੈ। ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੀਤ ਪ੍ਰਧਾਨ ਡਾ. ਪਰਮਿੰਦਰ, ਸਹਾਇਕ ਸਕੱਤਰ ਪ੍ਰੋ. ਗੋਪਾਲ ਬੁੱਟਰ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਮੇਲੇ ਦੇ ਉਦਘਾਟਨੀ ਸਮਾਗਮ 'ਚ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਮੇਟੀ ਮੈਂਬਰ ਦਰਸ਼ਨ ਸਿੰਘ ਖਟਕੜ, ਹਰਵਿੰਦਰ ਭੰਡਾਲ, ਪ੍ਰੋ. ਤੇਜਿੰਦਰ ਵਿਰਲੀ, ਸੁਰਿੰਦਰ ਕੁਮਾਰੀ ਕੋਛੜ, ਰਮਿੰਦਰ ਸਿੰਘ, ਕੁਲਬੀਰ ਸੰਘੇੜਾ, ਬਲਬੀਰ ਕੌਰ ਬੁੰਡਾਲਾ, ਪ੍ਰਗਟ ਸਿੰਘ ਜਾਮਾਰਾਏ, ਰਣਜੀਤ ਸਿੰਘ ਔਲਖ, ਹਰਮੇਸ਼ ਮਾਲੜੀ, ਵਿਜੈ ਬੰਬੇਲੀ, ਸੁਖਵਿੰਦਰ ਸਿੰਘ ਸੇਖੋਂ, ਮਨਜੀਤ ਸਿੰਘ ਬਾਸਰਕੇ ਹਾਜ਼ਰ ਸਨ। ਚਿੱਤਰਕਲਾ ਪ੍ਰਦਰਸ਼ਨੀ ਦੇ ਇੰਚਾਰਜ ਕਮੇਟੀ ਮੈਂਬਰ ਡਾ. ਸੈਲੇਸ਼ ਨੇ ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਸੰਬੰਧੀ ਵਿਚਾਰ ਸਾਂਝੇ ਕੀਤੇ।

### 'ਗਰੀਬ ਪਾਰਟੀ' ਨੇ ਜੰਮਦਿਆਂ...

2021 ਵਿੱਚ ਰਜਿਸਟਰ ਹੋਈ ਸੀ, ਨੇ 2024-25 ਵਿੱਤੀ ਸਾਲ ਲਈ ਕੋਈ ਆਮਦਨ ਨਹੀਂ ਦਿਖਾਈ ਹੈ, ਹਾਲਾਂਕਿ ਇਸ ਨੇ 228.8098 ਕਰੋੜ ਰੁਪਏ ਦਾਨ ਵਜੋਂ ਪ੍ਰਾਪਤ ਕਰਨ ਦੀ ਰਿਪੋਰਟ ਦਿੱਤੀ ਹੈ। ਨਿਊ ਇੰਡੀਆ ਯੂਨਾਈਟਿਡ ਪਾਰਟੀ, ਜਿਸ ਨੂੰ 270.9984 ਕਰੋੜ ਰੁਪਏ ਦਾਨ ਵਜੋਂ ਮਿਲੇ, ਨੇ 2025 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਲਈ ਦੋ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਅਤੇ 1,426 ਵੋਟਾਂ ਹਾਸਲ ਕੀਤੀਆਂ। ਸਵਤੰਤਰ ਅਭਿਵਿਅਕਤੀ ਪਾਰਟੀ, ਜਿਸ ਨੇ ਦਾਨ ਰਾਹੀਂ 228.8098 ਕਰੋੜ ਰੁਪਏ ਕਮਾਏ, ਨੇ ਚਾਰ ਲੋਕ ਸਭਾ ਸੀਟਾਂ 'ਤੇ 12,741 ਵੋਟਾਂ ਹਾਸਲ ਕੀਤੀਆਂ।

ਗੁਜਰਾਤ ਸਥਿਤ ਭਾਰਤੀ ਰਾਸ਼ਟਰੀ ਜਨਤਾ ਦਲ ਨੇ ਇਸ ਸਾਲ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਤਿੰਨ ਸੀਟਾਂ 'ਤੇ ਚੋਣ ਲੜੀ ਸੀ ਅਤੇ ਕੁੱਲ 1,247 ਵੋਟਾਂ ਪ੍ਰਾਪਤ ਕੀਤੀਆਂ ਸਨ। 2024-25 ਦੇ ਵਿੱਤੀ ਸਾਲ ਲਈ 734 ਅਜਿਹੀਆਂ ਰਜਿਸਟਰਡ ਗੈਰ-ਮਾਨਤਾਪ੍ਰਾਪਤ ਸਿਆਸੀ ਪਾਰਟੀਆਂ ਦੀ ਕੁੱਲ ਆਮਦਨ 1,118.494 ਕਰੋੜ ਰੁਪਏ ਸੀ। ਕੁੱਲ ਰਿਪੋਰਟ ਕੀਤੀ ਗਈ ਆਮਦਨ ਦਾ ਲਗਪਗ 80.67 ਪ੍ਰਤੀਸ਼ਤ ਗੁਜਰਾਤ, ਦਿੱਲੀ ਤੇ ਰਾਜਸਥਾਨ ਦਾ ਰਿਹਾ। ਗੁਜਰਾਤ 'ਚ ਅਜਿਹੀਆਂ ਪਾਰਟੀਆਂ ਨੇ 510.4172 ਕਰੋੜ ਰੁਪਏ ਦੀ ਆਮਦਨ ਦੱਸੀ, ਜੋ ਕਿ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਸਭ ਤੋਂ ਵੱਧ ਹੈ, ਇਸ ਤੋਂ ਬਾਅਦ ਦਿੱਲੀ ਵਿੱਚ 73 (218.483 ਕਰੋੜ ਰੁਪਏ) ਅਤੇ ਰਾਜਸਥਾਨ ਵਿੱਚ 23 (173.365 ਕਰੋੜ ਰੁਪਏ) ਹਨ। ਭਾਰਤ ਵਿੱਚ ਛੇ ਰਾਸ਼ਟਰੀ ਪਾਰਟੀਆਂ, 67 ਖੇਤਰੀ ਪਾਰਟੀਆਂ ਅਤੇ ਲਗਪਗ 2,074 ਰਜਿਸਟਰਡ ਗੈਰ-ਮਾਨਤਾਪ੍ਰਾਪਤ ਸਿਆਸੀ ਪਾਰਟੀਆਂ ਹਨ। ਇਨ੍ਹਾਂ ਗੈਰ-ਮਾਨਤਾਪ੍ਰਾਪਤ ਸਿਆਸੀ ਪਾਰਟੀਆਂ ਵਿੱਚੋਂ ਸਿਰਫ 734 ਦੀਆਂ ਸਾਲਾਨਾ ਆਡਿਟ ਅਤੇ ਯੋਗਦਾਨ ਰਿਪੋਰਟਾਂ ਜਨਤਕ ਖੇਤਰ ਵਿੱਚ ਉਪਲਬਧ ਹਨ। ਲਗਭਗ 65 ਪ੍ਰਤੀਸ਼ਤ ਨੇ 2024-25 ਵਿੱਤੀ ਸਾਲ ਲਈ ਆਪਣੀਆਂ ਸਾਲਾਨਾ ਆਡਿਟ ਅਤੇ ਯੋਗਦਾਨ ਰਿਪੋਰਟਾਂ ਜਨਤਕ ਨਹੀਂ ਕੀਤੀਆਂ ਹਨ।

ਬੰਗਾਲ ਵਿੱਚ ਅਜਿਹੀਆਂ 53 ਪਾਰਟੀਆਂ ਹਨ ਅਤੇ ਇਨ੍ਹਾਂ ਵਿੱਚੋਂ ਸਿਰਫ 23 ਨੇ ਮੁੱਖ ਚੋਣ ਅਧਿਕਾਰੀ ਦੀ ਵੈੱਬਸਾਈਟ 'ਤੇ ਸਾਲਾਨਾ ਆਡਿਟ ਅਤੇ ਯੋਗਦਾਨ ਰਿਪੋਰਟਾਂ ਅਪਲੋਡ ਕੀਤੀਆਂ ਹਨ। ਏ ਡੀ ਆਰ ਦੀ ਰਿਪੋਰਟ ਮੁਤਾਬਕ 15 ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਅਜਿਹੀਆਂ ਪਾਰਟੀਆਂ ਦੀ ਆਮਦਨ ਦੇਸ਼ ਦੀਆਂ 36 ਖੇਤਰੀ ਪਾਰਟੀਆਂ ਦੇ ਬਰਾਬਰ ਹੈ।

ਇਨ੍ਹਾਂ ਨੂੰ ਰਾਸ਼ਟਰੀ ਜਾਂ ਖੇਤਰੀ ਪਾਰਟੀਆਂ ਦੇ ਸਮਾਨ ਲਾਭ ਨਹੀਂ ਮਿਲਦੇ। ਅਜਿਹੀਆਂ ਪਾਰਟੀਆਂ ਦਾ ਕੋਈ ਨਿਸ਼ਚਿਤ ਚਿੰਨ੍ਹ ਨਹੀਂ ਹੁੰਦਾ, ਉਨ੍ਹਾਂ ਨੂੰ ਵੋਟਰ ਸੂਚੀਆਂ ਦੀ ਮੁਫਤ ਕਾਪੀ ਨਹੀਂ ਦਿੱਤੀ ਜਾਂਦੀ, ਚੋਣ ਮੁਹਿੰਮਾਂ ਲਈ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ 'ਤੇ ਮੁਫਤ ਪ੍ਰਸਾਰਣ ਸਹੂਲਤਾਂ ਨਹੀਂ ਮਿਲਦੀਆਂ ਅਤੇ ਪਾਰਟੀ ਦਫਤਰ ਸਥਾਪਤ ਕਰਨ ਲਈ ਸਬਸਿਡੀ ਵਾਲੀ ਜ਼ਮੀਨ ਨਹੀਂ ਦਿੱਤੀ ਜਾਂਦੀ। ਰਾਸ਼ਟਰੀ ਅਤੇ ਖੇਤਰੀ ਪਾਰਟੀਆਂ ਵਾਂਗ, ਇਨ੍ਹਾਂ ਨੂੰ ਇਸ ਸ਼ਰਤ 'ਤੇ ਆਮਦਨ ਟੈਕਸ ਦਾ ਭੁਗਤਾਨ ਕਰਨ ਤੋਂ ਪੂਰੀ ਛੋਟ ਪ੍ਰਾਪਤ ਹੈ ਕਿ ਉਹ ਸਾਲਾਨਾ ਆਮਦਨ ਟੈਕਸ ਰਿਟਰਨ ਆਈਟੀ ਵਿਭਾਗ ਨੂੰ ਜਮ੍ਹਾ ਕਰਾਉਣਗੀਆਂ ਅਤੇ ਕਿਸੇ ਵੀ ਵਿੱਤੀ ਸਾਲ ਦੌਰਾਨ ਪ੍ਰਾਪਤ ਹੋਏ 20,000 ਰੁਪਏ ਤੋਂ ਵੱਧ ਦੇ ਸਾਰੇ ਦਾਨ ਦੇ ਵੇਰਵੇ ਜਮ੍ਹਾਂ ਕਰਾਉਣਗੀਆਂ। ਟੈਕਸ ਛੋਟ ਦੀ ਇਜਾਜ਼ਤ ਹੈ, ਭਾਵੇਂ ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਐਲਾਨ ਕਰਦੀਆਂ ਹਨ ਕਿ ਉਨ੍ਹਾਂ ਨੂੰ ਇੱਕ ਵੀ ਦਾਨੀ ਤੋਂ 20,000 ਰੁਪਏ ਤੋਂ ਵੱਧ ਦਾ ਕੋਈ ਦਾਨ ਨਹੀਂ ਮਿਲਿਆ ਹੈ। ਚੋਣ ਕਮਿਸ਼ਨ ਕੋਲ ਰਜਿਸਟਰ ਹੋਣ ਤੋਂ ਬਾਅਦ, ਭਾਵੇਂ ਕੋਈ ਪਾਰਟੀ ਮਾਨਤਾ ਪ੍ਰਾਪਤ ਹੋਵੇ ਜਾਂ ਨਾ ਹੋਵੇ, ਉਹ ਦਾਨ ਇਕੱਠਾ ਕਰਨਾ ਜਾਰੀ ਰੱਖ ਸਕਦੀ ਹੈ ਅਤੇ ਟੈਕਸ-ਮੁਕਤ ਸਥਿਤੀ ਦਾ ਆਨੰਦ ਮਾਣ ਸਕਦੀ ਹੈ, ਬਸ਼ਰਤੇ ਉਹ ਉਪਰੋਕਤ ਸ਼ਰਤਾਂ ਪੂਰੀਆਂ ਕਰਦੀ ਹੋਵੇ।

ਅਗਸਤ ਅਤੇ ਸਤੰਬਰ 2025 ਵਿੱਚ, ਚੋਣ ਕਮਿਸ਼ਨ ਨੇ ਲਗਾਤਾਰ ਛੇ ਸਾਲਾਂ ਵਿੱਚ ਕੋਈ ਵੀ ਚੋਣ ਨਾ ਲੜਨ ਕਾਰਨ 808 ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਨੂੰ ਸੂਚੀ ਵਿੱਚੋਂ ਕੱਢ ਦਿੱਤਾ ਸੀ। 19 ਸਤੰਬਰ, 2025 ਨੂੰ 359 ਹੋਰ ਗੈਰ-ਮਾਨਤਾਪ੍ਰਾਪਤ ਪਾਰਟੀਆਂ ਵਿਰੁੱਧ ਆਪਣੀ ਸਾਲਾਨਾ ਆਡਿਟ ਅਤੇ ਯੋਗਦਾਨ ਰਿਪੋਰਟਾਂ ਜਮ੍ਹਾਂ ਕਰਾਉਣ ਵਿੱਚ ਅਸਫਲ ਰਹਿਣ ਕਾਰਨ ਕਾਰਵਾਈ ਸ਼ੁਰੂ ਕੀਤੀ ਗਈ। ਯੂ ਪੀ ਵਿੱਚ ਅਜਿਹੀਆਂ 530 ਪਾਰਟੀਆਂ, ਜੋ ਕਿ ਸਾਰੇ 34 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਸਭ ਤੋਂ ਵੱਧ ਹਨ, ਵਿੱਚੋਂ ਲਗਪਗ 57.36 ਪ੍ਰਤੀਸ਼ਤ ਨੇ 2024-25 ਵਿੱਤੀ ਸਾਲ ਲਈ ਕੋਈ ਵੀ ਰਿਪੋਰਟ ਜਮ੍ਹਾਂ ਨਹੀਂ ਕਰਵਾਈ ਸੀ।

### ਪੰਜ ਨੂੰ ਮੁੱਖ ਮੰਤਰੀ...

ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾ ਨੇ ਕਿਹਾ ਕਿ 'ਆਪ' ਦੇ 92 ਵਿਧਾਇਕ ਗੂੰਗੇ ਬਣ ਕੇ ਬੈਠੇ ਹਨ। ਉਨ੍ਹਾਂ ਦੀ ਚੁੱਪੀ ਕਾਰਨ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਹੁਣ ਛੋਟੇ-ਛੋਟੇ ਵਪਾਰੀਆਂ ਤੋਂ ਵੀ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ, ਜਿਸ ਕਾਰਨ ਵਪਾਰੀ ਸਹਿਮੇ ਹੋਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਗੁਲਜ਼ਾਰ ਸਿੰਘ ਅਤੇ ਪਰਵਿੰਦਰ ਸਿੰਘ ਝੋਟਾ ਦੇ ਪਰਵਾਰਾਂ ਲਈ 'ਐਕਸ' ਸ਼੍ਰੇਣੀ ਦੀ ਸੁਰੱਖਿਆ ਨੂੰ ਮਨਜ਼ੂਰੀ ਦਿੱਤੇ ਜਾਣ ਦੀ ਖ਼ਬਰ ਹੈ। ਹਾਲ ਹੀ ਵਿੱਚ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਸਕੱਤਰ ਤੋਂ ਗੁਲਜ਼ਾਰ ਸਿੰਘ, ਝੋਟਾ ਅਤੇ ਗੁਰਦਾਸਪੁਰ ਦੇ ਬਿਕਰਮਜੀਤ ਸਿੰਘ ਦੀ ਮੌਤ ਦੇ ਕਾਰਨਾਂ ਅਤੇ ਹਾਲਾਤ ਦੇ ਵੇਰਵੇ ਮੰਗੇ ਸਨ। ਅਮਿਤ ਸ਼ਾਹ ਨੇ ਪੰਜਾਬ ਦੌਰੇ ਦੌਰਾਨ ਇਨ੍ਹਾਂ ਦੇ ਪਰਵਾਰਾਂ ਨਾਲ ਮੁਲਾਕਾਤ ਵੀ ਕੀਤੀ ਸੀ।

### ਪਾਰਟੀ ਸਕੂਲ ਦਾ...

ਹਾਕਮਾਂ ਦੇ ਲੋਕ ਵਿਰੋਧੀ ਚਿਹਰੇ ਨੂੰ ਵੀ ਨੰਗਾ ਕੀਤਾ।ਉਨ੍ਹਾ ਕਿਹਾ ਕਿ ਫਾਸ਼ੀਵਾਦ ਵਿਰੁੱਧ ਲੜਨ ਲਈ ਕਾਰਕੁੰਨਾਂ ਦੀ ਟਰੇਨਿੰਗ ਜ਼ਰੂਰੀ ਹੈ।ਇਸ ਦੌਰਾਨ ਵਿਦਿਆ ਵਿਭਾਗ ਦੇ ਸਕੱਤਰ ਕਾਮਰੇਡ ਅਨਿਲ ਰਾਜਿਮਵਾਲਾ ਨੇ ਸਭ ਦਾ ਸਵਾਗਤ ਕੀਤਾ।ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਸਭ ਦੀ ਜਾਣ-ਪਛਾਣ ਕਰਵਾਈ।ਕਾਮਰੇਡ ਦਰਿਓ ਸਿੰਘ ਕਸ਼ਅਪ ਨੇ ਵੀ ਸੰਬੋਧਨ ਕੀਤਾ।31 ਅਕਤੂਬਰ ਤੋਂ ਵਿਸਥਾਰ ਨਾਲ ਵਿਚਾਰਾਂ ਹੋਣਗੀਆਂ।

## ਬੀਬੀ ਸਿਆਲ ਵੱਲੋਂ ਹਲਕਾ ਦਿਹਾਤੀ 'ਚ ਸਰਗਰਮੀਆਂ ਤੇਜ਼

**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਦਿਹਾਤੀ ਵਿੱਚ ਭਾਜਪਾ ਦੀ ਸੀਨੀਅਰ ਆਗੂ ਤੇ ਪੰਜਾਬ ਮਹਿਲਾ ਮੋਰਚਾ ਦੀ ਸੂਬਾ ਸਕੱਤਰ ਬੀਬੀ ਰਾਜਵਿੰਦਰ ਕੌਰ ਸਿਆਲ ਵੱਲੋਂ ਸਿਆਸੀ ਅਤੇ ਜਥੇਬੰਦਕ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ।ਉਹਨਾਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਪਾਰਟੀ ਆਗੂਆਂ, ਵਰਕਰਾਂ ਤੇ ਆਮ ਲੋਕਾਂ ਨਾਲ ਮੁਲਾਕਾਤਾਂ ਕਰਕੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨਾਲ ਬਿਹਤਰ ਤਾਲਮੇਲ ਬਣਾਉਣ ਲਈ ਵਿਚਾਰ-ਵਟਾਂਦਰਾ ਕਰ ਰਹੇ ਹਨ।ਬੀਬੀ ਰਾਜਵਿੰਦਰ ਕੌਰ ਸਿਆਲ ਵੱਲੋਂ ਪਿੰਡ ਪੱਧਰ 'ਤੇ ਪਾਰਟੀ ਵਰਕਰਾਂ ਨਾਲ ਸੰਪਰਕ ਕਰਕੇ ਬੂਥ ਪੱਧਰੀ ਜਥੇਬੰਦੀ ਨੂੰ ਮਜ਼ਬੂਤ ਕਰਨ, ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੇ ਉਨ੍ਹਾਂ ਦੇ ਮੁੱਦਿਆਂ ਨੂੰ ਸਬੰਧਤ ਮੰਚਾਂ ਤੱਕ ਪਹੁੰਚਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਇਨ੍ਹਾਂ ਮੁਲਾਕਾਤਾਂ ਦੌਰਾਨ ਪਾਰਟੀ ਦੀਆਂ ਗਤੀਵਿਧੀਆਂ, ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਅਤੇ ਇਲਾਕੇ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ ਬਾਰੇ ਵੀ ਚਰਚਾ ਕੀਤੀ ਜਾ ਰਹੀ ਹੈ।ਬੀਬੀ ਰਾਜਵਿੰਦਰ ਕੌਰ ਸਿਆਲ ਨੇ ਕਿਹਾ ਕਿ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣਾ ਤੇ ਪਾਰਟੀ ਵਰਕਰਾਂ ਨਾਲ ਮਿਲ ਕੇ ਕੰਮ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕਾਂ ਦੀਆਂ ਛੋਟੀਆਂ ਤੋਂ ਛੋਟੀਆਂ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਦੀ ਆਵਾਜ਼ ਉਠਾਉਣਾ ਜਨਤਕ ਜੀਵਨ ਦਾ ਅਹਿਮ ਹਿੱਸਾ ਹੈ।ਉਨ੍ਹਾਂ ਕਿਹਾ ਕਿ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਲੋਕਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਦਿਆਂ ਭਾਜਪਾ ਦੀਆਂ ਨੀਤੀਆਂ ਅਤੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਜਾਰੀ ਰਹਿਣਗੇ।ਉਨ੍ਹਾਂ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਵੀ ਆਪਸੀ ਤਾਲਮੇਲ ਨਾਲ ਲੋਕਾਂ ਦੇ ਵਿਚਕਾਰ ਰਹਿ ਕੇ ਕੰਮ ਕਰਨ ਦੀ ਅਪੀਲ ਕੀਤੀ।

## ਦਿਵਿਆਂਗ ਬੱਚੇ ਨੂੰ ਟਰਾਈਸਾਈਕਲ ਦਿੱਤਾ

**ਭਵਾਨੀਗੜ੍ਹ (ਰਾਜ ਖੁਰਮੀ)**-ਸਮਾਜ ਸੇਵਾ ਦੇ ਖੇਤਰ ਵਿੱਚ ਲੋੜਵੰਦਾਂ ਦੀ ਮਦਦ ਕਰਨਾ ਜਿੱਥੇ ਮਨੁੱਖਤਾ ਦੀ ਸੱਚੀ ਸੇਵਾ ਹੈ, ਉੱਥੇ ਹੀ ਕਿਸੇ ਲੋੜਵੰਦ ਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਕੀਤੀ ਗਈ ਛੋਟੀ ਜਿਹੀ ਪਹਿਲਕਦਮੀ ਵੀ ਉਸ ਲਈ ਵੱਡੀ ਰਾਹਤ ਸਾਬਤ ਹੋ ਸਕਦੀ ਹੈ।ਅਜਿਹੀ ਹੀ ਇਕ ਪਹਿਲਕਦਮੀ ਕਰਦਿਆਂ ਮਾਰਕੀਟ ਕਮੇਟੀ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਪਿੰਡ ਫੱਗੂਵਾਲਾ ਦੇ 15 ਸਾਲਾ ਦਿਵਿਆਂਗ ਬੱਚੇ ਗੁਰਜੋਤ ਸਿੰਘ ਨੂੰ ਟਰਾਈਸਾਈਕਲ ਭੇਟ ਕੀਤੀ, ਜਿਸ ਨਾਲ ਉਸ ਨੂੰ ਆਉਣ-ਜਾਣ ਵਿੱਚ ਸਹੂਲਤ ਮਿਲਣ ਦੇ ਨਾਲ-ਨਾਲ ਆਤਮ-ਨਿਰਭਰ ਬਣਨ ਵਿੱਚ ਵੀ ਮਦਦ ਮਿਲੇਗੀ।ਇਸ ਮੌਕੇ ਡਾ. ਮਿੰਕੂ ਜਵੰਧਾ ਨੇ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਲਈ ਹਰ ਵਰਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

## ਯੂਨੀਵਰਸਲ ਕਾਲਜ 'ਚ ਭ੍ਰਿਸ਼ਟਾਚਾਰ ਵਿਰੋਧੀ ਸੈਮੀਨਾਰ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਵਿੱਚੋਂ ਭ੍ਰਿਸ਼ਟਾਚਾਰ ਦੇ ਖ਼ਾਤਮੇ ਅਤੇ ਇਮਾਨਦਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ, ਪਟਿਆਲਾ ਵੱਲੋਂ ਯੂਨੀਵਰਸਲ ਕਾਲਜ ਪਾਤੜਾਂ ਵਿਚ ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਇਮਾਨਦਾਰ ਜੀਵਨ-ਜਾਚ ਅਪਣਾਉਣ, ਆਪਣੇ ਅਧਿਕਾਰਾਂ ਅਤੇ ਫ਼ਰਜ਼ਾਂ ਪ੍ਰਤੀ ਸੁਚੇਤ ਰਹਿਣ ਅਤੇ ਭ੍ਰਿਸ਼ਟਾਚਾਰ ਵਿਰੁੱਧ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੀ ਭੂਮਿਕਾ ਨਿਭਾਉਣ ਦਾ ਸੰਦੇਸ਼ ਦਿੱਤਾ ਹੈ। ਇਹ ਸੈਮੀਨਾਰ ਐੱਸ ਐੱਸ ਪੀ ਰਾਜਪਾਲ ਸਿੰਘ ਹੁੰਦਲ ਦੇ ਨਿਰਦੇਸ਼ਾਂ ਅਤੇ ਇੰਸਪੈਕਟਰ ਅਮਨਦੀਪ ਕੌਰ ਦੀ ਅਗਵਾਈ ਹੇਠ ਕਰਵਾਇਆ ਗਿਆ।ਏ ਐੱਸ ਆਈ ਰਣਜੀਤ ਸਿੰਘ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਸਿਰਫ਼ ਸਰਕਾਰੀ ਵਿਭਾਗਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਦੇ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਗ਼ਲਤ ਕੰਮਾਂ ਵਿਰੁੱਧ ਨਿਡਰਤਾ ਨਾਲ ਆਵਾਜ਼ ਉਠਾਉਣ, ਇਮਾਨਦਾਰੀ ਦੇ ਮਾਰਗ 'ਤੇ ਚੱਲਣ ਅਤੇ ਸਮਾਜ ਵਿੱਚ ਸੱਚਾਈ ਤੇ ਨੈਤਿਕਤਾ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨ ਲਈ ਪ੍ਰੇਰਿਤ ਕੀਤਾ। ਹੈੱਡ ਕਾਂਸਟੇਬਲ ਸੁਖਵਿੰਦਰ ਸਿੰਘ ਨੇ ਕਿਹਾ ਕਿ ਸਿੱਖਿਆ ਦਾ ਅਸਲ ਮਕਸਦ ਵਿਦਿਆਰਥੀਆਂ ਨੂੰ ਅਕਾਦਮਿਕ ਗਿਆਨ ਦੇਣ ਦੇ ਨਾਲ-ਨਾਲ ਸਮਾਜਿਕ ਚੇਤਨਾ, ਨੈਤਿਕ ਜ਼ਿੰਮੇਵਾਰੀ ਅਤੇ ਚੰਗੇ ਨਾਗਰਿਕ ਬਣਨ ਦੀ ਭਾਵਨਾ ਪੈਦਾ ਕਰਨਾ ਹੈ। ਇਸ ਮੌਕੇ ਯੂਨੀਵਰਸਲ ਕਾਲਜ ਪਾਤੜਾਂ ਦੇ ਚੇਅਰਮੈਨ ਬਲਜੀਤ ਸਿੰਘ, ਵਾਈਸ ਚੇਅਰਮੈਨ ਵੀਰਇੰਦਰ ਸਿੰਘ ਧਾਲੀਵਾਲ, ਸੈਕਟਰੀ ਪਰਮਿੰਦਰ ਸਿੰਘ ਘੱਗਾ, ਡਾਇਰੈਕਟਰ ਡਾ. ਅਮਰੀਸ਼ ਧਵਨ ਅਤੇ ਪ੍ਰਿੰਸੀਪਲ ਇੰਜ, ਯਾਦਵਿੰਦਰ ਸਿੰਘ ਨੇ ਸਮਾਜ-ਮੁਖੀ ਉਪਰਾਲਿਆਂ ਨੂੰ ਸਮੇਂ ਦੀ ਲੋੜ ਦੱਸਦਿਆਂ ਕਿਹਾ ਕਿ ਇਮਾਨਦਾਰੀ, ਪਾਰਦਰਸ਼ਤਾ ਤੇ ਜਵਾਬਦੇਹੀ ਵਰਗੀਆਂ ਕਦਰਾਂ-ਕੀਮਤਾਂ ਹੀ ਇੱਕ ਮਜ਼ਬੂਤ ਅਤੇ ਖੁਸ਼ਹਾਲ ਸਮਾਜ ਦੀ ਨੀਂਹ ਹਨ।

## ਨਿਰਮਲ ਸਿੰਘ ਹੁੰਜਨ ਦੇ ਗ੍ਰਹਿ ਤੋਂ ਪ੍ਰਭਾਤਫੇਰੀ ਦੀ ਸ਼ੁਰੂਆਤ

**ਬਠਿੰਡਾ (ਰਾਜੀਵ ਗੋਇਲ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਪੁਰਬ ਨੂੰ ਸਮਰਪਤ ਪ੍ਰਭਾਤ ਫੇਰੀ ਦੀ ਸ਼ੁਰੂਆਤ ਬੜੇ ਹੀ ਜੋਸ਼ ਤੇ ਸ਼ਰਧਾ ਨਾਲ ਹੋਈ ਅਤੇ ਇਹ ਸ਼ੁਰੂਆਤ ਗੁਰੂਦੁਆਰਾ ਬਾਬਾ ਵਿਸ਼ਵਕਰਮਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਹੀਰੋ ਇੰਡਸਟਰੀ ਦੇ ਮਾਲਕ ਮਿਸਤਰੀ ਨਿਰਮਲ ਸਿੰਘ ਹੁੰਜਨ ਦੇ ਗ੍ਰਹਿ ਤੋਂ ਹੋਈ। ਇਸ ਮੌਕੇ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੇ ਹੋਏ ਗੁਰੂ ਜਸ ਗਾਇਆ ਗਿਆ। ਸਟੇਜ ਦੀ ਕਾਰਵਾਈ ਢਾਡੀ ਬਲਵਿੰਦਰ ਸਿੰਘ ਵੱਲੋਂ ਸੰਭਾਲੀ ਗਈ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਸਿਕੰਦਰ ਸਿੰਘ ਵੱਲੋਂ ਵੀ ਪਾਠ ਦਾ ਭੋਗ ਪਾਇਆ ਗਿਆ। ਨਗਰ ਪੰਚਾਇਤ ਦੇ ਪ੍ਰਧਾਨ ਜਗਸੀਰ ਸਿੰਘ ਸੀਰਾ ਪੰਨੂ, ਸਾ. ਪ੍ਰਧਾਨ ਰਾਕੇਸ਼ ਕੁਮਾਰ ਤੇ ਕਾਂਗਰਸ ਦੇ ਸੀਨੀਅਰ ਆਗੂ ਬੂਟਾ ਸਿੰਘ ਸਿੱਧੂ ਦਾ ਮਿਸਤਰੀ ਨਿਰਮਲ ਸਿੰਘ ਤੇ ਸਮੂਹ ਟੀਮ ਵੱਲੋਂ ਸਿਰੋਪਾਓ ਭੇਟ ਕਰਕੇ ਵਿਸ਼ੇਸ ਸਨਮਾਨ ਕੀਤਾ ਗਿਆ।

## ਦਿਲਅਰਮਾਨ ਨੇ ਅਥਲੈਟਿਕਸ 'ਚ ਮਾਰੀਆਂ ਮੱਲਾਂ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜੀ ਸਕੂਲ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਸਕੂਲ ਦੇ ਦਸਵੀਂ ਜਮਾਤ ਦੇ ਹੋਣਹਾਰ ਵਿਦਿਆਰਥੀ ਦਿਲਅਰਮਾਨ ਨੇ 70ਵੀਂਆਂ ਸਕੂਲ ਖੇਡਾਂ ਦੌਰਾਨ ਅਥਲੈਟਿਕਸ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਿਲੇਅ ਰੇਸ ਵਿੱਚ ਨੈਸ਼ਨਲ ਪੱਧਰ ਤੇ ਭਾਗ ਲੈਣ ਲਈ ਚੁਣੇ ਗਏ ਚਾਰ ਵਿਦਿਆਰਥੀਆਂ ਵਿੱਚ ਆਪਣੀ ਜਗ੍ਹਾ ਬਣਾਈ ਹੈ।ਦਿਲਅਰਮਾਨ ਦੀ ਇਸ ਪ੍ਰਾਪਤੀ ਨਾਲ ਸਕੂਲ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ।ਇਹ ਸਫ਼ਲਤਾ ਉਸ ਦੀ ਮਿਹਨਤ, ਲਗਨ, ਅਨੁਸ਼ਾਸਨ ਤੇ ਖੇਡਾਂ ਪ੍ਰਤੀ ਸਮਰਪਣ ਦਾ ਨਤੀਜਾ ਹੈ।ਉਸ ਦੀ ਇਸ ਉਪਲਬਧੀ ਨੇ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਅੱਗੇ ਵਧਣ ਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕੀਤਾ ਹੈ।ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲੇ ਨੇ ਦਿਲਅਰਮਾਨ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਭੱਲਾ ਆਪ ਦੇ ਮਜ਼ਬੂਤ ਦਾਅਵੇਦਾਰ ਵਜੋਂ ਉੱਭਰੇ

**ਬਠਿੰਡਾ (ਰਾਜੀਵ ਗੋਇਲ)**-ਹਲਕਾ ਰਾਮਪੁਰਾ ਫੂਲ ਤੋਂ ਆਮ ਆਦਮੀ ਪਾਰਟੀ ਲਈ ਪ੍ਰਚਾਰ ਕਰਨ 'ਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਇੰਪਰੂਵਮੈਂਟ ਟਰੱਸਟ ਬਠਿੰਡਾ ਦੇ ਚੇਅਰਮੈਨ ਅਤੇ ਸੀਨੀਅਰ ਆਪ ਆਗੂ ਜਤਿੰਦਰ ਸਿੰਘ ਭੱਲਾ ਇੰਨੀ ਦਿਨੀ ਹਲਕਾ ਰਾਮਪੁਰਾ ਫੂਲ ਦੇ ਲੋਕਾਂ ਦੀ ਪਹਿਲੀ ਪਸੰਦ ਬਣਦੇ ਨਜਰ ਆ ਰਹੇ ਹਨ। ਭੱਲਾ ਦਾ ਜੱਦੀ ਪਿੰਡ ਕੋਠਾਗੁਰੂ ਵੀ ਇਸੇ ਹਲਕੇ 'ਚ ਪੈਂਦਾ ਹੈ ਅਤੇ ਸਵੇਰੇ-ਸਵੇਰੇ ਬਠਿੰਡਾ ਦਫਤਰ ਪੁੱਜਣ ਤੋਂ ਪਹਿਲਾਂ ਭੱਲਾ ਵੱਲੋਂ ਆਪਣੇ ਜੱਦੀ ਪਿੰਡ ਦੇ ਗ੍ਰਹਿ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਲੋਕ ਦਰਬਾਰ ਵੀ ਲਗਾਇਆ ਜਾਂਦਾ ਹੈ,ਜਿੱਥੇ ਹਲਕੇ ਦੇ ਲੋਕ ਵੱਡੀ ਗਿਣਤੀ ਵਿੱਚ ਪਹੁੰਚਦੇ ਹਨ। ਦੂਜੇ ਪਾਸੇ ਭੱਲਾ ਦੀ ਮੌਜੂਦਾ ਵਿਧਾਇਕ ਨਾਲ ਵੀ ਨੇੜਤਾ ਹੈ ਜਿਸ ਕਾਰਨ ਜੇਕਰ ਪਾਰਟੀ ਵੱਲੋਂ ਭੱਲੇ ਨੂੰ ਟਿਕਟ ਦੇ ਕੇ ਨਿਵਾਜਿਆ ਜਾਂਦਾ ਹੈ ਤਾਂ ਸ਼ਾਇਦ ਹਲਕਾ ਵਿਧਾਇਕ ਦੀ ਵਿਰੋਧਤਾ ਦਾ ਵੀ ਕੋਈ ਸਾਹਮਣਾ ਨਾ ਕਰਨਾ ਪਵੇ।

## ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਵੱਲੋਂ ਲੋਕ ਮਿਲਣੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਵੱਲੋਂ ਪਿੰਡ ਝੰਗੜ ਭੈਣੀ, ਪਿੰਡ ਰੱਤੇ ਵਾਲੀ ਭੈਣੀ ਅਤੇ ਢਾਣੀ ਸੱਦਾ ਸਿੰਘ ਵਿਖੇ ਲੋਕ ਮਿਲਣੀ ਕੀਤੀ ਗਈ।ਜਿਸ ਦੌਰਾਨ ਵੱਡੀ ਗਿਣਤੀ ਵਿੱਚ ਆਮ ਲੋਕ ਸਮਰਥਨ ਲਈ ਇਕੱਠੇ ਹੋਏ।ਲੋਕਾਂ ਨੇ ਕਿਹਾ ਕਿ ਫਾਜ਼ਿਲਕਾ ਦੇ ਲੋਕ ਮਾਨ ਸਰਕਾਰ ਅਤੇ ਵਿਧਾਇਕ ਸਵਨਾ ਦੇ ਕੰਮਾਂ ਤੋਂ ਬਹੁਤ ਖੁਸ਼ ਹਨ।ਇਸ ਦੌਰਾਨ ਵਿਧਾਇਕ ਸਵਨਾ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੌਕੇ 'ਤੇ ਹੀ ਕਈ ਸਮੱਸਿਆਵਾਂ ਦਾ ਹੱਲ ਵੀ ਕੀਤਾ।ਇਸ ਮੌਕੇ ਵਿਧਾਇਕ ਸਵਨਾ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸਿਰਤੋੜ ਯਤਨ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਸੇ ਤਹਿਤ ਪਿੰਡਾਂ ਵਿੱਚ ਸੜਕਾਂ ਤੇ ਗਲੀਆਂ ਦਾ ਨਵੀਨੀਕਰਨ ਕੀਤਾ ਗਿਆ ਹੈ ਅਤੇ ਨਵੇਂ ਖੇਡ ਸਟੇਡੀਅਮ ਤੇ ਗਰਾਊਂਡ ਬਣਾਏ ਜਾ ਰਹੇ ਹਨ ਤਾਂ ਜੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ।ਇਸ ਮੌਕੇ ਪਿੰਡ ਦੇ ਸਰਪੰਚ, ਸਾਬਕਾ ਸਰਪੰਚ, ਪੰਚ, ਮੈਂਬਰ ਸਾਹਿਬਾਨ ਅਤੇ ਵੱਖ-ਵੱਖ ਅਹੁਦੇਦਾਰ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ਼ੈਰੀ ਕਲਸੀ ਦੀ ਅਗਵਾਈ 'ਚ ਕਈ ਪਰਿਵਾਰ ਆਮ ਆਦਮੀ ਪਾਰਟੀ 'ਚ ਹੋਏ ਸ਼ਾਮਿਲ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀਆਂ ਵਿਕਾਸ ਅਤੇ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵਾਰਡ ਨੰਬਰ 11 ਵਿੱਚੋਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਵੱਖ-ਵੱਖ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ।ਵਿਧਾਇਕ ਸ਼ੈਰੀ ਕਲਸੀ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਸਾਰੇ ਪਰਿਵਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਲੋਕਾਂ ਦਾ ਵਧਦਾ ਵਿਸ਼ਵਾਸ ਬਟਾਲਾ ਵਿੱਚ ਆਮ ਆਦਮੀ ਪਾਰਟੀ ਦੀ ਲੋਕ-ਪੱਖੀ ਨੀਤੀਆਂ ਅਤੇ ਸਰਬਪੱਖੀ ਵਿਕਾਸ ਕਾਰਜਾਂ ਦੀ ਗਵਾਹੀ ਭਰਦਾ ਹੈ, ਜਿਸ ਸਦਕਾ ਆਪ ਪਰਿਵਾਰ ਦਾ ਕਾਫਲਾ ਦਿਨੋ ਦਿਨ ਵੱਧ ਰਿਹਾ ਹੈ।ਗੱਲਬਾਤ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਕਰੀਬ ਸਾਢੇ ਚਾਰ ਸਾਲਾਂ ਦੇ ਅੰਦਰ ਬਟਾਲਾ ਸ਼ਹਿਰ ਸਮੇਤ ਸਮੁੱਚੇ ਹਲਕੇ ਵਿੱਚ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਕਰਵਾਏ ਗਏ ਹਨ।ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕਾ ਬਟਾਲਾ ਵਿੱਚ ਖੁੱਲ੍ਹੀਆਂ ਤੇ ਨਵੀਆਂ ਸੜਕਾਂ, ਪੱਕੀਆਂ ਗਲੀਆਂ, ਸੁੰਦਰ ਅਤੇ ਖੁੱਲ੍ਹੇ ਚੌਂਕ, ਸੀ. ਸੀ. ਟੀ. ਵੀ. ਕੈਮਰੇ, ਸੁੰਦਰ ਐਂਟਰੀ ਗੇਟ, ਟ੍ਰੈਫਿਕ ਲਾਈਟਾਂ, ਸਟ੍ਰੀਟ ਲਾਈਟਾਂ ਅਤੇ ਹਾਈ-ਮਾਸਟ ਲਾਈਟਾਂ, ਮੁਫ਼ਤ ਮੈਡੀਕਲ ਸਹੂਲਤ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਣੇ ਮੁਹੱਲਾ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ।ਉਨ੍ਹਾਂ ਦੱਸਿਆ ਕਿ ਟ੍ਰੈਫਿਕ ਦੀ ਸਮੱਸਿਆ ਨੂੰ ਦੇਖਦੇ ਅਤੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਇੱਕ ਥਾਂ 'ਤੇ ਹੀ ਪੂਰਾ ਕਰਨ ਲਈ ਤੰਗ ਜਗ੍ਹਾ ਤੋਂ ਬਾਹਰ ਕੱਢ ਕੇ ਬਣਾਈ ਨਵੀਂ ਤਹਿਸੀਲ ਬਣਾਈ ਗਈ, ਨਾਲ ਹੀ ਬਣ ਰਿਹਾ ਨਵੇਂ ਐੱਸ ਐੱਸ ਪੀ ਦਫ਼ਤਰ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਸੇ ਤਰ੍ਹਾਂ ਪਿੰਡਾਂ ਵਿੱਚ ਪੱਕੀਆਂ ਸੜਕਾਂ, ਪੱਕੇ ਸੂਏ, ਨੌਜਵਾਨਾਂ ਲਈ ਵਧੀਆ ਖੇਡ ਮੈਦਾਨ, ਨਵੇਂ ਜਿੰਮ ਅਤੇ ਖੇਡਾਂ ਨਾਲ ਜੁੜੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵਲੋਂ ਹਰ ਵਰਗ ਦੀ ਭਲਾਈ ਲਈ ਲੋਕਪੱਖੀ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ।

ਹਰ ਵਰਗ ਨੂੰ 600 ਯੂਨਿਟ ਮੁਫ਼ਤ ਬਿਜਲੀ, ਮਹਿਲਾਵਾਂ ਨੂੰ 1000-1500 ਰੁਪਏ ਮਹੀਨਾਵਾਰ ਸਹਾਇਤਾ,ਸਿੱਖਿਆ ਦੇ ਖੇਤਰ ਵਿੱਚ ਸੁਧਾਰ, ਸਕੂਲ ਆਫ਼ ਐਮੀਨੈਂਸ ਅਤੇ 10 ਲੱਖ ਦੇ ਮੈਡੀਕਲ ਕਾਰਡ ਵਰਗੀਆਂ ਸਰਕਾਰੀ ਸਹੂਲਤਾਂ, ਸ਼ਰਧਾਲੂਆਂ ਲਈ ਮੁਫ਼ਤ ਤੀਰਥ ਯਾਤਰਾ ਬੱਸਾਂ ਵੀ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਸਿੱਧੇ ਤੌਰ 'ਤੇ ਜੁੜੀਆਂ ਹਨ ਅਤੇ ਵਿਕਾਸ ਕਾਰਜ ਨਿਰੰਤਰ ਜਾਰੀ ਹਨ।

# ਸੰਸਾਰ ਨੂੰ ਪੋਲੀਓ ਮੁਕਤ ਬਣਾਉਣ 'ਚ ਵਿਸ਼ਵ ਭਰ ਦੀਆਂ ਰੋਟਰੀ ਕਲੱਬਾਂ ਦਾ ਬਹੁਮੁੱਲਾ ਯੋਗਦਾਨ : ਡਾ. ਕੁਲਦੀਪ ਅਰੋੜਾ

**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਅੰਮ੍ਰਿਤਸਰ ਨਾਰਥ ਵੱਲੋਂ ਪੋਲੀਓ ਸਬੰਧੀ ਕਰਵਾਏ ਗਏ ਇੱਕ ਸੈਮੀਨਾਰ ਵਿਖੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ, ਰੋਟਰੀ ਕਲੱਬ ਨਾਰਥ ਦੇ ਪੈਟਰਨ ਡਾ. ਕੁਲਦੀਪ ਸਿੰਘ ਅਰੋੜਾ ਨੇ ਰੋਟਰੀ ਨਾਰਥ ਦੇ ਪ੍ਰਧਾਨ ਪਰਮੀਤ ਸਿੰਘ ਖੇੜਾ, ਸਕੱਤਰ ਮਨਿੰਦਰ ਕੌਰ, ਪ੍ਰਾਜੈਕਟ ਚੇਅਰਮੈਨ ਅਤੁਲ ਮਿਹਰਾ ਤੇ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਦੀ ਪ੍ਰਧਾਨਗੀ ਹੇਠ ਰੱਖੇ ਗਏ ਇੱਕ ਸੈਮੀਨਾਰ ਵਿਖੇ ਮੁੱਖ ਮਹਿਮਾਨ ਵਿਜੇ ਸਹਿਦੇਵ ਅਤੇ ਮੁੱਖ ਸਪੀਕਰ ਡਾ. ਕੁਲਦੀਪ ਸਿੰਘ ਅਰੋੜਾ ਨੇ ਰੋਟਰੀ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੋਟਰੀ ਇੰਟਰਨੈਸ਼ਨਲ ਸੰਸਥਾ ਹੈ ਜੋ ਕਿ ਵਿਸ਼ਵ ਦੇ ਹਰ ਦੇਸ਼ ਵਿੱਚ ਦੇਸ਼ ਤੇ ਸਮਾਜ ਭਲਾਈ ਦੇ ਕਾਰਜ ਕਰ ਰਹੀ ਹੈ। ਰੋਟਰੀ ਕਲੱਬਾਂ ਆਪਣੇ-ਆਪਣੇ ਦੇਸ਼ ਦੀਆਂ ਸਰਕਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਵਿੱਚ ਹਮੇਸ਼ਾ ਅੱਗੇ ਰਹੀਆਂ ਹਨ। ਬਹੁਤ ਸਾਰੇ ਪ੍ਰਾਜੈਕਟ ਰੋਟਰੀ ਦੇ ਯਤਨਾਂ ਨਾਲ ਹੀ ਸਫ਼ਲ ਹੋਏ ਹਨ ਪਰ ਅੱਜ ਪੂਰਾ ਵਿਸ਼ਵ

ਪੋਲੀਓ ਮੁਕਤ ਹੋ ਚੁੱਕਾ ਹੈ ਜਿਸ ਵਿੱਚ ਸਭ ਤੋਂ ਵੱਧ ਯੋਗਦਾਨ ਰੋਟਰੀ ਦਾ ਹੀ ਹੈ।ਵਿਸ਼ਵ ਭਰ ਦੀਆਂ ਰੋਟਰੀ ਕਲੱਬਾਂ ਨੇ ਅਰਬਾਂ-ਮਿਲੀਅਨ ਡਾਲਰ ਖਰਚ ਕਰਕੇ ਪੂਰੇ ਵਿਸ਼ਵ ਵਿੱਚ ਪਲਸ ਪੋਲੀਓ ਮੁਹਿਮ ਚਲਾਈ।

ਇਸੇ ਮੁਹਿੰਮ ਦੇ ਤਹਿਤ ਅੱਜ ਪੂਰਾ ਵਿਸ਼ਵ ਪੋਲੀਓ ਮੁਕਤ ਹੋ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਭਾਰਤ 2014 ਵਿੱਚ ਪੋਲੀਓ ਮੁਕਤ ਹੋ ਗਿਆ ਸੀ ਪਰ ਅਜੇ ਵੀ ਸਾਡੀਆਂ ਜ਼ਿੰਮੇਵਾਰੀਆਂ ਬਣਦੀਆਂ ਹਨ।ਪੁਲਸ ਪੋਲੀਓ ਵਾਲੇ ਦਿਨ ਹਰੇਕ ਪਰਿਵਾਰ ਦਾ ਇਹ ਫਰਜ਼ ਬਣਦਾ ਹੈ ਕਿ ਆਪਣੇ ਨਵਜੰਮੇ ਬੱਚੇ ਨੂੰ ਪੋਲੀਓ ਦੀਆਂ ਬੂੰਦਾਂ ਜ਼ਰੂਰ ਪਿਲਾਵੇ। ਉਨ੍ਹਾਂ ਦੱਸਿਆ ਕਿ ਪੋਲੀਓ ਦੀਆਂ ਬੂੰਦਾਂ ਹੀ ਅੱਜ ਪੂਰੇ ਵਿਸ਼ਵ ਨੂੰ ਪੋਲੀਓ ਮੁਕਤ ਬਣਾ ਰਹੀਆਂ ਹਨ।ਉਨ੍ਹਾਂ ਰੋਟਰੀ ਮੈਂਬਰਾਂ ਨੂੰ ਪਲਸ ਪੋਲੀਓ ਬਾਰੇ ਹੋਰ ਵੀ ਕਈ ਤਰ੍ਹਾਂ ਦੀ ਬਹੁਮੁੱਲੀ ਜਾਣਕਾਰੀ ਮੁਹੱਈਆ ਕਰਵਾਈ। ਰੋਟਰੀ ਮੈਂਬਰਾਂ ਨੇ ਮੁੱਖ ਸਪੀਕਰ ਡਾ. ਕੁਲਦੀਪ ਸਿੰਘ ਅਰੋੜਾ ਤੋਂ ਕਈ ਪ੍ਰਕਾਰ ਦੇ ਸਵਾਲ ਪੁੱਛੇ ਜਿਨ੍ਹਾਂ ਦਾ ਉਨ੍ਹਾਂ ਨੇ ਬਹੁਤ ਹੀ ਸਰਲ ਤੇ ਸ਼ਲਾਘਾਯੋਗ ਢੰਗ ਨਾਲ ਜਵਾਬ ਦਿੱਤਾ।

ਇਸ ਮੌਕੇ ਰੋਟਰੀ ਦੇ ਐਡਮਿਨ ਸਕੱਤਰ ਵਿਜੇ ਭਸੀਨ, ਸਾਬਕਾ ਜ਼ੋਨਲ ਚੇਅਰਮੈਨ ਸੰਜੇ ਮਲਿਕ, ਐੱਮ.ਓ.ਸੀ.ਆਰ.ਐੱਸ. ਚੱਠਾ, ਡਾ. ਜੀ. ਐੱਸ. ਮਦਾਨ, ਰੋਟਰੀ ਦੇ ਮੀਤ ਪ੍ਰਧਾਨ ਅਸ਼ੋਕ ਗਰੋਵਰ, ਸਾਬਕਾ ਪ੍ਰਧਾਨ ਸੁਰਿੰਦਰ ਕੱਕੜ, ਵਰੁਣ ਕੱਕੜ, ਐਡਵੋਕੇਟ ਆਰ.ਕੇ. ਉੱਪਲ, ਗੁਰਮੀਤ ਸਿੰਘ ਹੀਰਾ, ਰਮੇਸ਼ ਕੱਕੜ, ਨਿਰਮਲ ਸਿੰਘ, ਯਸ਼ਪਾਲ ਅਰੋੜਾ, ਕੇ. ਐੱਸ. ਚੱਠਾ, ਪ੍ਰਿੰਸੀਪਲ ਇੰਦੂ ਗੁਲਾਟੀ, ਆਸ਼ਾ ਮਲਿਕ, ਰਮਨੀਕ ਭੰਡਾਰੀ, ਗੁਰਿੰਦਰ ਸਿੰਘ, ਹਰਮੀਤ ਅਰੋੜਾ, ਰਾਜੇਸ਼ ਭਦਵਾਰ, ਜੇ. ਐੱਸ. ਸੋਖੀ, ਟੀ.ਪੀ.ਐੱਸ. ਚਾਵਲਾ, ਮਨਜੀਤਪਾਲ ਕੌਰ, ਸ਼ਿਵ ਗੁਪਤਾ ਸਹਿਤ ਰੋਟਰੀ ਦੇ ਸਮੂਹ ਮੈਂਬਰ ਮੌਜੂਦ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਵਿਦਿਆਰਥਣਾਂ ਦੇ ਮਹਿੰਦੀ ਮੁਕਾਬਲੇ

**ਧਾਰੀਵਾਲ (ਮਨਦੀਪ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਹਰਤਾਜ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਦੇ ਮਹਿੰਦੀ ਮੁਕਾਬਲੇ ਕਰਵਾਏ ਗਏ।

ਇਹ ਮੁਕਾਬਲਾ ਕਲਾ, ਸਿਰਜਣਾਤਮਕਤਾ ਅਤੇ ਹੁਨਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮਹਿੰਦੀ ਮੁਕਾਬਲਾ ਕਰਵਾਇਆ ਗਿਆ।

ਇਸ ਮੁਕਾਬਲੇ ਵਿੱਚ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਸੁੰਦਰ ਮਹਿੰਦੀ ਡਿਜ਼ਾਈਨਾਂ ਰਾਹੀਂ ਆਪਣੀ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਮਨਸੀਰਤ ਕੌਰ, ਮਨਰੀਤ ਕੌਰ (ਜਮਾਤ 11ਵੀਂ), ਦੂਜਾ ਸਥਾਨ ਨਿਸ਼ਾ, ਨਵਿਆ, ਅਰਪਨ ਕੁਮਾਰੀ, ਅਮਰਿੰਦਰ ਕੌਰ ਅਤੇ ਤੀਜਾ ਸਥਾਨ ਬਵਨਦੀਪ ਕੌਰ, ਏਕਤਾ, ਲਵਪ੍ਰੀਤ ਕੌਰ, ਹਰਪ੍ਰੀਤ ਕੌਰ ਨੇ ਪ੍ਰਾਪਤ ਕੀਤਾ ।ਅੰਤ ਵਿੱਚ ਜੇਤੂ ਵਿਦਿਆਰਥਣਾਂ ਨੂੰ ਸਨਮਾਨਤ ਕੀਤਾ ਗਿਆ।

# 3 ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਦੀਨਾਨਗਰ ਦੇ ਤਫਤੀਸ਼ੀ ਅਫਸਰ ਐੱਸ. ਆਈ. ਹੇਮ ਰਾਜ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇੜੇ ਪੁਰਾਣੀ ਤਹਿਸੀਲ ਦੀਨਾਨਗਰ ਤੋਂ ਰਿਤਕ ਪੁੱਤਰ ਸਤਪਾਲ ਵਾਸੀ ਜਲਾਕੜੀ ਗਲੀ ਦੀਨਾਨਗਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ 9 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਦੇ ਏ. ਐੱਸ. ਆਈ. ਗਗਨਦੀਪ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਸਪੈਸ਼ਲ ਨਾਕਾਬੰਦੀ ਦੇ ਸਬੰਧ ਵਿਚ ਟੀ. ਪੁਆਇੰਟ ਆਲੋਵੇਕ ਬਾਈਪਾਸ ਤੋਂ ਰਾਜਬੀਰ ਸਿੰਘ ਰਾਜਾ ਪੁੱਤਰ ਜਸਪਾਲ ਸਿੰਘ ਵਾਸੀ ਸ਼ਹਿਜ਼ਾਦਾ ਨਗਰ ਗੁਰਦਾਸਪੁਰ, ਗਗਨ ਮਸੀਹ ਪੁੱਤਰ ਚੂਨੀ ਲਾਲ ਵਾਸੀ ਬਿਆਨਪੁਰ ਥਾਣਾ ਦੀਨਾਨਗਰ ਹਾਲ ਵਾਸੀ ਸ਼ਹਿਜ਼ਾਦਾ ਨਗਰ ਗੁਰਦਾਸਪੁਰ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਰਾਜਬੀਰ ਸਿੰਘ ਰਾਜਾ ਪਾਸੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸ ਤੋਂ ਇਲਾਵਾ ਥਾਣਾ ਪੁਰਾਣਾ ਸ਼ਾਲਾ ਪੁਲਸ ਦੇ ਏ. ਐੱਸ. ਆਈ. ਚੈਂਚਲ ਸਿੰਘ ਨੇ ਸਮੇਤ ਪੁਲਸ ਪਾਰਟੀ ਨਵਾਂ ਨੌਸ਼ਹਿਰਾ ਨੇੜੇ ਸ਼ਮਸ਼ਾਨਘਾਟ ਤੋਂ ਪਰਮਜੀਤ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਪੁਰਾਣਾ ਸ਼ਾਲਾ ਨੂੰ ਕਾਬੂ ਕਰਕੇ ਉਸ ਪਾਸੋਂ 08 ਗ੍ਰਾਮ ਹੈਰਇਨ ਅਤੇ 1400 ਰੁਪਏ ਡਰੱਗ ਮਨੀ ਬਰਾਮਦ ਹੋਈ ਹੈ ।ਪੁਲਸ ਨੇ ਕਾਬੂ ਕੀਤੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਹਰਜੀਤ ਸਿੰਘ ਨਵਾਂ ਤਨੇਲ ਤੇ ਸੁਖਬੀਰ ਸਿੰਘ ਬੋਪਾਰਾਏ ਦਾ ਸਨਮਾਨ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਿਸਾਨ ਵਿੰਗ ਦਾ ਮੀਤ ਪ੍ਰਧਾਨ ਨਿਯੁਕਤ ਹੋਣ 'ਤੇ ਸ. ਹਰਜੀਤ ਸਿੰਘ ਨਵਾਂ ਤਨੇਲ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ [illegible]

ਅੰਮ੍ਰਿਤਸਰ ਦਿਹਾਤੀ ਦੇ ਓ. ਬੀ. ਸੀ. ਵਿੰਗ ਦਾ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਸ. ਸੁਖਬੀਰ ਸਿੰਘ ਬੋਪਾਰਾਏ ਨੂੰ ਮਜੀਠਾ ਹਲਕਾ ਦੀ ਸੀਨੀਅਰ ਕਾਂਗਰਸੀ ਲੀਡਰਸ਼ਿਪ ਵੱਲੋਂ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ ਦੋਵਾਂ ਆਗੂਆਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਅਤੇ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਦੋਵਾਂ ਆਗੂਆਂ ਨੇ ਸੀਨੀਅਰ ਕਾਂਗਰਸੀ ਆਗੂ ਅਤੇ ਹਲਕਾ ਮਜੀਠਾ ਦੇ ਇੰਚਾਰਜ ਸ. ਭਗਵੰਤ ਪਾਲ ਸਿੰਘ ਸੱਚਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਾਡੇ 'ਤੇ ਵਿਸ਼ਵਾਸ ਪ੍ਰਗਟ ਕਰਕੇ ਇਹ ਅਹਿਮ ਜ਼ਿੰਮੇਵਾਰੀਆਂ ਸੌਂਪਣ ਵਿੱਚ ਭਰੋਸਾ ਜਤਾਇਆ ਹੈ। ਅਸੀਂ ਇਸ ਭਰੋਸੇ ਲਈ ਉਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ ਅਤੇ ਯਕੀਨ ਦਿਵਾਉਂਦੇ ਹਾਂ ਕਿ ਮਿਲੀ ਜ਼ਿੰਮੇਵਾਰੀ ਨੂੰ ਪੂਰੀ ਲਗਨ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗੇ।ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਪੱਛੜੇ ਵਰਗਾਂ ਦੇ ਹੱਕਾਂ ਦੀ ਰਾਖੀ ਕਰਨਾ ਅਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣਾ ਉਨ੍ਹਾਂ ਦੀ ਪਹਿਲ ਹੋਵੇਗੀ। ਦੋਵਾਂ ਆਗੂਆਂ ਨੇ ਕਿਹਾ ਕਿ ਉਹ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਰਕਰਾਂ ਨਾਲ ਮਿਲ ਕੇ ਕੰਮ ਕਰਨਗੇ ਅਤੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਆਪਣਾ ਪੂਰਾ ਯੋਗਦਾਨ ਪਾਉਣਗੇ।ਉਨ੍ਹਾਂ ਇਸ ਨਿਯੁਕਤੀ ਲਈ ਆਲ ਇੰਡੀਆ ਕਾਂਗਰਸ ਕਿਸਾਨ ਵਿੰਗ ਦੇ ਚੇਅਰਮੈਨ ਸ. ਸੁਖਪਾਲ ਸਿੰਘ ਖਹਿਰਾ, ਪੰਜਾਬ ਕਿਸਾਨ ਵਿੰਗ ਦੇ ਚੇਅਰਮੈਨ ਸ. ਕਿਰਨਜੀਤ ਸਿੰਘ ਸੰਧੂ (ਮਿੱਠੂ), ਪੰਜਾਬ ਓ. ਬੀ. ਸੀ. ਵਿੰਗ ਦੇ ਪ੍ਰਧਾਨ ਸ. ਅੰਗਦ ਸੈਣੀ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ. ਪਰਗਟ ਸਿੰਘ, ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਅਤੇ ਸਮੁੱਚੀ ਕਾਂਗਰਸ ਹਾਈਕਮਾਂਡ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਸਾਬਕਾ ਚੇਅਰਮੈਨ ਸ. ਗੁਰਮੀਤ ਸਿੰਘ ਭੀਲੋਵਾਲ, ਸਾਬਕਾ ਚੇਅਰਮੈਨ ਸ. ਜਗਦੇਵ ਸਿੰਘ ਬੱਗਾ, ਸਾਬਕਾ ਸਰਪੰਚ ਸ. ਬਲਕਾਰ ਸਿੰਘ ਬੋਪਾਰਾਏ, ਸਰਪੰਚ ਸ. ਸ਼ਮਸ਼ੇਰ ਸਿੰਘ ਬਾਂਸੋਵਾਲ, ਇਕਬਾਲ ਸਿੰਘ ਸਾਧਪੁਰ,ਸ. ਤੇਜਿੰਦਰ ਸਿੰਘ ਤਰਫ਼ਨ, ਸ. ਸੁਲੱਖਣ ਸਿੰਘ ਕੱਥੂਨੰਗਲ, ਡਾ. ਮੋਹਨ ਸਿੰਘ, ਬਲਾਕ ਪ੍ਰਧਾਨ ਸ. ਨਵਤੇਜਪਾਲ ਸਿੰਘ ਸੋਹੀਆਂ ਕਲਾਂ, ਬਲਾਕ ਪ੍ਰਧਾਨ ਸ. ਸੰਦੀਪ ਸਿੰਘ ਕਾਜੀਕੋਟ, ਐੱਸ.ਸੀ. ਵਿੰਗ ਦੇ ਚੇਅਰਮੈਨ ਸ. ਪ੍ਰਗਟ ਸਿੰਘ ਚੰਨਣਕੇ ਅਤੇ ਮਜੀਠਾ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਸ. ਨਵਦੀਪ ਸਿੰਘ ਸੋਨਾ , ਹਰਮਨ ਸਿੰਘ ਮਜੀਠਾ, ਹਰਜੋਤ ਸਿੰਘ ਲਾਡੀ, ਮਨਜੀਤ ਸਿੰਘ ਘਨਸ਼ਾਹਪੁਰ ਸਮੇਤ ਹੋਰ ਕਈ ਕਾਂਗਰਸੀ ਆਗੂ ਹਾਜ਼ਰ ਸਨ।

# ਵਿਜੀਲੈਂਸ ਜਾਗਰੂਕਤਾ ਹਫ਼ਤੇ ਤਹਿਤ ਨਗਰ ਨਿਗਮ ਬਟਾਲਾ 'ਚ ਜਾਗਰੂਕਤਾ ਮੀਟਿੰਗ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਵਿਜੀਲੈਂਸ ਜਾਗਰੂਕਤਾ ਹਫ਼ਤੇ ਤਹਿਤ ਡੀ.ਐਸ.ਪੀ. ਸ਼ਰਨਜੀਤ ਸਿੰਘ ਉਪ ਕਪਤਾਨ ਪੁਲਸ, ਵਿਜੀਲੈਂਸ ਬਿਊਰੋ ਯੂਨਿਟ ਨੂੰ ਯਕੀਨੀ ਬਣਾਉਣ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਰਕਾਰੀ ਡਿਊਟੀ ਨਿਭਾਉਂਦੇ ਸਮੇਂ [illegible]



ਗੁਰਦਾਸਪੁਰ ਦੀ ਅਗਵਾਈ ਹੇਠ ਭ੍ਰਿਸ਼ਟਾਚਾਰ ਦੀ ਰੋਕਥਾਮ, ਸਰਕਾਰੀ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਲੋਕਾਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਜਾਗਰੂਕ ਕਰਨ ਦੇ ਉਦੇਸ਼ ਨਾਲ ਨਗਰ ਨਿਗਮ ਬਟਾਲਾ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਮੀਟਿੰਗ ਕਰਵਾਈ ਗਈ। ਇਸ ਮੌਕੇ ਨਗਰ ਨਿਗਮ ਬਟਾਲਾ ਦੇ ਮੇਅਰ ਭੁਪਿੰਦਰ ਸਿੰਘ ਬਾਜਵਾ ਅਤੇ ਵਿਜੀਲੈਂਸ ਦੇ ਇੰਸਪੈਕਟਰ ਇੰਦਰਜੀਤ ਸਿੰਘ ਆਪਣੀ ਟੀਮ ਸਮੇਤ ਪਹੁੰਚੇ। ਮੀਟਿੰਗ ਦੌਰਾਨ ਵਿਜੀਲੈਂਸ ਵਿਭਾਗ ਦੀ ਕਾਰਜਪ੍ਰਣਾਲੀ, ਭ੍ਰਿਸ਼ਟਾਚਾਰ ਦੇ ਮਾੜੇ ਪ੍ਰਭਾਵਾਂ, ਸਰਕਾਰੀ ਸੇਵਾਵਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਇਮਾਨਦਾਰੀ, ਨਿਰਪੱਖਤਾ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਪਹਿਲ ਦੇਣ ਲਈ ਪ੍ਰੇਰਿਤ ਕੀਤਾ ਗਿਆ। ਡੀ.ਐਸ.ਪੀ. ਸ਼ਰਨਜੀਤ ਸਿੰਘ ਨੇ ਕਿਹਾ ਕਿ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਅਤੇ ਲੋਕਾਂ ਦਾ ਸਰਕਾਰੀ ਸੰਸਥਾਵਾਂ ਵਿੱਚ ਭਰੋਸਾ ਮਜ਼ਬੂਤ ਕਰਨ ਲਈ ਹਰ ਅਧਿਕਾਰੀ ਅਤੇ ਕਰਮਚਾਰੀ ਦੀ ਅਹਿਮ ਭੂਮਿਕਾ ਹੈ। ਸਰਕਾਰੀ ਦਫ਼ਤਰਾਂ ਵਿੱਚ ਆਪਣੇ ਕੰਮਾਂ ਲਈ ਆਉਣ ਵਾਲੇ ਲੋਕਾਂ ਨਾਲ ਸਤਿਕਾਰਪੂਰਵਕ ਵਿਵਹਾਰ ਕਰਨਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਨਾ ਅਤੇ ਜਾਇਜ਼ ਕੰਮਾਂ ਨੂੰ ਨਿਯਮਾਂ ਅਨੁਸਾਰ ਸਮੇਂ ਸਿਰ ਪੂਰਾ ਕਰਨਾ ਹਰੇਕ ਸਰਕਾਰੀ ਕਰਮਚਾਰੀ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸਰਕਾਰੀ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਲੋਕ-ਪੱਖੀ ਪਹੁੰਚ ਅਪਣਾਈ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਜਾਂ ਗਲਤ ਵਿਵਹਾਰ ਨੂੰ ਬਰਦਾਸ਼ਤ ਨਾ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੰਮਕਾਜ ਵਿੱਚ ਪੂਰੀ ਪਾਰਦਰਸ਼ਤਾ ਬਣਾਈ ਰੱਖਣ ਅਤੇ ਸਮਾਜ ਵਿੱਚ ਇਮਾਨਦਾਰੀ ਤੇ ਨੈਤਿਕਤਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਨ। ਇਸ ਮੌਕੇ ਜਿਥੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਜਾਗਰੂਕ ਕੀਤਾ ਗਿਆ ਕਿ ਜੇਕਰ ਕੋਈ ਸਰਕਾਰੀ ਜਾਂ ਗੈਰ-ਸਰਕਾਰੀ ਅਦਾਰੇ ਵਿੱਚ ਕੰਮ ਕਰਨ ਵਾਲਾ ਵਿਅਕਤੀ ਕਿਸੇ ਜਾਇਜ਼ ਕੰਮ ਦੇ ਬਦਲੇ ਰਿਸ਼ਵਤ ਦੀ ਮੰਗ ਕਰਦਾ ਹੈ, ਤਾਂ ਇਸ ਸਬੰਧੀ ਵਿਜੀਲੈਂਸ ਬਿਊਰੋ ਪੰਜਾਬ ਦੇ ਅਧਿਕਾਰਤ ਹੈਲਪਲਾਈਨ ਨੰਬਰਾਂ 1800 1800 1000 ਅਤੇ 9501200200 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਇਸ ਮੌਕੇ ਮੇਅਰ ਭੁਪਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੇ ਸਰਕਾਰ ਭ੍ਰਿਸ਼ਟਾਚਾਰ ਖਿਲਾਫ ਨਿਰੰਤਰ ਸਖਤ ਕਾਰਵਾਈ ਕਰ ਰਹੀ ਹੈ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਨਗਰ ਨਿਗਮ ਬਟਾਲਾ ਵਿਚ ਭ੍ਰਿਸ਼ਟਾਚਾਰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਅਕਾਲ ਅਕੈਡਮੀ ਮੂਲਿਆਂਵਾਲ ਦੀ ਨਵੀਂ ਇਮਾਰਤ ਦਾ ਉਦਘਾਟਨ

**ਧਾਰੀਵਾਲ (ਮਨਦੀਪ ਵਿੱਕੀ)**- ਕਲਗੀਧਰ ਟਰੱਸਟ ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀ ਮੂਲਿਆਂਵਾਲ ਦੀ ਨਵੀਂ ਇਮਾਰਤ ਦਾ ਉਦਘਾਟਨ ਬੜੀ ਸ਼ਰਧਾ, ਸਤਿਕਾਰ ਅਤੇ ਗੁਰਮਰਿਆਦਾ ਅਨੁਸਾਰ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਪ੍ਰਕਾਸ਼ ਨਾਲ ਹੋਈ। ਇਸ ਉਪਰੰਤ ਅਕੈਡਮੀ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੇ ਪੰਜ ਬਾਣੀਆਂ ਦੇ ਨਿਤਨੇਮ ਉਪਰੰਤ ਗੁਰਬਾਣੀ ਕੀਰਤਨ ਕੀਤਾ। ਨਵੀਂ ਇਮਾਰਤ ਦਾ ਉਦਘਾਟਨ ਭਾਈ ਮੋਹਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਚੱਲ ਰਹੇ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ (ਯੂ.ਕੇ.) ਦੇ ਦੋ ਮੈਂਬਰਾਂ ਭਾਈ ਪਰਮਜੀਤ ਸਿੰਘ ਅਤੇ ਭਾਈ ਸਮਿੰਦਰ ਸਿੰਘ, ਬੜੂ ਸਾਹਿਬ ਤੋਂ ਹੈੱਡ ਡਾ. ਨੀਲਮ ਕੌਰ, ਸੇਵਾਦਾਰ ਜਗਜੀਤ ਸਿੰਘ ਅਤੇ ਸੇਵਾਦਾਰ ਹਰਜੀਤ ਸਿੰਘ ਦੀ ਹਾਜ਼ਰੀ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਕੀਤਾ ਗਿਆ।

ਇਹ ਇਮਾਰਤ ਸੰਗਤ ਦੇ ਸਹਿਯੋਗ, ਸੇਵਾ-ਭਾਵਨਾ ਅਤੇ ਬੱਚਿਆਂ ਦੇ ਭਵਿੱਖ ਪ੍ਰਤੀ ਸਮਰਪਣ ਦੀ ਪ੍ਰਤੀਕ ਹੈ। ਇਸ ਮੌਕੇ ਸਮੂਹ ਪ੍ਰਬੰਧਕਾਂ, ਸਟਾਫ਼ ਮੈਂਬਰਾਂ ਅਤੇ ਸੇਵਾਦਾਰਾਂ ਵੱਲੋਂ ਨਿਭਾਈ ਗਈ ਸੇਵਾ ਦੀ ਵਿਸ਼ੇਸ਼ ਸ਼ਲਾਘਾ ਕੀਤੀ ਗਈ।

# ਰਿਸ਼ਾਨ ਮਹਾਜਨ ਵੱਲੋਂ ਬੈਡਮਿੰਟਨ 'ਚ ਸ਼ਾਨਦਾਰ ਪ੍ਰਦਰਸ਼ਨ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਪੰਜਾਬ ਸਰਕਾਰ ਵੱਲੋਂ ਸਥਾਨਕ ਬੱਬੇਹਾਲੀ ਸਟੇਡੀਅਮ ਵਿੱਚ ਆਯੋਜਿਤ ਖੇਡ ਮੁਕਾਬਲੇ ਅੰਡਰ-11 ਵਰਗ ਬੈਡਮਿੰਟਨ ਮੁਕਾਬਲਿਆ ਵਿੱਚ ਉੱਭਰਦੇ ਬੈਡਮਿੰਟਨ ਖਿਡਾਰੀ ਰਿਸ਼ਾਨ ਮਹਾਜਨ ਪੁੱਤਰ ਰੋਹਿਤ ਮਹਾਜਨ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਬਲਾਕ ਪੱਧਰ ਤੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਕੋਚ ਅਮਿਤ ਖੋਸਲਾ ਅਤੇ ਪਿਤਾ ਰੋਹਿਤ ਮਹਾਜਨ ਦਾ ਨਾਮ

ਰੌਸ਼ਨ ਕੀਤਾ ਅਤੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ । ਜ਼ਿਕਰਯੋਗ ਹੈ ਕਿ ਰਿਸ਼ਾਨ ਮਹਾਜਨ ਇਸ ਤੋਂ ਪਹਿਲਾਂ ਵੀ ਪੰਜਾਬ ਪੱਧਰੀ ਅੰਡਰ-11 ਵਰਗ ਦੇ ਮੁਕਾਬਲਿਆ ਵਿੱਚ ਆਪਣਾ ਦਬਦਬਾ ਕਾਇਮ ਕਰ ਚੁੱਕਾ।

ਪਿਤਾ ਰੋਹਿਤ ਮਹਾਜਨ ਦੀ ਪ੍ਰੇਰਣਾ ਅਤੇ ਸਖਤ ਮਿਹਨਤ ਅਤੇ ਲਗਨ ਨਾਲ ਰਿਸ਼ਾਨ ਲਗਾਤਾਰ ਚੰਗਾ ਪ੍ਰਦਰਸ਼ਨ ਕਰ ਰਿਹਾ।ਬਲਾਕ ਪੱਧਰ 'ਤੇ ਮਿਲੀ ਇਹ ਜਿੱਤ ਦੇ ਬਾਅਦ ਰਿਸ਼ਾਨ ਨੇ ਦੱਸਿਆ ਕਿ ਉਸਦਾ ਸੁਪਨਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਬੈਡਮਿੰਟਨ ਖੇਡ ਕੇ ਆਪਣੇ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਾ ਹੈ।ਰਿਸ਼ਾਨ ਨੂੰ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ।

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ : ਵਿਧਾਇਕ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਲਾਜਵੰਤੀ ਸਟੇਡੀਅਮ ਹੁਸ਼ਿਆਰਪੁਰ ਵਿਖੇ ਕਰਵਾਈਆਂ ਗਈਆਂ 70ਵੀਆਂ ਜ਼ਿਲ੍ਹਾ ਪੱਧਰੀ ਵਿਸ਼ੇਸ਼ ਖੇਡਾਂ ਉਤਸ਼ਾਹ ਨਾਲ ਸੰਪੰਨ ਹੋਈਆਂ। ਇਨ੍ਹਾਂ ਖੇਡਾਂ ਦਾ ਉਦਘਾਟਨ ਮੁੱਖ ਮਹਿਮਾਨ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕੀਤਾ। ਸਮਾਗਮ ਵਿੱਚ ਸਮਾਜ ਸੇਵੀ ਸੰਜੀਵ ਅਰੋੜਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ

ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵਿੱਚ ਪ੍ਰਤਿਭਾ, ਆਤਮ-ਵਿਸ਼ਵਾਸ ਅਤੇ ਅੱਗੇ ਵਧਣ ਦੀ ਭਰਪੂਰ ਸਮਰੱਥਾ ਹੁੰਦੀ ਹੈ। ਲੋੜ ਸਿਰਫ਼ ਉਨ੍ਹਾਂ ਨੂੰ ਉਚਿਤ ਮੌਕੇ, ਹੱਲਾਸ਼ੇਰੀ ਅਤੇ ਸਹਿਯੋਗ ਦੇਣ ਦੀ ਹੈ।

ਖੇਡਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਵਿਕਸਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਤਿਆਰ ਕਰਨ ਵਾਲੇ ਅਧਿਆਪਕਾਂ ਦੀ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਮਾਪਿਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ, ਹੌਸਲੇ ਅਤੇ ਨਿਰੰਤਰ ਯਤਨਾਂ ਸਦਕਾ ਬੱਚੇ ਇਸ ਮੁਕਾਮ ਤੱਕ ਪਹੁੰਚੇ ਹਨ।

ਉਨ੍ਹਾਂ ਉਮੀਦ ਜਤਾਈ ਕਿ ਇਹ ਵਿਦਿਆਰਥੀ ਭਵਿੱਖ ਵਿੱਚ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਜ਼ਿਲ੍ਹੇ ਅਤੇ ਸੂਬੇ ਦਾ ਨਾਂਅ ਰੌਸ਼ਨ ਕਰਨਗੇ। ਇਸ ਮੌਕੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਅਧਿਆਪਕਾਂ, ਪ੍ਰਬੰਧਕਾਂ, ਮਾਪਿਆਂ, ਸਹਿਯੋਗੀਆਂ ਅਤੇ ਸੇਵਾ ਕਰਨ ਵਾਲੀਆਂ ਸੰਸਥਾਵਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸਰਬੱਤ ਦਾ ਭਲਾ ਸੋਸਾਇਟੀ, ਹੁਸ਼ਿਆਰਪੁਰ ਦੇ ਪ੍ਰਧਾਨ ਆਗਿਆਪਾਲ ਸਿੰਘ ਸਾਹਨੀ, ਰੋਹਤਾਸ਼ ਜੈਨ ਅਤੇ ਗੁਰੂ ਰਾਮਦਾਸ ਲੰਗਰ ਸੇਵਾ ਵੱਲੋਂ ਬਾਬਾ ਮਨਜੀਤ ਸਿੰਘ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਮੌਕੇ ਸਥਾਨਕ ਕੌਂਸਲਰ ਅਤੇ ਪਾਰਟੀ ਦੇ ਸਪੋਰਟਸ ਇੰਚਾਰਜ ਵਰਿੰਦਰ ਦੱਤ ਵੈਦ ਵੀ ਮੌਜੂਦ ਸਨ।

# ਹਾਵਰਡ ਲੇਨ ਸੀਨੀਅਰ ਸਕੂਲ ਦੇ ਵਿਦਿਆਰਥੀਆਂ ਮਾਰੀਆਂ ਮੱਲਾਂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਹਾਵਰਡ ਲੇਨ ਸੀਨੀਅਰ ਸਕੂਲ, ਠੱਠਾ ਦੇ ਹੋਣਹਾਰ ਵਿਦਿਆਰਥੀਆਂ ਨੇ ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼ (173) ਵੱਲੋਂ ਕਰਵਾਏ ਗਏ ਅੰਤਰ-ਸਕੂਲ ਮੁਕਾਬਲੇ 'ਅੰਮ੍ਰਿਤਸਰ ਫਿਊਜ਼ਨ-2026' ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਅਕਾਦਮਿਕ, ਤਕਨੀਕੀ, ਸੱਭਿਆਚਾਰਕ ਅਤੇ ਕਲਾਤਮਕ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।ਇਸ ਮੁਕਾਬਲੇ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਮਾਡਲ ਪ੍ਰੈਜ਼ੈਂਟੇਸ਼ਨ ਅਤੇ ਪੋਸਟਰ ਮੇਕਿੰਗ ਵਿੱਚ ਪਹਿਲਾ ਉਪ-ਜੇਤੂ (ਫਸਟ ਰਨਰ-ਅੱਪ), ਜਦਕਿ ਨੇਲ ਆਰਟ ਵਿੱਚ ਦੂਜਾ ਉਪ-ਜੇਤੂ (ਸੈਕਿੰਡ ਰਨਰ-ਅੱਪ) ਸਥਾਨ ਹਾਸਲ ਕਰਕੇ ਵਿਸ਼ੇਸ਼ ਪ੍ਰਾਪਤੀ ਦਰਜ ਕੀਤੀ। ਵਿਦਿਆਰਥੀਆਂ ਨੇ ਵਾਦ-ਵਿਵਾਦ, ਭਾਸ਼ਣ ਕਲਾ, ਸਮੂਹ ਚਰਚਾ, ਪ੍ਰਸ਼ਨੋਤਰੀ ਅਤੇ ਲੇਖ ਰਚਨਾ ਵਰਗੇ ਬੌਧਿਕ ਮੁਕਾਬਲਿਆਂ ਵਿੱਚ ਵੀ ਸਕੂਲ ਦੀ ਨੁਮਾਇੰਦਗੀ ਕੀਤੀ। ਇਸ ਤੋਂ

ਇਲਾਵਾ ਇਕੱਲੇ ਗਾਇਨ, ਇਕੱਲੇ ਨਾਚ, ਕਵਿਤਾ ਉਚਾਰਨ, ਸਮੂਹ ਨਾਚ, ਗਿੱਧਾ, ਕੋਲਾਜ਼ ਮੇਕਿੰਗ ਅਤੇ ਮਹਿੰਦੀ ਮੁਕਾਬਲੇ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਵੀ ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ।ਸਕੂਲ ਦੀ ਇਸ ਪ੍ਰਾਪਤੀ 'ਤੇ ਪ੍ਰਿੰਸੀਪਲ ਅਤੇ ਸਕੂਲ ਪ੍ਰਬੰਧਕ ਕਮੇਟੀ ਨੇ ਜੇਤੂ ਵਿਦਿਆਰਥੀਆਂ ਸਮੇਤ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੱਤੀ।

# ਨਿਝੱਰ 2 ਨੂੰ ਸੰਭਾਲਣਗੇ ਮਾਰਕੀਟ ਕਮੇਟੀ ਦੇ ਚੇਅਰਮੈਨ ਦਾ ਅਹੁਦਾ

**ਆਦਮਪੁਰ, (ਪਰਮਜੀਤ ਸਿੰਘ)**- ਆਦਮਪੁਰ ਦੋਆਬਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਦੀ ਅਗਵਾਈ ਹੇਠ ਆਦਮਪੁਰ ਮਾਰਕੀਟ ਕਮੇਟੀ ਦੇ ਨਵ-

ਨਿਯੁਕਤ ਚੇਅਰਮੈਨ ਹਰਕੀਤ ਸਿੰਘ 2 ਨਵੰਬਰ ਨੂੰ ਰਸਮੀ ਤੌਰ 'ਤੇ ਆਪਣਾ ਚੇਅਰਮੇਨ ਦਾ ਅਹੁਦਾ ਸੰਭਾਲਣਗੇ । ਇਸ ਸਬੰਧੀ ਮਾਰਕੀਟ ਕਮੇਟੀ ਦਫ਼ਤਰ ਵਿਖੇ ਇੱਕ ਵਿਸ਼ੇਸ਼ ਸਮਾਗਮ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਕਰਵਾਇਆ ਜਾਵੇਗਾ, ਜਿਸ ਵਿੱਚ ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਹਮੇਸ਼ਾ ਮਿਹਨਤੀ, ਇਮਾਨਦਾਰ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਰਕਰਾਂ ਦਾ ਪੂਰਾ ਮਾਣ-ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਹਰਕੀਤ ਸਿੰਘ ਦੀ ਨਿਯੁਕਤੀ ਨਾਲ ਮਾਰਕੀਟ ਕਮੇਟੀ ਦੇ ਕੰਮਕਾਜ ਵਿੱਚ ਹੋਰ ਤੇਜ਼ੀ ਆਵੇਗੀ ਅਤੇ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ/ਵਪਾਰੀਆਂ ਨੂੰ ਆਉਂਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਨਵ-ਨਿਯੁਕਤ ਚੇਅਰਮੈਨ ਹਰਕੀਤ ਸਿੰਘ ਨੇ ਆਪਣੀ ਇਸ ਨਿਯੁਕਤੀ ਲਈ ਪਾਰਟੀ ਹਾਈਕਮਾਨ, ਮੁੱਖ ਮੰਤਰੀ ਭਗਵੰਤ ਮਾਨ ਅਤੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਦਾ ਧੰਨਵਾਦ ਕੀਤਾ।

# ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਬਟਾਲਾ-1 ਸਫ਼ਲਤਾਪੂਰਵਕ ਸੰਪੰਨ

**ਬਟਾਲਾ (ਡਾ. ਮਲਵਿੰਦਰ ਸਿੰਘ)**- ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਖੇਡ ਕੈਲੰਡਰ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਪਰਮਜੀਤ ਦੀ ਅਗਵਾਈ ਵਿੱਚ ਪ੍ਰਿੰਸੀਪਲ ਮੈਡਮ ਜਸਬੀਰ ਕੌਰ ਦੇ ਸਹਿਯੋਗ ਨਾਲ ਬੀਤੇ ਦਿਨੀਂ ਸ਼ੁਰੂ ਹੋਈਆਂ 2 ਰੋਜ਼ਾ ਬਲਾਕ ਬਟਾਲਾ -1 ਦੀਆਂ ਬਲਾਕ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਸਫ਼ਲਤਾ ਪੂਰਵਕ ਸੰਪੰਨ ਹੋ ਗਈਆਂ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ. ਜਸਵਿੰਦਰ ਸਿੰਘ ਵੱਲੋਂ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।ਇਸ ਮੌਕੇ ਬਲਾਕ ਅਫ਼ਸਰ ਜਸਵਿੰਦਰ ਸਿੰਘ ਨੇ ਕਿਹਾ ਕਿ ਖੇਡਾਂ ਦਾ ਮਨੁੱਖੀ ਜੀਵਨ ਵਿੱਚ ਅਹਿਮ ਸਥਾਨ ਹੈ ਅਤੇ ਹਰ ਵਿਦਿਆਰਥੀ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ।ਉਨ੍ਹਾਂ ਬਲਾਕ ਬਟਾਲਾ -1 ਦੇ ਅਧਿਆਪਕਾਂ ਵੱਲੋਂ ਅਨੁਸ਼ਾਸਨ ਨਾਲ ਕਰਵਾਈਆਂ ਬਲਾਕ ਪੱਧਰੀ ਖੇਡਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਸ.ਸ.ਸ.ਸ. ਜੈਤੋਸਰਜਾ ਦੇ ਖੇਡ ਮੈਦਾਨ ਵਿਖੇ ਕਰਵਾਈਆਂ ਗਈਆਂ ਹਨ ਜਿਸ ਵਿੱਚ ਕਲੱਸਟਰ ਪੱਧਰ ਤੇ ਜੇਤੂ ਬੱਚਿਆਂ ਭਾਗ ਲਿਆ ਹੈ ਅਤੇ ਹੁਣ ਬਲਾਕ ਪੱਧਰ ਤੇ ਜੇਤੂ ਰਹੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਭਾਗ ਲੈ ਕੇ ਵਧੀਆ

ਪ੍ਰਦਰਸ਼ਨ ਕਰਨਗੇ।ਇਸ ਮੌਕੇ ਵਿਦਿਆਰਥੀਆਂ ਵੱਲੋਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਗਿਆ।ਯੰਗ ਫਾਰਮਰਜ਼ ਕਲੱਬ ਜੈਤੋਸਰਜਾ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਯੋਗਦਾਨ ਰਾਸ਼ੀ ਭੇਟ ਕੀਤੀ ਗਈ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਕਲੱਸਟਰ ਜੈਤੋਸਰਜਾ ਵੱਲੋਂ ਮੇਜ਼ਬਾਨੀ ਕਰਦੇ ਹੋਏ ਲਗਾਤਾਰ ਚੌਥੀ ਵਾਰ ਬਲਾਕ ਪੱਧਰੀ ਖੇਡਾਂ ਕਰਵਾਈਆਂ ਗਈਆਂ ਹਨ। ਇਸ ਮੌਕੇ ਬਲਾਕ ਸਪੋਰਟਸ ਅਫ਼ਸਰ ਨਵਜੋਤ ਕੌਰ ਇਲਾਕਾ ਵਾਸੀ ਸਤਨਾਮ ਸਿੰਘ , ਇਕਬਾਲ ਸਿੰਘ, ਸੈਂਟਰ ਮੁੱਖ ਅਧਿਆਪਕ ਹਰਪਿੰਦਰਪਾਲ ਕੌਰ, ਵਿਨੋਦ ਸ਼ਰਮਾ, ਗੁਰਪ੍ਰਤਾਪ ਸਿੰਘ, ਅਮਰਜੀਤ ਕੌਰ, ਜਸਵਿੰਦਰ ਸਿੰਘ , ਅਮਨਦੀਪ ਕੌਰ, ਹੈੱਡ ਟੀਚਰ ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਸਪਾਲ ਸਿੰਘ ਕਾਹਲੋਂ, ਲਖਬੀਰ ਸਿੰਘ, ਸੁਖਦੇਵ ਸਿੰਘ, ਸੂਰਜ ਪ੍ਰਕਾਸ਼, ਲਖਬੀਰ ਸਿੰਘ ਅੰਮੋਨੰਗਲ, ਪ੍ਰਿਯਕਾ, ਅਜੈਪਾਲ ਸਿੰਘ, ਸੁਖਦੇਵ ਸਿੰਘ, ਸਰਬਜੀਤ ਸਿੰਘ, ਮੀਡੀਆ ਇੰਚਾਰਜ ਗਗਨਦੀਪ ਸਿੰਘ, ਲੈਕਚਰਾਰ ਰਣਜੀਤ ਭਗਤ, ਡੀ.ਪੀ. ਪਰਮਿੰਦਰ ਸਿੰਘ, ਡੀ. ਪੀ. ਰਮਨਦੀਪ ਸਿੰਘ, ਪੀ. ਟੀ. ਰਾਜਕੁਮਾਰ, ਅਮਿਤ ਸਿੰਘ, ਰਾਮ ਸਿੰਘ, ਜਤਿੰਦਰ ਸਿੰਘ ਬੱਜੂਮਾਨ , ਅਮਰਜੀਤ ਸਿੰਘ, ਸਰਬਜੀਤ ਸਿੰਘ, ਸੁਖਦੇਵ ਸਿੰਘ , ਸੰਦੇਸ ਕੁਮਾਰ, ਅਮਿਤ ਸਿੰਘ, ਸੰਜੀਵ ਵਰਮਾ, ਰੂਪ ਕੌਰ, ਸੰਦੀਪ ਕੌਰ, ਪਰਮਵੀਰ ਸਿੰਘ ਤੁੰਗ, ਪਲਵਿੰਦਰ ਸਿੰਘ, ਅਰਵਿੰਦਰਪਾਲ ਸਿੰਘ, ਬਲਜਿੰਦਰ ਸਿੰਘ, ਜਸਪਾਲ ਸਿੰਘ, ਪਰਮਜੀਤ ਕੌਰ, ਵਰਿੰਦਰ ਕੌਰ, ਆਨੰਦਪ੍ਰੀਤ ਕੌਰ, ਜਤਿੰਦਰ ਕੌਰ, ਅਮਨਦੀਪ ਕੌਰ, ਸੁਨੀਤਾ, ਰੇਖਾ ਸ਼ਰਮਾ, ਮੈਡਮ ਰਜਨੀ ਆਦਿ ਹਾਜ਼ਰ ਸਨ।

# ਗੁਰਦਾਸਪੁਰ ਤੋਂ ਨਾਈਟ ਬੱਸ ਸਰਵਿਸ ਚਲਾਉਣ ਦੀ ਮੰਗ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਜ਼ਿਲ੍ਹਾ ਹੈੱਡਕੁਆਰਟਰ ਹੋਣ ਕਾਰਨ ਇਥੋਂ ਕਿਸੇ ਵੀ ਵੱਡੇ ਸ਼ਹਿਰ ਨੂੰ ਨਾਈਟ ਬੱਸ ਸਰਵਿਸ ਨਾ ਹੋਣ ਕਾਰਨ ਲੋਕਾਂ ਵਿਚ ਪੰਜਾਬ ਸਰਕਾਰ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੇ ਦੱਸਿਆ ਕਿ ਗੁਰਦਾਸਪੁਰ ਸ਼ਹਿਰ ਅਤੇ ਆਲੇ ਦੁਆਲੇ ਕਸਬਿਆਂ ਦੇ ਲੋਕਾਂ ਨੂੰ ਚੰਡੀਗੜ੍ਹ, ਦਿੱਲੀ, ਜੰਮੂ, ਕਟੜਾ ਆਦਿ ਸ਼ਹਿਰਾਂ ਨੂੰ ਰਾਤ ਸਮੇਂ ਸਫ਼ਰ ਕਰਨ ਵਾਸਤੇ ਕੋਈ ਵੀ ਨਾਈਟ ਬਸ ਸਰਵਿਸ ਨਾ ਹੋਣ ਕਾਰਨ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਲੋਕਾਂ ਦੱਸਿਆ ਕਿ ਰਾਤ ਦੇ ਸਮੇਂ ਨਾਈਟ ਬੱਸ ਸਰਵਿਸ ਹੋਣ ਨਾਲ ਉਨ੍ਹਾਂ ਦਾ ਕਾਫ਼ੀ ਸਮਾਂ ਜਿਥੇ ਬਚਦਾ ਹੈ ਉਥੇ । ਖ਼ਾਸ ਕਰਕੇ ਵਪਾਰੀ ਲੋਕ ਜੋ ਗੁਰਦਾਸਪੁਰ ਤੋਂ ਦਿਲੀ ਅਤੇ ਹੋਰਨਾਂ ਸ਼ਹਿਰਾਂ ਵਿੱਚ ਸਾਮਾਨ ਖ਼ਰੀਦਣ ਲਈ ਜਾਂਦ ਹਨ, ਉਨ੍ਹਾਂ ਨੂੰ ਰਾਤ ਸਫ਼ਰ ਕਰਕੇ ਦਿਨ ਚੜ੍ਹਦੇ ਦਿੱਲੀ ਆਦਿ ਵਰਗੇ ਸ਼ਹਿਰਾਂ ਵਿੱਚ ਪਹੁੰਚ ਜਾਂਦੇ ਹਨ ਜਿਥੇ ਸਾਰਾ ਦਿਨ ਆਪਣਾ ਸਾਮਾਨ ਵਗੈਰਾ ਖ਼ਰੀਦ ਕੇ ਫ਼ਿਰ ਸ਼ਾਮ ਨੂੰ ਦਿੱਲੀ ਤੋਂ ਵਾਪਸ ਆਪਣੇ ਘਰਾਂ ਨੂੰ ਪਰਤ ਆਉਂਦੇ ਹਨ ਜਿਸ ਨਾਲ ਉਨ੍ਹਾਂ ਦਾ ਕੰਮਕਾਜ ਦਾ ਇਕ ਦਿਨ ਹੀ ਖ਼ਰਾਬ ਹੁੰਦਾ ਹੈ ਅਤੇ ਰਾਤ ਦੇ ਸਮੇਂ ਸੜਕਾਂ

ਦੇ ਟਰੈਫ਼ਿਕ ਵੀ ਘੱਟ ਹੁੰਦੀ ਹੈ ਜਿਸ ਨਾਲ ਸਫ਼ਰ ਵੀ ਆਰਾਮ ਨਾਲ ਕੱਟਿਆ ਜਾਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਵਿਚ ਪਹਿਲਾਂ ਹੀ ਨਾਈਟ ਬੱਸ ਸਰਵਿਸ ਚਾਲੂ ਹੈ ਜਿਸ ਦਾ ਲੋਕਾਂ ਦਾ ਕਾਫ਼ੀ ਲਾਭ ਮਿਲ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਕਦੀ ਉਹ ਆਪਣੇ ਕੰਮਕਾਜ ਤੋਂ ਲੇਟ ਹੋ ਜਾਂਦੇ ਹਨ ਖ਼ਾਸਕਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਦੇਰ ਸ਼ਾਮ ਆਉਣ ਲਈ ਕੋਈ ਬੱਸ ਨਾ ਮਿਲਣ ਕਾਰਨ ਕਾਫ਼ੀ ਖੱਜਲ-ਖ਼ੁਆਰ ਹੋਣਾ ਪੈਂਦਾ ਹੈ। ਜੇਕਰ ਚੰਡੀਗੜ੍ਹ ਤੋਂ ਵੀ ਨਾਈਟ ਬੱਸ ਸਰਵਿਸ ਗੁਰਦਾਸਪੁਰ ਨੂੰ ਆਉਂਦੀ ਹੋਵੇ ਤਾਂ ਲੋਕਾਂ ਨੂੰ ਕਾਫ਼ੀ ਆਰਾਮ ਮਿਲੇਗਾ। ਲੋਕਾਂ ਨੇ ਕਿਹਾ ਗੁਰਦਾਸਪੁਰ ਤੋਂ ਰਾਤ ਸਮੇਂ ਬੱਸ ਨਾ ਮਿਲਣ ਕਰਕੇ ਉਨ੍ਹਾਂ ਨੂੰ ਬਟਾਲਾ, ਮੁਕੇਰੀਆਂ, ਪਠਾਨਕੋਟ ਤੱਕ ਵੀ ਜਾਣਾ ਕਾਫ਼ੀ ਮੁਸ਼ਕਿਲ ਬਣ ਜਾਂਦਾ ਹੈ ਅਤੇ ਐਮਰਜੈਂਸੀ ਵਿਚ ਇਨ੍ਹਾਂ ਥਾਵਾਂ 'ਤੇ ਜਾਣ ਵਾਸਤੇ ਬੱਸ ਕਿਰਾਇਆ ਕਰੀਬ 40 ਰੁਪਏ ਦੀ ਬਜਾਏ ਟੈਕਸੀ ਰਾਹੀਂ ਜ਼ਿਆਦਾ ਪੈਸੇ ਖਰਚ ਕਰਕੇ ਜਾਣਾ ਪੈਂਦਾ ਹੈ। ਇਲਾਕਾ ਵਾਸੀਆਂ ਦੀ ਟਰਾਂਸਪੋਰਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਅਤੇ ਜੀ. ਐੱਮ. ਰੋਡਵੇਜ਼ ਬਟਾਲਾ ਡਿਪੂ ਅਤੇ ਪੰਜਾਬ ਰੋਡਵੇਜ਼ ਪਠਾਨਕੋਟ ਡਿਪੂ ਜਨਰਲ ਮੈਨੇਜਰ ਪਾਸੋਂ ਮੰਗ ਹੈ ਕਿ ਗੁਰਦਾਸਪੁਰ ਸ਼ਹਿਰ ਤੋਂ ਚੰਡੀਗੜ੍ਹ, ਦਿੱਲੀ, ਹਰੀਦੁਆਰ, ਜੰਮੂ, ਕਟੜਾ ਤੋਂ ਇਲਾਵਾ ਛੋਟੇ ਕਸਬਿਆਂ ਮੁਕੇਰੀਆਂ, ਪਠਾਨਕੋਟ, ਅੰਮ੍ਰਿਤਸਰ ਆਦਿ ਸ਼ਹਿਰਾਂ ਨੂੰ ਨਾਈਟ ਬੱਸ ਸਰਵਿਸ ਸ਼ੁਰੂ ਕੀਤੀ ਜਾਵੇ ਜਿਸ ਨਾਲ ਇਸ ਪੱਛੜੇ ਅਤੇ ਬਾਰਡਰ ਏਰੀਏ ਦੇ ਲੋਕਾਂ ਨੂੰ ਰਾਤ ਸਮੇਂ ਬੱਸ ਸਹੂਲਤ ਮਿਲ ਸਕੇ।

# ਤਰਲੋਕ ਸਾਹੀ ਨੇ ਪ੍ਰਗਟ ਸਿੰਘ, ਉਦੈ ਚਿੱਬ ਭਾਨੂੰ ਤੇ ਸੂਰਜ ਠਾਕੁਰ ਨਾਲ ਕੀਤੀ ਮੁਲਾਕਾਤ

**ਦਸੂਹਾ (ਕਰਨੈਲ ਮਾਂਗਟ)**- ਕਾਂਗਰਸ ਭਵਨ ਚੰਡੀਗੜ੍ਹ ਵਿਖੇ ਦਸੂਹਾ ਤੋ ਕਾਂਗਰਸ ਦੇ ਸਰਗਰਮ ਆਗੂ ਤਰਲੋਕ ਸਿੰਘ ਸਾਹੀ ਜਰਨਲ ਸਕੱਤਰ ਪੰਜਾਬ ਅਤੇ ਸਿਮਰਨਜੀਤ ਸਿੰਘ ਸਾਹੀ ਯੂਥ ਵਾਈਸ ਪ੍ਰਧਾਨ ਹਲਕਾ ਦਸੂਹਾ ਕਾਂਗਰਸ ਵੱਲੋਂ ਪ੍ਰਗਟ ਸਿੰਘ ਪ੍ਰਧਾਨ ਪੰਜਾਬ ਕਾਂਗਰਸ, ਉਦੈ ਚਿੱਬ ਭਾਨੂੰ ਪ੍ਰਧਾਨ ਆਲ ਇੰਡੀਆ ਯੂਥ ਕਾਂਗਰਸ,ਸਹਿ ਪ੍ਰਭਾਰੀ ਪੰਜਾਬ ਸੂਰਜ ਠਾਕੁਰ,ਹੈਪੀ ਖੇੜਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਤੇ ਸੰਗਰੂਰ ਵਿਖੇ ਹੋਣ ਵਾਲੀ ਰੈਲੀ ਸੰਬੰਧੀ ਸੀਨੀਅਰ ਲੀਡਰਾਂ ਵੱਲੋਂ ਡਿਊਟੀ ਲਗਾਈ ਗਈ ਅਤੇ ਸੰਗਰੂਰ ਵਿਖੇ ਵੱਧ ਤੋਂ ਵੱਧ ਵਰਕਰਾਂ ਨੂੰ ਨਾਲ ਲੈ ਰੈਲੀ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ। ਇਸ ਮੌਕੇ ਤੇ 2027 ਵਿਧਾਨਸਭਾ ਚੋਣਾਂ ਸਬੰਧੀ ਵਿਧਾਨ ਸਭਾ ਹਲਕਾ ਦਸੂਹਾ ਬਾਰੇ ਵਿਚਾਰ ਵਿਟਾਂਦਰਾ ਕੀਤਾ ਗਿਆ।

ਇਸ ਮੁਲਾਕਾਤ ਦੌਰਾਨ ਕਾਂਗਰਸ ਦੇ ਸਰਗਰਮ ਆਗੂ ਤਰਲੋਕ ਸਿੰਘ ਸਾਹੀ ਤੇ ਯੂਥ ਆਗੂ ਸਿਮਰਜੀਤ ਸਿੰਘ ਸਾਹੀ ਨੇ ਕਾਂਗਰਸ ਦੇ ਸੀਨੀਅਰ ਆਗੂਆਂ ਨਾਲ ਮੁਲਾਕਾਤ ਕਰਕੇ ਪਾਰਟੀ ਦੀਆਂ ਸਿਆਸੀ ਸਰਗਰਮੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਕਾਂਗਰਸ ਦੇ ਹੋਰ ਪ੍ਰਮੁੱਖ ਆਗੂਆਂ ਦੀ ਮੌਜੂਦਗੀ ਵੀ ਦੇਖਣ ਨੂੰ ਮਿਲੀ। ਉਨਾਂ ਨੇ ਕਿਹਾ ਕਿ ਕਾਂਗਰਸ ਪੂਰੀ ਤਰਾਂ ਦੇ ਨਾਲ ਇੱਕਜੁੱਟ ਹੈ ਅਤੇ 2027 ਵਿੱਚ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਮਜਬੂਤੀ ਨਾਲ ਬਣੇਗੀ।

# ਟਰੇਨ ਦੀ ਲਪੇਟ 'ਚ ਆਉਣ ਨਾਲ ਵਿਅਕਤੀ ਦੀ ਮੌਤ

**ਫਿਲੌਰ (ਨਿਰਮਲ)**- ਫਿਲੌਰ ਰੇਲਵੇ ਸਟੇਸ਼ਨ ਨੇੜੇ ਰੇਲਵੇ ਲਾਈਨਾਂ ਪਾਰ ਕਰਦੇ ਸਮੇਂ ਇੱਕ ਵਿਅਕਤੀ ਟਰੇਨ ਦੀ ਲਪੇਟ ਵਿੱਚ ਆ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਪੁਲਸ ਚੌਂਕੀ ਫਿਲੌਰ ਦੇ ਥਾਣੇਦਾਰ ਪ੍ਰੇਮ ਨਾਥ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਫਿਲੌਰ ਰੇਲਵੇ ਸਟੇਸ਼ਨ ਦੇ ਨਜ਼ਦੀਕ ਇੱਕ ਵਿਅਕਤੀ ਰੇਲਵੇ ਲਾਈਨਾਂ ਪਾਰ ਕਰਦੇ ਸਮੇਂ ਟਰੇਨ ਦੀ ਲਪੇਟ ਵਿੱਚ ਆ ਗਿਆ ਹੈ। ਮ੍ਰਿਤਕ ਦੀ ਪਹਿਚਾਣ ਬਲਜਿੰਦਰ ਸਿੰਘ ਵਾਸੀ ਪਿੰਡ ਗਾਂਧਰਾ, ਨਕੋਦਰ ਵਜੋਂ ਹੋਈ ਹੈ, ਜਿਸ ਦੀ ਉਮਰ ਕਰੀਬ 45 ਤੋਂ 50 ਸਾਲ ਦੱਸੀ ਜਾ ਰਹੀ ਹੈ। ਉਹ ਫਿਲੌਰ ਵਿਖੇ ਸਕਿਓਰਿਟੀ ਗਾਰਡ ਵਜੋਂ ਕੰਮ ਕਰਦਾ ਸੀ। ਥਾਣੇਦਾਰ ਪ੍ਰੇਮ ਨਾਥ ਨੇ ਦੱਸਿਆ ਕਿ ਮ੍ਰਿਤਕ ਦੀ ਦੇਹ ਨੂੰ ਫਿਲੌਰ ਦੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ 72 ਘੰਟਿਆਂ ਲਈ ਰਖਵਾ ਦਿੱਤਾ ਗਿਆ ਹੈ ਅਤੇ ਮ੍ਰਿਤਕ ਦੇ ਵਾਰਸਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਵਾਰਸਾਂ ਦੇ ਪਹੁੰਚਣ ਅਤੇ ਪੋਸਟਮਾਰਟਮ ਦੀ ਕਾਰਵਾਈ ਤੋਂ ਬਾਅਦ ਮ੍ਰਿਤਕ ਦੇਹ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਜਾਵੇਗੀ। ਪੁਲਸ ਵੱਲੋਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਪੁਸਤਕ ਮੇਲੇ ਦੌਰਾਨ ਸੱਭਿਆਚਾਰਕ ਤੇ ਵਿਰਾਸਤੀ ਪੇਸ਼ਕਾਰੀਆਂ ਬੰਨਣਗੀਆਂ ਰੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬੀ ਵਿਕਾਸ ਮੰਚ ਹਰਿਆਣਾ ਵੱਲੋਂ ਭਾਸ਼ਾ ਵਿਭਾਗ ਦਫਤਰ ਹੁਸ਼ਿਆਰਪੁਰ ਅਤੇ ਇਲਾਕੇ ਦੀਆਂ ਵੱਖ ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਮਿਤੀ 5 ਅਤੇ 6 ਨਵੰਬਰ ਨੂੰ ਕਰਵਾਏ ਜਾ ਰਹੇ ਵਿਸ਼ਾਲ ਪੁਸਤਕ ਮੇਲੇ ਅਤੇ ਪ੍ਰਭਜੀਤ ਸਿੰਘ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਦਸਵੇਂ ਪੁਸਤਕ ਮੇਲੇ ਅਤੇ ਵਿਰਾਸਤੀ ਉਤਸਵ ਦੇ ਪਹਿਲੇ ਦਿਨ 5 ਨਵੰਬਰ ਨੂੰ ਪੰਜਾਬੀ ਲੇਖਕ ਅਮਰੀਕ ਦਿਆਲ (ਛਿੰਝ ਛੇਰਾਹਾਂ ਦੀ ) ਡਾਕਟਰ ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਤੇ ਖੋਜ ਅਫਸਰ ਪੰਜਾਬੀ ਬੋਲੀ ਅਤੇ ਨਿਮਾਣਾ ਨੇ ਦੱਸਿਆ ਕਿ ਪੁਸਤਕ ਮੇਲੇ ਦੇ ਦੋਵੇਂ ਦਿਨ ਪੰਜਾਬ ਦੇ ਸਿਰ ਕੱਢ ਪੁਸਤਕ ਪ੍ਰਕਾਸ਼ਕਾਂ ਦੀਆਂ ਵੱਖ ਵੱਖ ਵਿਸ਼ਿਆਂ ਅਤੇ ਸਾਹਿਤਿਕ ਵਧਾਵਾਂ ਨਾਲ ਸੰਬੰਧਿਤ ਪੁਸਤਕਾਂ ਪਾਠਕਾਂ ਨੂੰ ਸਸਤੀਆਂ ਦਰਾਂ ਉੱਤੇ ਉਪਲਬਧ ਹੋਣਗੀਆਂ। ਉਨਾਂ ਦੱਸਿਆ ਕਿ ਮੇਲੇ ਦੇ ਦੋਵੇਂ ਦਿਨ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਨਾਲ ਸੰਬੰਧਿਤ ਕਲਾਤਮਕ ਬਣ ਗਈਆਂ ਵੰਨਗੀਆਂ ਪੰਜਾਬ ਦੇ ਲੋਕ ਨਾਚ ਲੋਕ ਗੀਤ ਕੋਰੀਓਗ੍ਰਾਫੀ ਭੰਡ ਕਲਾਵਾਂ ਅਤੇ ਪਰੰਪਰਾਗਤ ਲੋਕ ਗੀਤਾਂ ਦੀਆਂ ਵੰਨਗੀਆਂ ਦੀ ਪੇਸ਼ਕਾਰੀ ਕਰਨਗੇ।

ਵਿਰਾਸਤੀ ਉਤਸਵ ਦੌਰਾਨ ਪੁਸਤਕ ਪ੍ਰਦਰਸ਼ਨੀਆਂ ਦੇ ਨਾਲ ਨਾਲ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਆਪਣੀਆਂ ਸੱਭਿਆਚਾਰਕ ਤੇ ਵਿਰਾਸਤੀ ਵਨਗੀਆਂ ਨਾਲ ਮੇਲੇ ਦੀ ਰੌਣਕ ਵਿੱਚ ਵਾਧਾ ਕਰਨਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਡੱਲੇਵਾਲ ਦੇ ਪ੍ਰਿੰਸੀਪਲ ਡਾਕਟਰ ਧੀਰਜ ਕੁਮਾਰ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਐਜੂਕੇਸ਼ਨਲ ਟਰਸਟ ਦੇ ਚੇਅਰਮੈਨ ਇੰਜੀਨੀਅਰ ਸੱਭਿਆਚਾਰ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਵਿਸ਼ੇ ਉੱਤੇ ਆਪਣੇ ਵਿਚਾਰ ਪੇਸ਼ ਕਰਨਗੇ, ਜਦਕਿ ਮਿਤੀ 6 ਨਵੰਬਰ ਨੂੰ ਜਗਤ ਗੁਰੂ ਨਾਨਕ ਦੇਵ ਸੈਂਟਰਲ ਯੂਨੀਵਰਸਿਟੀ ਪਟਿਆਲਾ ਦੇ ਅਸਿਸਟੈਂਟ ਪ੍ਰੋਫੈਸਰ ਡਾਕਟਰ ਰਵੀਦਿਤ ਸਿੰਘ ਕੰਗ ਡਾਕਟਰ ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਨੂੰ ਦੇਣ ਬਾਰੇ ਆਪਣਾ ਪਰਚਾ ਪੜਨਗੇ। ਇਸ ਮੌਕੇ ਮੰਚ ਦੇ ਪ੍ਰਧਾਨ ਹਰਮੇਲ ਸਿੰਘ ਖੱਖ ਅਤੇ ਸਕੱਤਰ ਵਰਿੰਦਰ ਸਿੰਘ

ਇਸ ਮੌਕੇ ਪੰਜਾਬੀ ਵਿਕਾਸ ਮੰਚ ਹਰਿਆਣਾ ਦੇ ਮੁੱਖ ਬੁਲਾਰੇ ਸਰਬਜੀਤ ਸਿੰਘ ਕੰਗ, ਸਲਾਹਕਾਰ ਹਰਜੀਤ ਸਿੰਘ ਖਾਲਸਾ ਅਰਵਿੰਦ ਸਿੰਘ ਧੂਤ ਬਾਗਵਾਨੀ ਮਾਹਿਰ, ਜਗਤਜੀਤ ਸਿੰਘ, ਮਲਕੀਤ ਬੱਸੀ,ਵਾਈਸ ਪ੍ਰਿੰਸੀਪਲ ਪੁਸ਼ਪਿੰਦਰ ਕੌਰ, ਪ੍ਰੋ. ਮੀਨਲ, ਪ੍ਰੋ. ਅਮਨਦੀਪ ਕੌਰ, ਪ੍ਰੋ. ਅਰੁਣ, ਪ੍ਰੋ. ਮਨਪ੍ਰੀਤ ਸਿੰਘ, ਪ੍ਰੋ. ਨੀਤੀ ਕਾਲੀਆ, ਪ੍ਰੋ. ਤਜਿੰਦਰ ਕੌਰ, ਪ੍ਰੋ. ਸਪਨਾ,ਪ੍ਰੋ ਸ਼ੁਸ਼ਮਨ, ਪ੍ਰੋ. ਕੁਲਵੰਤ ਕੌਰ, ਪ੍ਰੋ. ਸੁਖਵਿੰਦਰ ਕੌਰ, ਪ੍ਰੋ. ਨੀਰੂ,ਪ੍ਰੋ. ਰਮਨਦੀਪ ਕੌਰ, ਮੁਕੇਸ਼ ਕੁਮਾਰ ਆਦਿ ਵੀ ਹਾਜ਼ਰ ਸਨ।

# ਕਾਮਰੇਡ ਗੁਰਚਰਨ ਸਿੰਘ ਗਾਂਧੀ ਦਾ ਦਿਹਾਂਤ

**ਗੁਰਦਾਸਪੁਰ**- ਭਾਰਤੀ ਕਮਿਊਨਿਸਟ ਪਾਰਟੀ (ਸੀ. ਪੀ. ਆਈ.) ਦੇ ਸੂਬਾ ਆਗੂ ਅਤੇ ਉੱਘੀ ਸਾਹਿਤਕ ਸ਼ਖਸੀਅਤ ਕਾਮਰੇਡ ਗੁਰਚਰਨ ਸਿੰਘ ਗਾਂਧੀ (76) ਦਾ ਬੀਤੀ ਸ਼ਾਮ ਸੰਖੇਪ ਬਿਮਾਰੀ ਤੋਂ ਬਾਅਦ ਦੇਰ ਸ਼ਾਮ

ਦਿਹਾਂਤ ਗਿਆ। ਉਨ੍ਹਾਂ ਦੇ ਸਪੁੱਤਰ ਰਜਿੰਦਰ ਸਿੰਘ ਗਾਂਧੀ ਨੇ ਦੱਸਿਆ ਕਿ ਕਾਮਰੇਡ ਗਾਂਧੀ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਖੋਜ ਕਾਰਜਾਂ ਲਈ ਦਾਨ ਕਰ ਦਿੱਤਾ ਗਿਆ ਹੈ। ਸੁਹਿਰਦ ਚਿੰਤਕ, ਪ੍ਰਤੀਬੱਧ ਲੇਖਕ, 'ਸੂਹੀ ਸਵੇਰ' ਸਾਹਿਤਕ ਮੈਗਜ਼ੀਨ ਦੇ ਸੰਪਾਦਕ, ਅਗਾਂਹ-ਵਧੂ ਵਿਚਾਰਧਾਰਾ ਦੇ ਅਲੰਬਰਦਾਰ ਕਾਮਰੇਡ ਗੁਰਚਰਨ ਸਿੰਘ ਗਾਂਧੀ ਦੇ ਸੰਖੇਪ ਬਿਮਾਰੀ ਪਿੱਛੋਂ ਸਦੀਵੀ ਵਿਛੋੜਾ ਦੇ ਜਾਣ 'ਤੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਾਹਿਤ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ, ਜਨਰਲ ਸਕੱਤਰ ਮੰਗਤ ਚੰਚਲ, ਸੰਯੋਜਕ ਮੱਖਣ ਕੁਹਾੜ, ਸੀ. ਮੀਤ ਪ੍ਰਧਾਨ ਸੀਤਲ ਸਿੰਘ ਗੁੰਨੋਪੁਰੀ, ਮੀਤ ਪ੍ਰਧਾਨ ਡਾਕਟਰ ਰਜਵਿੰਦਰ ਕੌਰ ਨਾਗਰਾ, ਪ੍ਰੈੱਸ ਸਕੱਤਰ ਸੁੱਚਾ ਸਿੰਘ ਪਸਨਾਵਾਲਾ, ਸਕੱਤਰ ਗੁਰਮੀਤ ਸਿੰਘ ਬਾਜਵਾ ਤੇ ਗੁਰਪ੍ਰੀਤ ਸਿੰਘ ਰੰਗੀਲਪੁਰ, ਡਾਕਟਰ ਸੁਰਿੰਦਰ ਸ਼ਾਂਤ, ਸੁਖਵਿੰਦਰ ਰੰਧਾਵਾ, ਨਿਸ਼ਾਨ ਸਿੰਘ ਜੌੜਾ ਸਿੰਘਾ ਤੇ ਹੋਰ ਕਾਰਜਕਾਰਨੀ ਮੈਂਬਰਾਂ ਨੇ ਕਾਮਰੇਡ ਗਾਂਧੀ ਦੇ ਕਰੀਬੀਆਂ, ਪਰਿਵਾਰਕ ਮੈਂਬਰਾਂ ਅਤੇ ਸਾਹਿਤਕ ਮਿੱਤਰਾਂ ਨਾਲ ਅਫ਼ਸੋਸ ਤੇ ਸੰਵੇਦਨਾ ਪ੍ਰਗਟ ਕੀਤੀ ਹੈ।

ਨਵਾਂ ਜ਼ਮਾਨਾ
ਸ਼ਨੀਵਾਰ, 31 ਅਕਤੂਬਰ 2026

# ਚੋਣ ਕਮਿਸ਼ਨ ਦੇ ਦਾਅਵੇ ਦੀ ਫੂਕ ਨਿਕਲੀ

ਚੋਣ ਕਮਿਸ਼ਨ ਦੇ ਇਸ ਦਾਅਵੇ ਕਿ ਵੋਟਰ ਸੂਚੀਆਂ ਦੀ ਡੂੰਘਾਈ 'ਚ ਸੋਧ (ਐੱਸ ਆਈ ਆਰ) ਦਾ ਉਦੇਸ਼ 'ਵਿਦੇਸ਼ੀ ਗੈਰਕਾਨੂੰਨੀ ਪ੍ਰਵਾਸੀਆਂ' ਨੂੰ ਹਟਾਉਣਾ ਸੀ, ਦੀ ਫੂਕ ਨਿਕਲ ਗਈ ਹੈ। ਸਰਕਰਦਾ ਅੰਗਰੇਜ਼ੀ ਅਖਬਾਰ 'ਹਿੰਦੁਸਤਾਨ ਟਾਈਮਜ਼' ਦੀ ਪੱਤਰਕਾਰ ਹਿਮਾਂਸ਼ੀ ਦਹੀਆ ਨੇ ਵਿਆਪਕ ਛਾਣਬੀਣ ਤੋਂ ਬਾਅਦ ਰਿਪੋਰਟ ਦਿੱਤੀ ਹੈ ਕਿ ਛੇ ਰਾਜਾਂ, ਜਿੱਥੇ ਵੋਟਰਾਂ ਦੀ ਕੁੱਲ ਗਿਣਤੀ ਲੱਗਭੱਗ 9.86 ਕਰੋੜ ਹੈ, ਵਿੱਚ ਸਿਰਫ 1,600 ਲੋਕਾਂ ਦੀ ਵਿਦੇਸ਼ੀ ਨਾਗਰਿਕ ਵਜੋਂ ਪਛਾਣ ਕੀਤੀ ਗਈ ਹੈ। ਭਾਜਪਾ ਵੋਟਰ ਸੂਚੀਆਂ ਵਿੱਚ ਗੈਰਕਾਨੂੰਨੀ ਪ੍ਰਵਾਸੀਆਂ ਨੂੰ 'ਪਛਾਣੋ, ਹਟਾਓ ਅਤੇ ਦੇਸ਼ ਵਿੱਚੋਂ ਕੱਢ ਦਿਓ' ਦੀ ਆਪਣੀ ਨੀਤੀ ਦੇ ਹਿੱਸੇ ਵਜੋਂ ਐੱਸ ਆਈ ਆਰ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵਿੱਚ ਅਜੇ ਵੀ ਲੱਗੀ ਹੋਈ ਹੈ। ਠੀਕ ਇੱਕ ਸਾਲ ਪਹਿਲਾਂ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਬਿਹਾਰ ਵਿੱਚ ਐੱਸ ਆਈ ਆਰ ਦੌਰਾਨ ਸਿਰਫ 'ਘੁਸਪੈਠੀਆਂ' ਦੇ ਨਾਂਅ ਹੀ ਹਟਾਏ ਗਏ। ਸ਼ਾਹ ਨੇ ਕਿਹਾ ਸੀ, "ਜੇ ਉਹ ਭਾਰਤੀ ਨਾਗਰਿਕ ਹੁੰਦੇ, ਤਾਂ ਉਹ ਇਸ ਦਾ ਸਬੂਤ ਦਿੰਦੇ। ਜਿਨ੍ਹਾਂ ਦੇ ਨਾਂਅ ਹਟਾਏ ਗਏ, ਉਨ੍ਹਾਂ ਵਿੱਚੋਂ ਸਿਰਫ ਤਿੰਨ ਨੇ ਨਾਂਅ ਜੋੜਨ ਦੀਆਂ ਅਪੀਲਾਂ ਦਾਇਰ ਕੀਤੀਆਂ। ਜੇ ਕੁਝ ਗਲਤ ਹੋਇਆ ਹੁੰਦਾ, ਤਾਂ ਕੀ ਅਪੀਲਾਂ ਦਾਇਰ ਨਹੀਂ ਕੀਤੀਆਂ ਜਾਂਦੀਆਂ? ਇਸ ਦਾ ਮਤਲਬ ਹੈ ਕਿ ਜਿਨ੍ਹਾਂ ਲੋਕਾਂ ਦੇ ਨਾਂਅ ਹਟਾਏ ਗਏ, ਉਹ ਬਿਲਕੁਲ ਵੀ ਭਾਰਤੀ ਨਾਗਰਿਕ ਨਹੀਂ ਸਨ।"

ਐੱਸ ਆਈ ਆਰ ਤਹਿਤ ਹੁਣ ਤੱਕ 13 ਕਰੋੜ ਵੋਟਰਾਂ ਦੇ ਨਾਂਅ ਹਟਾਏ ਜਾ ਚੁੱਕੇ ਹਨ। ਇਸ ਪ੍ਰਕਿਰਿਆ ਦੇ ਖਿਲਾਫ ਦੇਸ਼-ਭਰ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਵਿਰੋਧੀ ਪਾਰਟੀਆਂ ਅਤੇ ਨੌਜਵਾਨ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ। ਹਿੰਦੁਸਤਾਨ ਟਾਈਮਜ਼ ਨੇ 26 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ (ਸੀ ਈ ਓ) ਦੇ ਦਫਤਰਾਂ ਨਾਲ ਸੰਪਰਕ ਕੀਤਾ, ਜਿੱਥੇ ਐੱਸ ਆਈ ਆਰ ਦੀ ਪ੍ਰਕਿਰਿਆ ਪੂਰੀ ਹੋ ਚੁੱਕੀ ਸੀ ਜਾਂ ਵੋਟਰ ਸੂਚੀਆਂ ਦਾ ਖਰੜਾ ਪ੍ਰਕਾਸ਼ਤ ਕੀਤਾ ਜਾ ਚੁੱਕਾ ਸੀ। ਇਨ੍ਹਾਂ ਵਿੱਚੋਂ 11 ਰਾਜਾਂ ਦੇ ਅਧਿਕਾਰੀਆਂ ਨੇ ਜਵਾਬ ਦਿੱਤਾ, ਪਰ ਸਿਰਫ ਛੇ ਨੇ ਸ਼ੱਕੀ ਵਿਦੇਸ਼ੀ ਨਾਗਰਿਕਾਂ ਦੀ ਗਿਣਤੀ ਪ੍ਰਦਾਨ ਕੀਤੀ। ਦਿਲਚਸਪ ਗੱਲ ਹੈ ਕਿ ਚਾਰ ਰਾਜਾਂ ਜਾਂ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਕਿਹਾ ਕਿ ਉਹ ਇਸ ਮਾਮਲੇ 'ਤੇ ਵੱਖਰਾ ਡੈਟਾ ਨਹੀਂ ਰੱਖਦੇ, ਜਿਸ ਵਿੱਚ ਓਡੀਸ਼ਾ ਵੀ ਸ਼ਾਮਲ ਹੈ। ਰਿਪੋਰਟ ਵਿੱਚ ਚੋਣ ਕਮਿਸ਼ਨ ਦੇ ਇੱਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਇਹ ਵੀ ਸੀ ਕਿਹਾ ਗਿਆ ਹੈ ਕਿ ਰਾਜਾਂ ਨੂੰ ਇਹ ਡੈਟਾ ਵੱਖਰੇ ਤੌਰ 'ਤੇ ਇਕੱਠਾ ਕਰਨ ਲਈ ਨਹੀਂ ਕਿਹਾ ਗਿਆ। ਕਰਨਾਟਕ ਦੇ ਮੁੱਖ ਚੋਣ ਅਧਿਕਾਰੀ ਦੇ ਦਫਤਰ ਨੇ ਕਿਹਾ ਕਿ 716 ਵਿਦੇਸ਼ੀ ਨਾਗਰਿਕਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦੇ ਨਾਂਅ ਹਟਾਉਣ ਦੀ ਲੋੜ ਹੈ। ਇਨ੍ਹਾਂ ਵਿੱਚ ਬੇਂਗਲੁਰੂ ਉੱਤਰੀ ਦੇ 545 ਨੇਪਾਲੀ ਨਾਗਰਿਕ ਸ਼ਾਮਲ ਹਨ। ਐੱਸ ਆਈ ਆਰ ਤੋਂ ਪਹਿਲਾਂ, ਰਾਜ ਦੀ ਵੋਟਰ ਸੂਚੀ ਵਿੱਚ 5 ਕਰੋੜ 54 ਲੱਖ ਨਾਂਅ ਸਨ। ਇਨ੍ਹਾਂ ਵਿੱਚੋਂ ਲੱਗਭੱਗ 99 ਲੱਖ 77 ਹਜ਼ਾਰ ਨਾਂਅ ਘਟਾ ਦਿੱਤੇ ਗਏ ਹਨ। ਕਰਨਾਟਕ ਦੇ ਮੁੱਖ ਚੋਣ ਅਧਿਕਾਰੀ ਅੰਬੂ ਕੁਮਾਰ ਨੇ ਕਿਹਾ ਕਿ ਉਨ੍ਹਾ ਦੇ ਦਫਤਰ ਨੇ 'ਵਿਦੇਸ਼ੀਆਂ' ਦੀ ਪਛਾਣ ਕਰ ਲਈ ਹੈ ਅਤੇ ਉਨ੍ਹਾਂ ਦੀ ਗਿਣਤੀ ਯਕੀਨੀ ਤੌਰ 'ਤੇ 1,000 ਤੋਂ ਘੱਟ ਹੈ। ਉੱਤਰਾਖੰਡ ਦੇ ਮੁੱਖ ਚੋਣ ਅਧਿਕਾਰੀ ਬੀ ਵੀ ਆਰ ਸੀ ਪੁਰਸ਼ੋਤਮ ਨੇ 'ਵਿਦੇਸ਼ੀਆਂ' ਦਾ ਡੈਟਾ ਇਕੱਠਾ ਕਰਨ ਦੀ ਪ੍ਰਕਿਰਿਆ 'ਤੇ ਹੀ ਸਵਾਲ ਉਠਾਉਂਦਿਆਂ ਕਿਹਾ, "ਅਸੀਂ ਇਹ ਡੈਟਾ ਕਿਵੇਂ ਇਕੱਠਾ ਕਰ ਸਕਦੇ ਹਾਂ? ਇਹ ਚੋਣ ਅਧਿਕਾਰੀਆਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।"

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਐੱਸ ਆਈ ਆਰ ਨੂੰ ਜਾਇਜ਼ ਠਹਿਰਾਉਂਦਿਆਂ ਰਾਹੁਲ ਗਾਂਧੀ 'ਤੇ 'ਘੁਸਪੈਠੀਆਂ' ਨੂੰ ਬਚਾਉਣ ਦਾ ਦੋਸ਼ ਲਗਾਇਆ ਸੀ। ਹਾਲਾਂਕਿ ਗ੍ਰਿਹ ਮੰਤਰਾਲੇ ਨੇ ਖੁਦ ਇੱਕ ਆਰ ਟੀ ਆਈ ਦੇ ਜਵਾਬ ਵਿੱਚ ਮੰਨਿਆ ਕਿ ਉਸ ਕੋਲ ਦੇਸ਼-ਭਰ ਵਿੱਚ ਪਛਾਣੇ ਗਏ, ਗ੍ਰਿਫਤਾਰ ਕੀਤੇ ਗਏ ਅਤੇ ਦੇਸ਼ ਨਿਕਾਲਾ ਦਿੱਤੇ ਗਏ 'ਘੁਸਪੈਠੀਆਂ' ਦੀ ਗਿਣਤੀ ਬਾਰੇ ਕੇਂਦਰੀ ਪੱਧਰ ਦਾ ਡੈਟਾ ਨਹੀਂ। ਅਜਿਹੀ ਸਥਿਤੀ ਵਿੱਚ ਸਵਾਲ ਇਹ ਹੈ ਕਿ ਜਦੋਂ ਗ੍ਰਿਹ ਮੰਤਰਾਲੇ ਕੋਲ ਅਜਿਹਾ ਕੇਂਦਰੀ ਡੈਟਾ ਉਪਲੱਬਧ ਨਹੀਂ, ਤਾਂ ਫਿਰ ਕਥਿਤ ਘੁਸਪੈਠੀਆਂ ਦੀ ਗਿਣਤੀ ਅਤੇ ਉਨ੍ਹਾਂ ਨੂੰ ਵੋਟਰ ਸੂਚੀ ਵਿੱਚੋਂ ਹਟਾਉਣ ਦੀ ਯੋਜਨਾ ਬਾਰੇ ਕੀਤੇ ਜਾ ਰਹੇ ਦਾਅਵਿਆਂ ਦਾ ਕੀ ਆਧਾਰ ਹੈ? ਇਸ ਤੋਂ ਸਾਫ ਹੈ ਕਿ ਐੱਸ ਆਈ ਆਰ ਦਾ ਅਸਲ ਮਕਸਦ ਬਿਹਾਰ ਤੇ ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ ਸੰਭਾਵਤ ਵਿਰੋਧੀਆਂ ਦੀਆਂ ਵੋਟਾਂ ਕੱਟ ਕੇ ਕਿਸੇ ਨਾ ਕਿਸੇ ਤਰ੍ਹਾਂ ਸੱਤਾ 'ਤੇ ਕਬਜ਼ਾ ਕਰਨਾ ਹੀ ਸੀ।

## ਜੰਗੀ ਸਿਪਾਹੀ !

ਪੰਜ ਆਬ ਜਿਨ੍ਹਾਂ ਹੱਡੀਂ ਰਚਿਆ,
ਉਹ ਖੈਰ ਪੰਜਾਬ ਦੀ ਮੰਗਦੇ ਨੇ।
ਇੱਥੇ ਫਿਰਦੇ ਨੇ ਬਹੁਤ ਭੜਕਾਊ ਯੰਤਰ,
ਅੱਗ ਲਾਉਣ ਤੋਂ ਕਦੇ ਨਾ ਸੰਗਦੇ ਨੇ।
ਪੀ ਪੀ ਕੇ ਖੰਘ ਦੀਆਂ ਸ਼ੀਸ਼ੀਆਂ ਨੂੰ,
ਬਿਨਾਂ ਖੰਘ ਹੀ ਗਲੀ 'ਚੋਂ ਲੰਘਦੇ ਨੇ।
ਫੜ ਫੜ ਕੇ ਬਲੀ ਦੇ ਬੱਕਰਿਆਂ ਨੂੰ,
ਮੁਨਸਿਫ ਬਣ ਕੇ ਸੂਲੀ 'ਤੇ ਟੰਗਦੇ ਨੇ।
ਅੰਦਰੋਂ ਸਭਨਾਂ ਦਾ ਹੈ ਰੰਗ ਇੱਕੋ,
ਦਿਸਦੇ ਬਾਹਰ ਤੋਂ ਰੰਗ ਬਰੰਗ ਦੇ ਨੇ।
ਉਹ ਤਾਂ ਦਿੱਲੀ ਦੇ ਕਿੰਗਰੇ ਢਾਅ ਦਿੰਦੇ,
ਜਿਵੇਂ ਹੁੰਦੇ ਸਿਪਾਹੀ ਉਹ ਜੰਗ ਦੇ ਨੇ।

-ਗੁਲਪੁਰ

# ਪੰਜਾਬ ਨੂੰ ਬਚਾਉਣ ਦਾ ਵੇਲਾ

ਡਾ. ਅਨੂਪ ਸਿੰਘ

ਸਭ ਤੋਂ ਪਹਿਲਾਂ ਇਹ ਕੌੜੀ ਹਕੀਕਤ ਪ੍ਰਵਾਨ ਕੀਤੀ ਜਾਵੇ ਕਿ ਪੰਜਾਬ ਡੂੰਘੇ ਆਰਥਿਕ-ਰਾਜਨੀਤਕ ਤੇ ਸਮਾਜਕ-ਸੱਭਿਆਚਾਰਕ ਸੰਕਟ 'ਚੋਂ ਗੁਜ਼ਰ ਰਿਹਾ ਹੈ। ਇਹ ਸੰਕਟ ਕਈ ਪਸਾਰਾਂ ਤੇ ਰੂਪਾਂ ਵਿਚ ਪ੍ਰਗਟ ਹੋ ਰਿਹਾ ਹੈ। ਨਸ਼ੇ, ਗੈਂਗਸਟਰਵਾਦ, ਰੰਗ-ਬਿਰੰਗੇ ਮਾਫ਼ੀਆ ਗਰੋਹ, ਕਿਸਾਨੀ ਕਰਜ਼ਾ ਤੇ ਖ਼ੁਦਕੁਸ਼ੀਆਂ, ਨੌਜਵਾਨਾਂ ਦਾ ਕਾਨੂੰਨੀ ਤੇ ਗੈਰ-ਕਾਨੂੰਨੀ ਪ੍ਰਵਾਸ, ਖੇਤੀ ਖੇਤਰ ਵਿਚ ਆਈ ਖੜੋਤ, ਸਿੱਖਿਆ ਤੇ ਸਿਹਤ ਸੇਵਾਵਾਂ ਦਾ ਨਿਰਲੱਜ ਨਿੱਜੀਕਰਨ ਤੇ ਵਪਾਰੀਕਰਨ, ਪੰਜਾਬ ਸਿਰ ਚੜ੍ਹਿਆ ਕਰਜ਼ਾ ਅਤੇ ਵਧ ਰਹੀਆਂ ਲੁੱਟਾਂ-ਖੋਹਾਂ, ਚੋਰੀਆਂ-ਡਾਕੇ, ਫਿਰੌਤੀਆਂ ਤੇ ਕਤਲ ਆਦਿ ਕੁਝ ਪਸਾਰ ਹਨ। ਇਸ ਸਾਰੇ ਕੁਝ ਲਈ ਕੁਝ ਕਰਨਾ ਬਣਦਾ ਹੈ।

ਬਿਨਾਂ ਲੰਮੀ-ਚੌੜੀ ਵਿਆਖਿਆ ਦੇ ਕੁਝ ਸੁਝਾਵਾਂ ਨਾਲ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ: ਪੰਜਾਬ ਸਰਕਾਰ ਨੂੰ ਨਿਰਪੱਖ ਮਾਹਰਾਂ 'ਤੇ ਆਧਾਰਤ ਇਕ ਵਿੱਤੀ ਸੁਧਾਰ ਕਮੇਟੀ ਬਣਾਉਣੀ ਚਾਹੀਦੀ ਹੈ, ਜੋ ਵਿਭਾਗੀ ਖਰਚਿਆਂ ਦਾ ਆਡਿਟ ਕਰਕੇ ਵਾਧੂ ਖਰਚਿਆਂ ਵਿਚ 15 ਤੋਂ 20 ਫੀਸਦੀ ਦੀ ਕਮੀ ਲਿਆਵੇ ਅਤੇ ਬਚੇ ਫੰਡਾਂ ਨੂੰ ਪੂੰਜੀਗਤ ਖਰਚਿਆਂ ਲਈ ਵਰਤਿਆ ਜਾਵੇ। ਸਰਕਾਰੀ ਇਸ਼ਤਿਹਾਰਾਂ ਨੂੰ ਪੰਜ ਸਾਲ ਲਈ ਮੁਕੰਮਲ ਬੰਦ ਕੀਤਾ ਜਾਵੇ। ਯੋਜਨਾਵਾਂ ਤੇ ਵਿਕਾਸ ਕਾਰਜਾਂ ਨੂੰ ਆਪ ਬੋਲਣ ਦਿੱਤਾ ਜਾਵੇ। ਇਸ ਦੇ ਨਾਲ ਹੀ ਉੱਚ ਅਫਸਰਸ਼ਾਹਾਂ ਦੀ ਧਾੜ ਘਟਾਈ ਜਾਵੇ ਅਤੇ ਪ੍ਰਸ਼ਾਸਨਿਕ ਖਰਚੇ ਘਟਾਏ ਜਾਣ। ਜੀ ਐੱਸ ਟੀ ਤੇ ਹੋਰ ਟੈਕਸਾਂ ਦੀ ਚੋਰੀ ਸਖ਼ਤੀ ਨਾਲ ਰੋਕੀ ਅਤੇ ਚੋਰ-ਮੋਰੀਆਂ ਬੰਦ ਕੀਤੀਆਂ ਜਾਣ। ਬਕਾਇਆ ਟੈਕਸਾਂ ਤੇ ਕਰਜ਼ਿਆਂ ਨੂੰ 'ਯਕਮੁਸ਼ਤ ਨਿਪਟਾਰੇ' ਰਾਹੀਂ ਵੱਡੀਆਂ ਕਟੌਤੀਆਂ ਨਾਲ ਨਿਪਟਾਉਣ ਦੇ ਰੁਝਾਨ ਨੂੰ ਫੌਰੀ ਤੌਰ 'ਤੇ ਰੋਕਿਆ ਜਾਵੇ। ਸਰਕਾਰਾਂ ਹਰ ਸਾਲ ਸਨਅਤਕਾਰਾਂ ਤੇ ਵਪਾਰੀਆਂ-ਕਾਰੋਬਾਰੀਆਂ ਨੂੰ ਇਹ ਰਾਹਤ ਪ੍ਰਦਾਨ ਕਰਦੀਆਂ ਅਤੇ ਫਿਰ ਉਹਨਾਂ ਪਾਸੋਂ ਆਪਣੀਆਂ ਪਾਰਟੀਆਂ ਲਈ ਵੱਡੇ 'ਗੱਫ਼ੇ' ਲੈਂਦੀਆਂ ਹਨ।

ਪੰਜਾਬ ਸਿਰ ਚੜ੍ਹੇ ਬੇਹਿਸਾਬੇ ਕਰਜ਼ੇ ਨੂੰ ਘੱਟ ਕਰਨ ਲਈ ਤੁਰੰਤ ਕਦਮ ਚੁੱਕੇ ਜਾਣ। ਪੰਜਾਬ ਦੀ ਮਾਲੀ ਆਮਦਨ ਦਾ ਇਕ ਵੱਡਾ ਹਿੱਸਾ ਹਰ ਸਾਲ ਵਿਆਜ ਦੀ ਅਦਾਇਗੀ 'ਚ ਨਿਕਲ ਜਾਂਦਾ ਹੈ। ਫਿਰ ਕਰਜ਼ਾ ਚੁੱਕ ਕੇ ਘਿਉ ਕਿਉਂ ਪੀਣਾ ਹੈ? ਜੇਕਰ ਕਰਜ਼ਾ ਚੁੱਕਣਾ ਹੀ ਪਏ ਤਾਂ ਉਸ ਕਰਜ਼ੇ ਨੂੰ ਵਧੇਰੇ ਰੁਜ਼ਗਾਰ ਪੈਦਾ ਕਰਨ ਵਾਲੇ ਪ੍ਰਾਜੈਕਟਾਂ (ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ, ਹੁਨਰ ਵਿਕਾਸ ਤੇ ਗ੍ਰੀਨ ਐਨਰਜੀ) ਲਈ ਹੀ ਵਰਤਿਆ ਜਾਵੇ। ਹਰ ਸੰਭਵ ਯਤਨ ਕੀਤਾ ਜਾਵੇ ਕਿ ਪੂੰਜੀਗਤ ਖਰਚੇ ਵਧਾਏ ਜਾਣ, ਤਾਂ ਜੋ ਰਾਜ ਦੇ ਅਸਾਸੇ ਸਿਰਜੇ ਜਾ ਸਕਣ ਤੇ ਰੁਜ਼ਗਾਰ ਦੇ ਮੌਕੇ ਵਧਾਏ ਜਾਣ।

ਸਬਸਿਡੀਆਂ, ਰਾਹਤਾਂ, ਰਿਆਇਤਾਂ ਤੇ ਛੋਟਾਂ ਦਾ ਗਹਿਨ ਨਿਰੀਖਣ ਕੀਤਾ ਜਾਵੇ ਅਤੇ ਇਹ ਕੇਵਲ ਲੋੜਵੰਦ ਲੋਕਾਂ- ਦਲਿਤਾਂ, ਖੇਤ ਤੇ ਦਿਹਾੜੀਦਾਰ ਮਜ਼ਦੂਰਾਂ, ਬੇਜ਼ਮੀਨੇ ਤੇ ਛੋਟੇ-ਸੀਮਾਂਤ ਕਿਸਾਨਾਂ, ਘੋਰ ਗਰੀਬਾਂ, ਗਰੀਬ ਵਿਧਵਾਵਾਂ ਤੇ ਅਪੰਗਾਂ ਨੂੰ ਹੀ ਦਿੱਤੀਆਂ ਜਾਣ। ਇਨ੍ਹਾਂ ਨੂੰ ਤਾਰਕਿਕ ਬਣਾਉਣਾ ਸਮੇਂ ਦੀ ਲੋੜ ਹੈ। ਨਕਦ ਰਾਸ਼ੀਆਂ ਵਜੋਂ ਦਿੱਤੀ ਜਾਣ ਵਾਲੀ ਰਕਮ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਮਿਆਰੀਕਰਨ 'ਤੇ ਖਰਚ ਕੀਤੀ ਜਾਵੇ, ਤਾਂ ਜੋ ਪੰਜਾਬੀ ਪ੍ਰਾਈਵੇਟ ਸਿੱਖਿਆ ਤੇ ਸਿਹਤ ਸੰਸਥਾਵਾਂ ਦੇ ਬੇਬਹਾ ਖਰਚਿਆਂ ਤੋਂ ਬਚ ਸਕਣ।

ਰਾਜ ਸਰਕਾਰ ਨੂੰ ਉੱਚ ਮੁੱਲ ਵਾਲੀਆਂ ਫਸਲਾਂ ਦੀ ਲਾਹੇਵੰਦ ਭਾਵਾਂ 'ਤੇ ਲਾਜ਼ਮੀ ਖਰੀਦ ਅਤੇ ਪ੍ਰਾਸੈਸਿੰਗ ਉੱਪਰ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਤੇਲ ਬੀਜ, ਦਾਲਾਂ, ਫਲ ਤੇ ਸਬਜ਼ੀਆਂ ਅਤੇ ਮੋਟੇ ਅਨਾਜ (ਬਾਜਰਾ, ਕੋਧਰਾ ਤੇ ਕੰਗਣੀ ਆਦਿ)। ਇਸ ਲਈ ਫੂਡ ਪਾਰਕ, ਠੰਢੇ ਭੰਡਾਰਨ ਘਰ ਅਤੇ ਮੁੱਲ ਵਧਾਉਣ ਵਾਲੀਆਂ ਯੂਨਿਟਾਂ ਸਥਾਪਤ ਕੀਤੀਆਂ ਜਾਣ। ਫਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਪ੍ਰਤੀ ਏਕੜ ਨਕਦ ਰਾਸ਼ੀ ਦੇਣ ਦੀ ਵਿਵਸਥਾ ਕੀਤੀ ਜਾਵੇ। ਇਸ ਨਾਲ ਫਸਲੀ ਵਿਭਿੰਨਤਾ ਨੂੰ ਉਤਸ਼ਾਹ ਮਿਲੇਗਾ, ਧਰਤੀ ਹੇਠਲਾ ਪਾਣੀ ਬਚੇਗਾ, ਕਿਸਾਨਾਂ ਦੀ ਆਮਦਨ ਵਧੇਗੀ ਅਤੇ ਕਟਾਈ ਤੋਂ ਬਾਅਦ ਨੁਕਸਾਨ ਘਟੇਗਾ। ਕੁੱਲ ਮਿਲਾ ਕੇ ਰਾਜ ਦੇ ਵਿੱਤੀ ਬੋਝ ਨੂੰ ਘਟਾਉਣ 'ਚ ਸਹਾਇਤਾ ਮਿਲੇਗੀ।

ਸਰਕਾਰਾਂ ਨੂੰ ਟੈਕਸਾਂ ਅਤੇ ਗ਼ੈਰ-ਟੈਕਸ ਆਮਦਨ ਨੂੰ ਵਧਾਉਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਟੈਕਸ ਦੇਣ ਯੋਗ ਅਦਾਰਿਆਂ, ਇਕਾਈਆਂ ਅਤੇ ਵਿਅਕਤੀਆਂ ਦੀ ਪਛਾਣ ਕੀਤੀ ਜਾਵੇ। ਵਪਾਰੀ, ਕਾਰੋਬਾਰੀ ਤੇ ਸਨਅਤਕਾਰ ਆਦਿ ਵੱਡੀ ਪੱਧਰ 'ਤੇ ਟੈਕਸ ਚੋਰੀ ਕਰਦੇ ਹਨ, ਉਨ੍ਹਾਂ ਤੋਂ ਘੱਟ ਤੋਂ ਘੱਟ ਬਣਦਾ ਟੈਕਸ ਉਗਰਾਹਿਆ ਜਾਵੇ। ਜਾਇਦਾਦ ਟੈਕਸ ਲਾਜ਼ਮੀ ਲਗਾਇਆ ਜਾਵੇ। 'ਕਰ ਰਹਿਤ ਬਜਟ' ਪੇਸ਼ ਕਰਨ ਦੀ ਪਹੁੰਚ ਤਿਆਗੀ ਜਾਵੇ।

ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਵੱਲੋਂ ਕੇਂਦਰ ਸਰਕਾਰ ਪਾਸੋਂ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਜਾਵੇ। ਇਸ ਮੰਤਵ ਲਈ ਪੰਜਾਬ ਹਿਤੈਸ਼ੀ ਆਰਥਿਕ-ਸਮਾਜਿਕ ਮਾਹਰਾਂ ਤੋਂ ਸਹਾਇਤਾ ਲਈ ਜਾਵੇ ਅਤੇ ਕੇਂਦਰ ਸਰਕਾਰ ਉੱਪਰ ਸਾਰੇ ਪੰਜਾਬੀ ਜਨਤਕ-ਜਥੇਬੰਦਕ ਦਬਾਅ ਪਾਉਣ। ਉਦਾਹਰਣ ਹਿੱਤ ਪੰਜਾਬ ਦੇ ਸਨਅਤੀਕਰਨ ਲਈ ਉੱਤਰਾਖੰਡ ਤੇ ਹਿਮਾਚਲ ਵਰਗਾ ਪੈਕੇਜ ਕਿਉਂ ਨਾ ਮੰਗਿਆ ਜਾਵੇ। ਪੰਜਾਬ ਸੀਮਾਵਰਤੀ ਰਾਜ ਹੈ, ਪੰਜਾਬ ਭਾਰਤ-ਪਾਕਿ ਜੰਗਾਂ ਤੇ ਨਸ਼ਾ ਤਸਕਰੀ ਦਾ ਸੇਕ ਝੱਲ ਰਿਹਾ ਹੈ, ਪੰਜਾਬ ਭਾਰਤ ਦਾ ਅੰਨ ਭੰਡਾਰ ਹੈ ਅਤੇ ਪੰਜਾਬ ਨੇ ਕੇਂਦਰ ਵੱਲੋਂ ਉਤਸ਼ਾਹਤ ਦਹਿਸ਼ਤਗਰਦੀ ਦਾ ਸੇਕ ਆਪਣੇ ਪਿੰਡੇ 'ਤੇ ਡੇਢ ਦਹਾਕਾ ਝੱਲਿਆ ਹੈ, ਇਸ ਲਈ ਪੰਜਾਬ ਵਿਸ਼ੇਸ਼ ਪੈਕੇਜ ਦਾ ਹੱਕਦਾਰ ਹੈ। ਇਸ ਤੋਂ ਛੁੱਟ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਹੱਕ ਉੱਪਰ ਬਲ ਦਿੱਤਾ ਜਾ ਸਕਦਾ ਹੈ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਪ੍ਰਤੀਨਿਧਤਾ ਦਾ ਮਾਮਲਾ ਸਾਰੀਆਂ ਰਾਜਸੀ ਪਾਰਟੀਆਂ ਮਿਲ ਕੇ ਉਠਾ ਸਕਦੀਆਂ ਹਨ। ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਬੜੀ ਹੀ ਜਾਇਜ਼ ਹੈ। ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਸਮੇਤ ਸਾਰੇ ਸਜ਼ਾ ਪੂਰਾ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਵਾਉਣ ਦਾ ਮਸਲਾ ਕੇਂਦਰ ਕੋਲ ਉਠਾਇਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਨੂੰ ਹਰਿਆਣਾ, ਹਿਮਾਚਲ, ਦਿੱਲੀ ਤੇ ਜੰਮੂ-ਕਸ਼ਮੀਰ 'ਚ ਦੂਜੀ ਭਾਸ਼ਾ ਦੇ ਦਰਜੇ ਦੀ ਮੰਗ ਬੜੀ ਹੱਕੀ ਹੈ।

ਰਾਜਨੀਤਕ ਤੇ ਪ੍ਰਸ਼ਾਸਨਿਕ ਭ੍ਰਿਸ਼ਟਾਚਾਰ ਵਿਰੁੱਧ ਇਕ ਜਹਾਦ ਛੇੜਿਆ ਜਾਵੇ। ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਵਿਰੁੱਧ ਇਕ ਜਨਤਕ-ਜਥੇਬੰਦ ਸੰਘਰਸ਼ ਆਰੰਭਿਆ ਜਾਵੇ। ਯਤਨ ਕੀਤਾ ਜਾਵੇ ਕਿ ਇਸ ਵਿਚ ਸਮੂਹ ਪੰਜਾਬੀਆਂ ਦੀ ਸ਼ਮੂਲੀਅਤ ਕਰਵਾਈ ਜਾਵੇ। ਰਾਜਸੀ ਆਗੂਆਂ ਤੇ ਉੱਚ ਅਫ਼ਸਰਸ਼ਾਹਾਂ ਵੱਲੋਂ ਕੀਤਾ ਜਾਂਦਾ ਭ੍ਰਿਸ਼ਟਾਚਾਰ ਰਾਜ ਦੇ ਖ਼ਜ਼ਾਨੇ ਵਿਚ ਵੱਡੇ ਮਘੋਰੇ ਕਰ ਦਿੰਦਾ ਹੈ।

ਰਾਜ ਦੇ ਸਰਬਪੱਖੀ ਵਿਕਾਸ ਲਈ ਸਿੱਖਿਆ, ਸਿਹਤ, ਹੁਨਰ ਵਿਕਾਸ, ਖੇਤੀਬਾੜੀ ਤੇ ਪੇਂਡੂ ਵਿਕਾਸ 'ਤੇ ਖਰਚ ਹੁਣ ਨਾਲੋਂ ਘੱਟ ਤੋਂ ਘੱਟ ਦੁਗਣਾ ਕੀਤਾ ਜਾਵੇ। ਕਿਸਾਨਾਂ ਤੇ ਨੌਜਵਾਨਾਂ ਨੂੰ ਸਿੱਖਿਅਤ, ਹੁਨਰਮੰਦ ਤੇ ਸਿਹਤਮੰਦ ਬਣਾਉਣਾ ਪ੍ਰਾਂਤ ਤੇ ਵਿਕਾਸ ਦੀ ਗਤੀ ਤੇਜ਼ ਕਰਨਾ ਹੈ। ਇਨ੍ਹਾਂ ਵਿਭਾਗਾਂ 'ਚ ਕੋਈ ਖਾਲੀ ਪੋਸਟ ਨਹੀਂ ਰਹਿਣ ਦੇਣੀ ਚਾਹੀਦੀ। ਉਚਿਤ ਗਰੇਡਾਂ 'ਚ ਰੈਗੂਲਰ ਭਰਤੀ ਕਰਨੀ ਚਾਹੀਦੀ ਹੈ। ਮਹਿੰਗਾਈ ਭੱਤੇ ਸਮੇਤ ਸਾਰੇ ਭੱਤੇ ਦੇਣੇ ਚਾਹੀਦੇ ਹਨ, ਤਾਂ ਜੋ ਅਧਿਆਪਕ ਤੇ ਹੋਰ ਮੁਲਾਜ਼ਮ ਸੁਹਿਰਦਤਾ ਸਹਿਤ ਆਪਣੀ ਡਿਊਟੀ ਨਿਭਾਅ ਸਕਣ। ਸੰਤੁਸ਼ਟ ਅਧਿਆਪਕ ਤੇ ਮੁਲਾਜ਼ਮ ਹੀ ਸਮਰਪਨ ਭਾਵਨਾ ਨਾਲ ਕੰਮ ਕਰਦੇ ਹਨ।

ਪੰਜਾਬ ਦੇ ਵਿਕਾਸ ਲਈ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਸਿਰਜਣੇ ਹੋਣਗੇ, ਤਾਂ ਜੋ ਨੌਜਵਾਨਾਂ ਦੀ ਸ਼ਕਤੀ ਤੇ ਸਮਰੱਥਾ ਨੂੰ ਪੰਜਾਬ ਦੀ ਬਿਹਤਰੀ ਲਈ ਵਰਤਿਆ ਜਾ ਸਕੇ। ਪੰਜਾਬ ਦੇ ਨੌਜਵਾਨ ਵਿਦੇਸ਼ੀ ਧਰਤੀਆਂ 'ਤੇ ਨਾ ਰੁਲਣ, ਉਹ ਨਸ਼ਿਆਂ ਦੀ ਦਲਦਲ 'ਚ ਨਾ ਧਸਣ; ਗੈਂਗਸਟਰਾਂ ਦੇ ਢਹੇ ਨਾ ਚੜ੍ਹਨ ਅਤੇ ਹੋਰ ਅਸਮਾਜਿਕ ਗਤੀਵਿਧੀਆਂ 'ਚ ਨਾ ਫਸਣ। ਰੁਜ਼ਗਾਰ ਦੇ ਮੌਕੇ ਲਾਹੇਵੰਦ ਹੋਣ। ਕੋਈ ਆਊਟਸੋਰਸ ਭਰਤੀ ਨਹੀਂ, ਕੋਈ ਠੇਕਾ ਪ੍ਰਥਾ ਨਹੀਂ, ਕੋਈ ਬੱਝਵੀਂ ਜਾਂ ਉੱਕਾ-ਪੁੱਕਾ ਉਜਰਤ ਨਹੀਂ। ਭੱਤਿਆਂ ਸਮੇਤ ਰੈਗੂਲਰ ਭਰਤੀ। ਪੰਜਾਬ ਲਈ ਕੁਝ ਠੋਸ ਉਪਰਾਲੇ ਕਰਨ ਦਾ ਵੇਲਾ ਆ ਚੁੱਕਾ ਹੈ।

# ਸੰਪਰਕ : 98768-01268

# ਇਹ ਕੇਹੀ ਰੁੱਤ ਆਈ ਨੀ ਮਾਂ !

ਕਮਲ ਬਠਿੰਡਾ

ਅੱਜਕੱਲ੍ਹ ਤਾਂ ਸਵੇਰੇ-ਸਵੇਰੇ ਅਖਬਾਰ ਤੇ ਸੋਸ਼ਲ ਮੀਡੀਆ ਤੋਂ ਭੈਅ ਜਿਹਾ ਹੀ ਆਉਣ ਲੱਗ ਪਿਐ, ਕਿਉਂਕਿ ਚਾਰੇ ਪਾਸੇ ਦਨਦਨਾਉਂਦੀ ਮੌਤ ਦੇ ਤਾਂਡਵ ਨਾਚ ਦੀਆਂ ਖਬਰਾਂ ਪੜ੍ਹ-ਸੁਣ ਕੇ ਮਨ ਬੜਾ ਹੀ ਪ੍ਰੇਸ਼ਾਨ ਹੁੰਦੈ।ਜਾਨ ਲੈਣੀ ਤੇ ਜਾਨ ਦੇਣੀ ਤਾਂ ਖੇਡ ਹੀ ਬਣੀ ਪਈ ਐ।ਨਿੱਤ ਦਿਨ ਹੀ ਪਰਿਵਾਰਕ ਮੈਂਬਰ ਤੇ ਕਈ ਵਾਰੀ ਤਾਂ ਸਾਰਾ ਟੱਬਰ ਹੀ ਆਪਣਿਆਂ ਹੱਥੋਂ ਕਤਲ ਹੋ ਰਹੇ ਐ, ਕੋਈ ਵੀ ਰਿਸ਼ਤਾ ਨੀਂ ਬਚਿਆ, ਇਸ ਤੋਂ ਬਿਨਾਂ ਵੀ ਆਂਢੀਆਂ-ਗੁਆਂਢੀਆਂ, ਸਾਹੀਂ ਵਸਦੇ ਦੋਸਤਾਂ-ਮਿੱਤਰਾਂ ਅਤੇ ਰਾਹ ਖੇੜ੍ਹੇ ਜਾਂਦੇ-ਆਉਂਦਿਆਂ ਦੇ ਕਤਲਾਂ ਨਾਲ ਵੀ ਅਖ਼ਬਾਰ ਤੇ ਸੋਸ਼ਲ ਮੀਡੀਆ ਭਰਿਆ ਪਿਆ ਹੁੰਦੈ। ਭਾਵੇਂ ਦੇਸ ਐ ਤੇ ਭਾਵੇਂ ਪ੍ਰਦੇਸ।

ਹੁਣ ਤੱਕ ਜ਼ਮੀਨਾਂ-ਜਾਇਦਾਦਾਂ ਦੇ ਝਗੜਿਆਂ ਜਾਂ ਅਣਖਾਂ ਖ਼ਾਤਰ ਕਤਲ ਹੁੰਦੇ ਹੀ ਪੜ੍ਹੇ-ਸੁਣੇ ਸੀ, ਪਰ ਹੁਣ ਤਾਂ ਕਤਲਾਂ ਦੇ ਕਾਰਨ ਹੀ ਬੜੇ ਅਣਕਿਆਸੇ ਐ, ਸ਼ਹਿਨਸ਼ੀਲਤਾ ਦਾ ਤਾਂ ਨਾਮੋ-ਨਿਸ਼ਾਨ ਹੀ ਨਹੀਂ ਰਿਹਾ, ਸਮਝਣ-ਸਮਝਾਉਣ ਵਾਲਾ ਖਾਨਾ ਤਾਂ ਬੰਦ ਹੀ ਸਮਝੋ, ਮਾੜੀ-ਮਾੜੀ ਗੱਲ 'ਤੇ ਅੱਗ-ਭਬੂਕਾ ਹੋਣਾ, ਹਾਰਨ ਮਾਰ ਦੇਣ, ਸਾਇਡ ਦੇਣ 'ਚ ਭੋਰਾ ਦੇਰੀ, ਗੱਡੀ ਪਾਰਕਿੰਗ ਵੇਲੇ, ਮਾੜੇ-ਮੋਟੇ ਬੋਲ-ਬੁਲਾਰੇ 'ਤੇ ਗੱਲ ਨ੍ਹੀ ਖੜ੍ਹਦੀ, ਬੱਸ ਗਾਲੀ-ਗਲੋਚ, ਕੁੱਟ-ਮਾਰ ਤੋਂ ਵਧਦੇ-ਵਧਦੇ ਕਤਲ ਤੱਕ ਪਹੁੰਚਦਿਆਂ ਬਿੰਦ ਲੱਗਦੈ, ਅੱਜ-ਕੱਲ੍ਹ ਕਤਲ ਤਾਂ ਐਨੀ ਗੱਲ ਕਰਕੇ ਹੀ ਹੋ ਜਾਂਦੈ ਕਿ ਰੇਹੜੀ ਵਾਲੇ ਨੇ ਗੁਟਕਾ ਦੇਣ 'ਚ ਦੇਰੀ ਕਰਤੀ, ਬਾਪੂ ਨੇ ਠੰਡੀ ਰੋਟੀ ਦੇ ਦਿੱਤੀ,ਦਸ ਰੁਪਏ ਦਾ ਝਗੜਾ, ਮਾਪਿਆਂ ਦੀ ਥਾਂ ਸਰਕਾਰੀ ਨੌਕਰੀ ਦੀ ਲਾਲਸਾ, ਧੀ-ਭੈਣ ਦਾ ਪਿੱਛਾ ਕਰਨ, ਕੁੜੀ ਵੱਲੋਂ ਵਿਆਹ ਤੋਂ ਨਾਂਹ ਕਰਨ, ਪਤੀ-ਪਤਨੀ ਦੇ ਚਰਿੱਤਰ 'ਤੇ ਸ਼ੱਕ ਅਤੇ ਤਾਂਤਰਿਕਾਂ ਦੇ ਜ਼ੰਜਾਲ।

ਇਕੱਲੇ ਕਤਲ ਹੀ ਨਹੀਂ, ਅੱਜ ਕੱਲ੍ਹ ਖੁਦਕੁਸ਼ੀਆਂ ਵੀ ਹਿਲਾ ਕੇ ਰੱਖ ਦਿੰਦੀਆਂ ਹਨ।ਜ਼ਿੰਦਗੀ ਦੇ ਸੰਘਰਸ਼ ਤੋਂ ਮੁੱਖ ਮੋੜ ਕੇ ਮੌਤ ਨੂੰ ਗਲੇ ਲਗਾਉਣ ਦੇ ਘਟਨਾਕ੍ਰਮ ਦੀ ਖੁਦ video ਬਣਾ-ਬਣਾ ਪਾਉਣਾ, ਮਹਿੰਦੀ ਨਾਲ ਸੁਸਾਇਡ ਨੋਟ ਲਿਖਣੇ, ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਨਾਂਅ ਬੋਲ-ਬੋਲ ਕੇ ਜਾਂ ਲਿਖ-ਲਿਖ ਕੇ ਆਵਦੀ ਜੀਵਨ-ਲੀਲ੍ਹਾ ਸਮਾਪਤ ਕਰਨ ਦਾ ਰੁਝਾਨ ਦਿਨੋ-ਦਿਨ ਵਧਦਾ ਹੀ ਜਾ ਰਿਹੈ, ਪਰ ਕਦੇ ਇਹ ਸੋਚਣ-ਸਮਝਣ ਦੀ ਕੋਸ਼ਿਸ਼ ਨ੍ਹੀਂ ਕੀਤੀ ਜਾਂਦੀ ਕਿ ਜਿਹੜੇ ਦੋਸ਼ੀਆਂ ਦਾ ਤੁਸੀਂ ਜਿਉਂਦੇ-ਜੀਅ ਖੁਦ ਕੋਈ ਹੱਲ ਨੀਂ ਕੱਢ ਸਕੇ, ਉਨ੍ਹਾਂ ਨਾਲ ਮੱਥਾ 'ਕੱਲਾ ਪਰਵਾਰ ਕਿਵੇਂ ਲਾਊ? ਘਰੋਂ ਗਏ ਜੀਅ ਦਾ ਗਮ ਢੋਂਦੇ ਹੋਏ ਉਹ ਦੋਸ਼ੀ ਨੂੰ ਕਿੰਨੀ ਕੁ ਸਜ਼ਾ ਦਿਵਾ ਸਕਣਗੇ? ਕਈ ਵਾਰੀ ਤਾਂ ਦੋਸ਼ੀ ਆਵਦਾ ਅਸਰ-ਰਸੂਖ ਵਰਤ ਕੇ ਝੱਟ ਜ਼ਮਾਨਤ 'ਤੇ ਆ ਜਾਂਦੈ ਜਾਂ ਬਰੀ ਵੀ ਹੋ ਜਾਂਦੈ, ਚਲੋ ਜੇ ਬਰੀ ਨਾ ਵੀ ਹੋਵੇ ਭਾਵੇਂ ਜੇਲ੍ਹ 'ਚ ਹੀ ਸੜਦਾ ਰਹੇ ਤਾਂ ਵੀ ਤੁਹਾਡਾ ਪਰਵਾਰ ਤੁਹਾਡੀ ਘਾਟ ਨੂੰ ਕਿਵੇਂ ਪੂਰਾ ਕਰੂ? ਜ਼ਿੰਦਗੀ ਦੇ ਸੰਘਰਸ਼ ਤੋਂ ਹਾਰ ਕੇ ਮੌਤ ਨੂੰ ਗਲੇ ਲਗਾਉਣਾ ਕੋਈ ਸੂਰਮਗਤੀ ਨਹੀਂ, ਸਗੋਂ ਬੁਜ਼ਦਿਲੀ ਐ।ਆਵਦਾ ਪੱਲਾ ਛਡਾ ਕੇ ਪਹਿਲਾਂ ਹੀ ਸੰਕਟ ਗ੍ਰਸਤ ਪਰਵਾਰ ਨੂੰ ਹੋਰ ਵੀ ਗਹਿਰੇ ਸੰਕਟ 'ਚ ਪਾਉਣਾ ਭਲਾ ਕਿਥੋਂ ਦੀ ਸਿਆਣਪ ਐ?

ਵਿਅਕਤੀ ਅਜਿਹਾ ਕਦਮ ਚੁੱਕਣ ਲਈ ਮਜਬੂਰ ਹੋ ਸਕਦੈ, ਪਰ ਆਹ ਪਤੀ-ਪਤਨੀ ਦੇ ਚਰਿੱਤਰ ਤੇ ਸ਼ੱਕ, ਘਰ ਵਿੱਚ ਪਤਨੀ ਦੇ ਪੇਕਿਆਂ ਦਾ ਦਖ਼ਲ,ਪਤੀ ਦੇ ਪਰਵਾਰ ਦੀ ਦਖਲ-ਅੰਦਾਜ਼ੀ, ਨੌਕਰੀ ਕਰਦਿਆਂ ਬੌਸ ਕੋਲੋਂ ਤੰਗ-ਪ੍ਰੇਸ਼ਾਨ, ਸਹਿਕਰਮੀਆਂ ਨਾਲ ਹਉਮੈ ਦੇ ਰੌਲੇ, ਸਾਂਝਦਾਰੀ ਦੇ ਝਗੜੇ, ਬਦੇਸ਼ ਭੇਜਣ 'ਚ ਏਜੰਟਾਂ ਵੱਲੋਂ ਮਾਰੀ ਠੱਗੀ, ਉਧਾਰ ਨਾ ਮੁੜਨਾ, ਕਦੇ ਪੈਸੇ ਲਾ ਕੇ ਬਦੇਸ਼ ਤੋਰੇ ਪਤਨੀ ਜਾਂ ਪਤੀ ਦਾ ਮੁਨਕਰ ਹੋਣਾ, ਔਨ ਲਾਈਨ ਗੇਮਾਂ 'ਚ ਪੈਸੇ ਦੀ ਬਰਬਾਦੀ,ਤਾਂਤਰਿਕਾਂ ਦੇ ਚੱਕਰ,ਚੈਟ ਜੀ ਟੀ ਪੀ ਟੀ ਤੋਂ ਲਈਆਂ ਜਾਂਦੀਆਂ ਬੇਤੁਕੀਆਂ ਸਲਾਹਾਂ ਜਿਹੇ ਬਹੁਤ ਸਾਰੇ ਕਾਰਨਾਂ ਨੂੰ ਤਾਂ ਸਹਿਜ-ਸਿਆਣਪ, ਸੂਝ-ਬੂਝ ਅਤੇ ਆਪਸੀ ਭਾਈਚਾਰਕ ਸਾਂਝ ਨਾਲ ਟਾਲਿਆ ਜਾ ਹੀ ਸਕਦੈ।

ਅੱਜ-ਕੱਲ੍ਹ ਤਾਂ ਕਤਲਾਂ ਤੋਂ ਬਿਨਾਂ ਗੈਰ-ਕੁਦਰਤੀ ਮੌਤਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੋ ਗਈ ਐ। ਮੌਤ ਦਾ ਵੱਡਾ ਕਾਰਨ ਨਸ਼ੇ ਦੀ ਓਵਰ ਡੋਜ਼, ਜ਼ਹਿਰੀਲੀ ਸ਼ਰਾਬ,ਆਦਮ ਖਾਣੀਆਂ ਸੜਕਾਂ, ਸੜਕਾਂ ਤੇ ਘੁੰਮਦੇ ਅਵਾਰਾ ਪਸ਼ੂ, ਤੇਜ਼ ਰਫ਼ਤਾਰੀ ਵਾਹਨ, ਲਾਪ੍ਰਵਾਹੀ ਜਾਂ ਉਨੀਂਦਰੇ 'ਚ ਡਰਾਈਵਰੀ, ਨਹਿਰਾਂ-ਤਲਾਵਾਂ 'ਚ ਨਹਾਉਣ ਜਾਂ ਮੂਰਤੀ ਵਿਸਰਜਨ ਮੌਕੇ ਡੁੱਬਣਾ, ਘਰਾਂ 'ਚ ਬਣੀਆਂ ਪਾਣੀ ਦੀਆਂ ਖੇਲਾਂ-ਡਿੱਗੀਆਂ ਜਾਂ ਖਾਲੀ ਪਏ ਅਣਢੱਕੇ ਬੋਰਾਂ 'ਚ ਬੱਚਿਆਂ ਦਾ ਡਿੱਗਣਾ, ਧਾਰਮਿਕ ਸਥਾਨਾਂ 'ਤੇ ਮਚਦੀ ਭਗਦੜ, ਬਿਜਲੀ ਦੇ ਕਰੰਟ ਅਤੇ ਕਈ ਵਾਰੀ ਲਿਫ਼ਟ ਵੀ ਮੌਤ ਦਾ ਜ਼ਰੀਆ ਬਣ ਰਹੀ ਐ।ਕੈਂਸਰ ਅਤੇ ਹਾਰਟ ਅਟੈਕ ਨਾਲ ਹੋ ਰਹੀਆਂ ਮੌਤਾਂ ਦਾ ਗਿਰਾਫ਼ ਵੀ ਦਿਨੋ-ਦਿਨ ਵਧਦਾ ਹੀ ਜਾ ਰਿਹੈ।

ਸੱਚਮੁੱਚ ਅੱਜ-ਕੱਲ੍ਹ ਦੇ ਹਾਲਾਤ ਬੜੇ ਚਿੰਤਾਜਨਕ ਹਨ। ਜੋ ਬਹੁਤ ਗੌਰ ਕਰਨ ਵਾਲੀ ਗੱਲ ਐ, ਕਿਉਂਕ ਨਿੱਤ ਦਿਨ ਆ ਰਹੀਆਂ ਲੋਕ ਵਿਰੋਧੀ ਨੀਤੀਆਂ-ਪਾਲਸੀਆਂ ਲੋਕਾਂ ਨੂੰ ਆਰਥਿਕ ਪੱਖੋਂ ਹੀ ਖੁੰਗਲ ਨ੍ਹੀਂ ਕਰ ਰਹੀਆਂ, ਸਗੋਂ ਆਵਦੇ ਵਪਾਰਕ ਵਾਧੇ ਲਈ ਇੱਕਲਤਾ ਦੇ ਸੱਭਿਆਚਾਰ ਨੂੰ ਵਧਾਉਣ-ਫੈਲਾਉਣ 'ਚ ਵੀ ਪੂਰਾ ਤਾਣ ਲਗਾ ਰਹੀਆਂ ਹਨ।

ਸੁਰਜੀਤ ਪਾਤਰ ਦੇ ਕਥਨ, 'ਜੇ ਦਿਲ ਖੋਲ੍ਹਿਆ ਹੁੰਦਾ ਯਾਰਾਂ ਦੇ ਨਾਲ ਤਾਂ ਖੋਲ੍ਹਣਾ ਨਾ ਪੈਂਦਾ ਔਜ਼ਾਰਾਂ ਦੇ ਨਾਲ' ਤਾਂ ਆਓ ਇੱਕ ਦੂਜੇ ਕੋਲ ਦਿਲ ਖੋਲ੍ਹਣ, ਦੁੱਖ-ਸੁੱਖ ਸਾਂਝੇ ਕਰਨ, ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ, ਮਨੁੱਖਤਾ ਦੇ ਹੋ ਰਹੇ ਘਾਣ ਨੂੰ ਠੱਲ੍ਹ ਪਾਉਣ 'ਚ ਆਪਣਾ ਬਣਦਾ ਰੋਲ ਨਿਭਾਉਂਦੇ ਹੋਏ ਜ਼ਿੰਦਗੀ ਨੂੰ ਜਿਊਣ ਯੋਗ ਹੀ ਨਹੀਂ, ਸਗੋਂ ਮਾਨਣਯੋਗ ਬਣਾਓਣ ਲਈ ਯਤਨ ਜੁਟਾਈਏ।

# ਸੰਪਰਕ : 94630-23100

# ਕਿਤਾਬਾਂ ਸਾੜਨ ਵਾਲੇ ਨਾਜ਼ੀਆਨਾ ਸੰਘੀ ਮਨਸ਼ਿਆਂ ਤੋਂ ਸੁਚੇਤ ਹੋਵੋ

ਨਰਭਿੰਦਰ

ਸੰਘ ਕਿਤਾਬਾਂ ਤੇ ਇਤਿਹਾਸ ਨਾਲ ਉਵੇਂ ਹੀ ਨਫ਼ਰਤ ਕਰਦਾ ਹੈ, ਜਿਵੇਂ ਕਿਸੇ ਵੇਲੇ ਨਾਜ਼ੀ ਜਰਮਨੀ ਕਰਦੇ ਸਨ। ਵੈਸੇ ਭਾਰਤ ਵਿੱਚ ਵੀ ਇਹ ਪਰੰਪਰਾ ਰਹੀ ਹੈ, ਬੋਧ ਧਰਮ ਦੀਆਂ ਸੈਂਕੜੇ ਕਿਤਾਬਾਂ ਨੂੰ ਬ੍ਰਾਹਮਣਾਂ ਵੱਲੋਂ ਸਾੜੇ ਜਾਣ ਤੇ ਨਾਲੰਦਾ ਯੂਨੀਵਰਸਿਟੀ ਨੂੰ ਅੱਗ ਦੇ ਹਵਾਲੇ ਕਰਨ ਦੇ ਇਤਿਹਾਸ ਦੇ ਪੰਨੇ ਇਹੋ ਹੀ ਬੋਲਦੇ ਹਨ। ਦਰਅਸਲ ਬ੍ਰਾਹਮਣੀ ਪਰੰਪਰਾ ਰਹੀ ਹੈ ਕਿ ਲੋਕਾਂ ਨੂੰ ਗਿਆਨ ਵਿਹੂਣੇ ਕਰ ਕੇ ਰੱਖੋ, ਤਾਂ ਕਿ ਗੁਲਾਮ ਬਣੇ ਰਹਿਣ। ਇਸ ਇਤਿਹਾਸ ਨੂੰ ਅੱਜ ਫੇਰ ਦੁਹਰਾਇਆ ਜਾ ਰਿਹਾ ਹੈ। ਜਿਸ ਦੀਆਂ ਤਿੰਨ ਮਿਸਾਲਾਂ ਸਾਡੇ ਸਾਹਮਣੇ ਆਈਆਂ ਹਨ। ਇਹ ਸਿਰਫ਼ ਅਜੇ ਸ਼ੁਰੂਆਤ ਹੀ ਹੈ।

ਪਹਿਲੀ ਇਹ ਕਿ ਜੰਮੂ ਕਸ਼ਮੀਰ ਦੀਆਂ ਲਾਇਬਰੇਰੀਆਂ ਵਿੱਚੋਂ ਉਹ ਕਿਤਾਬਾਂ ਛਾਂਟੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਸੰਘ ਭਾਵ ਰਾਸ਼ਟਰੀ ਸੋਇਮ ਸੇਵਕ ਸੰਘ ਤੇ ਭਾਜਪਾ ਖ਼ਤਰਨਾਕ ਸਮਝਦੀ ਹੈ। ਹੁਣ ਤੱਕ ਕਸ਼ਮੀਰ ਵਿੱਚ 12 ਲੱਖ ਅਤੇ ਜੰਮੂ ਵਿੱਚ ਨੌਂ ਲੱਖ ਤੋਂ ਵੱਧ ਕਿਤਾਬਾਂ ਦੀ ਪੜਤਾਲ ਕੀਤੀ ਗਈ ਹੈ, ਜਿਸ ਵਿੱਚੋਂ 40,000 ਦੇ ਕਰੀਬ ਕਿਤਾਬਾਂ ਨੂੰ ਖ਼ਤਰਨਾਕ ਕਹਿ ਕੇ ਅਲੱਗ ਛਾਂਟ ਲਿਆ ਹੈ। ਇਨ੍ਹਾਂ ਕਿਤਾਬਾਂ ਦੇ ਲੇਖਕਾਂ ਵਿੱਚ ਹਿਲਾਲ ਅਹਿਮਦ ਅਤੇ ਅਰੁੰਧਤੀ ਰਾਏ ਦੀਆਂ ਕਿਤਾਬਾਂ ਵੀ ਸ਼ਾਮਲ ਹਨ।

ਦੂਸਰੀ ਘਟਨਾ ਦਿੱਲੀ ਦੀ ਹੈ, ਜਿਥੇ ਇੱਕ 165 ਸਾਲ ਪੁਰਾਣੀ ਲਾਇਬ੍ਰੇਰੀ ਵਿੱਚੋਂ ਸਾਢੇ ਅੱਠ ਲੱਖ ਕਿਤਾਬਾਂ ਨੂੰ ਛਾਂਟ ਕੇ ਅਲੱਗ ਰੱਖ ਲਿਆ ਹੈ, ਜਿਸ ਨੂੰ ਨਸ਼ਟ ਕੀਤਾ ਜਾਣਾ ਹੈ। ਇਸ ਲਾਇਬ੍ਰੇਰੀ ਵਿੱਚ 1701 'ਚ ਛਪੀ ਕਿਤਾਬ ਵੀ ਹੈ। ਅਨੇਕਾਂ ਹੱਥ ਲਿਖਤ ਕਿਤਾਬਾਂ ਵੀ ਹਨ। ਸ਼ਾਸਤਰੀ ਭਵਨ (ਸ਼ਾਂਤੀ ਭਵਨ) ਵਿੱਚ ਸਥਾਪਤ ਇਹ ਲਾਇਬ੍ਰੇਰੀ ਦੂਸਰੀ ਸਭ ਤੋਂ ਪੁਰਾਣੀ ਤੇ ਵੱਡੀ ਲਾਇਬ੍ਰੇਰੀ ਹੈ। 1891 ਵਿੱਚ ਇੰਪੀਰੀਅਮ ਸੈਕਟਰੀਏਟ ਲਾਇਬ੍ਰੇਰੀ ਨੂੰ ਕਲਕੱਤੇ ਤੋਂ ਤਬਦੀਲ ਕਰਕੇ ਲਿਆਂਦਾ ਸੀ, ਜਿਸ ਨੂੰ ਮਨਿਸਟਰੀ ਆਫ਼ ਕਲਚਰ ਚਲਾਉਂਦਾ ਹੈ। ਇਹਨੂੰ ਹੁਣ ਕਰਤੱਵ ਭਵਨ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। 'ਇੰਡੀਅਨ ਐੱਕਸਪ੍ਰੈੱਸ' ਦੀ ਰਿਪੋਰਟ ਮੁਤਾਬਕ ਇਸ ਦੀਆਂ 8.50 ਲੱਖ ਕਿਤਾਬਾਂ ਦੀ ਹੋਂਦ ਖਤਰੇ ਵਿੱਚ ਹੈ। ਇਹ ਲਾਇਬ੍ਰੇਰੀ ਖੋਜ ਕਰਨ ਵਾਲੇ ਵਿਦਵਾਨਾਂ ਲਈ ਵਿਸ਼ੇਸ਼ ਕੇਂਦਰ ਵਜੋਂ ਜਾਣੀ ਜਾਂਦੀ ਰਹੀ ਹੈ, ਜਿਸ ਵਿੱਚ ਦੁਨੀਆ ਤੇ ਭਾਰਤ ਨਾਲ ਸੰਬੰਧਤ ਬਹੁਤ ਹੀ ਮਹੱਤਵਪੂਰਨ ਕਿਤਾਬਾਂ ਹਨ। ਇਨ੍ਹਾਂ ਸਭ ਨੂੰ ਮੋਦੀ ਸਰਕਾਰ ਨੇ ਨਸ਼ਟ ਕਰਨ ਦਾ ਮਨ ਬਣਾ ਲਿਆ ਹੈ।

ਇਸ ਤੋਂ ਇਲਾਵਾ ਭਾਜਪਾ ਦੇ ਆਈ ਟੀ ਸੈੱਲ ਨੇ ਗੂਗਲ ਤੇ ਨੈੱਟ ਤੋਂ ਉਹ ਸਾਰੀਆਂ ਪੁਰਾਤਨ ਕਿਤਾਬਾਂ, ਜਿਨ੍ਹਾਂ ਨੂੰ ਸਕੈਨ ਕਰਕੇ ਨੈੱਟ ਉੱਤੇ ਪਾਇਆ ਸੀ, ਨੂੰ ਗਾਇਬ ਕਰਨ ਦਾ ਧੰਦਾ ਵਿੱਢ ਦਿੱਤਾ ਹੈ, ਜਿਹੜੀਆਂ ਉਨ੍ਹਾਂ ਦੀ ਸੋਚ ਦੇ ਮੁਤਾਬਕ ਵਿਵਾਦਤ ਸਾਹਿਤ ਵਿੱਚ ਆਉਂਦੀਆਂ ਹਨ।

ਤੀਸਰੀ ਖ਼ਬਰ, ਜੋ ਪੱਛਮੀ ਬੰਗਾਲ ਤੋਂ ਆਈ, ਉਹ ਇਹ ਕਿ ਉਥੇ ਪਰੰਪਰਾ ਰਹੀ ਹੈ ਕਿ ਹਰ ਧਾਰਮਿਕ ਉਤਸਵ 'ਤੇ ਜਿਥੇ ਬਾਜ਼ਾਰ ਸੱਜਦੇ ਹਨ, ਉਸ ਵਿੱਚ ਕਿਤਾਬਾਂ ਦੇ ਸਟਾਲ ਵੀ ਸਜਾਏ ਜਾਂਦੇ ਹਨ। ਇਸ ਵਾਰ ਪਿਛਲੇ ਦਿਨੀਂ ਹੀ ਤਿਉਹਾਰਾਂ ਦੇ ਦਿਨੀਂ ਬੰਗਾਲ ਵਿੱਚ ਉਨ੍ਹਾਂ ਸਟਾਲਾਂ ਨੂੰ ਸੰਘੀ ਟੋਲਿਆਂ ਨੇ ਨਿਸ਼ਾਨਾ ਬਣਾਇਆ, ਜਿਹੜੇ ਕਿਤਾਬਾਂ ਦੇ ਸਟਾਲਾਂ 'ਤੇ ਮਾਰਕਸ, ਏਂਗਲਜ਼, ਲੈਨਿਨ, ਸਟਾਲਿਨ, ਖੱਬੇ ਪੱਖੀ ਸਾਹਿਤ ਦੀਆਂ ਕਿਤਾਬਾਂ ਪਈਆਂ ਸਨ। ਭਾਜਪਾ ਦੀ ਇਸ ਗੁੰਡਾ ਫੋਰਸ ਦਾ ਐਲਾਨ ਸੀ ਕਿ ਇਹ ਕਿਤਾਬਾਂ ਦੀ ਵਿਕਰੀ ਬੰਦ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਸਟਾਲਾਂ ਦੀ ਭੰਨਤੋੜ ਵੀ ਕੀਤੀ। ਹਾਲਾਂਕਿ ਪੱਛਮੀ ਬੰਗਾਲ ਦੇ ਖੱਬੇ ਪੱਖੀਆਂ ਵੱਲੋਂ ਇਸ ਚੈਲਿੰਜ ਨੂੰ ਸਵੀਕਾਰਦਿਆਂ ਆਪਣੇ ਸਟਾਲਾਂ ਨੂੰ ਮੁੜ ਸਥਾਪਤ ਕੀਤਾ ਅਤੇ ਉਨ੍ਹਾਂ ਦੀ ਸੁਰੱਖਿਆ ਦੇ ਵੀ ਇੰਤਜ਼ਾਮ ਕੀਤੇ ਤੇ ਅਜਿਹੇ ਅਨਸਰਾਂ ਦਾ ਮੁਕਾਬਲਾ ਕੀਤਾ। ਜਾਦਵਪੁਰ ਯੂਨੀਵਰਸਿਟੀ ਵਿੱਚ ਤਾਂ ਖੱਬੇ ਪੱਖੀ ਵਿਦਿਆਰਥੀ ਸੰਗਠਨ ਨੇ ਇੱਕ ਪੁਸਤਕ ਮੇਲਾ ਹੀ ਆਯੋਜਿਤ ਕਰਕੇ ਇਸ ਚੈਲਿੰਜ ਨੂੰ ਸਵੀਕਾਰ ਕੀਤਾ, ਜਿਹੜਾ 30 ਸਤੰਬਰ ਤੋਂ 3 ਅਕਤੂਬਰ ਤੱਕ ਚਲਿਆ ਤੇ ਜਿਸ ਵਿੱਚ 16 ਲੱਖ ਤੋਂ ਵੱਧ ਕਿਤਾਬਾਂ ਵਿਕੀਆਂ। ਭਾਜਪਾ ਜਾਂ ਸੰਘ ਦੇ ਇਨ੍ਹਾਂ ਗੁੰਡਿਆਂ ਨੇ ਸੀ ਪੀ ਐੱਮ, ਸੀ ਪੀ ਆਈ, ਸੋਸ਼ਲਿਸਟ, ਯੂਨਿਟੀ ਸੈਂਟਰ ਆਫ਼ ਇੰਡੀਆ (ਕਮਿਊਨਿਸਟ) ਦੇ ਕਿਤਾਬਾਂ ਦੇ ਸਟਾਲਾਂ ਨੂੰ ਕਲਕੱਤਾ, ਜਾਦਵਪੁਰ, ਮਾਲਦਾ, ਇਸਲਾਮਪੁਰਾ, ਨਾਰਥ ਤੇ ਸਾਊਥ 24 ਪਰਗਨਾ, ਬਰਾਸਤ ਵਿੱਚ ਨਿਸ਼ਾਨਾ ਬਣਾਇਆ ਸੀ। ਜਾਦਵਪੁਰ ਵਿੱਚ ਤਾਂ ਕਿਤਾਬਾਂ ਦੇ ਸਟਾਲ ਨੂੰ ਬੁਲਡੋਜ਼ਰ ਨਾਲ ਨਿਸ਼ਾਨਾ ਬਣਾਇਆ ਗਿਆ, ਜਿਸ 'ਚ ਪੁਲਸ ਵੀ ਸ਼ਾਮਲ ਹੋਈ, ਬਹਾਨਾ ਇਹ ਕਿ ਇਸ ਲਈ ਮਿਊਂਸਪਲ ਕਾਰਪੋਰੇਸ਼ਨ ਤੋਂ ਇਜਾਜ਼ਤ ਨਹੀਂ ਲਈ ਗਈ। ਇਸ ਮੌਕੇ ਲੋਕਾਂ ਤੇ ਪਾਰਟੀ ਵਰਕਰਾਂ ਨੇ ਇੱਕ ਮਨੁੱਖੀ ਚੈਨ ਬਣਾ ਕੇ ਸੁਰੱਖਿਆ ਕੀਤੀ। ਬੰਗਾਲ ਦੇ ਵਿੱਤ ਮੰਤਰੀ ਜਿਸਨੂੰ ਬਾਸੂ ਤੇ ਭਾਜਪਾ ਦੇ ਪ੍ਰਧਾਨ ਸਾਸਿਕ ਭੱਟਾਚਾਰੀਆ ਨੇ ਕਿਹਾ ਕਿ ਉਹ ਉਨ੍ਹਾਂ ਕਿਤਾਬਾਂ ਨੂੰ ਵਿਕਣ ਨਹੀਂ ਦੇਣਗੇ, ਜਿਹੜੀਆਂ ਹਿੰਦੂ ਕਲਚਰ ਤੇ ਧਰਮ ਉੱਤੇ ਹਮਲਾ ਕਰਦੀਆਂ ਹਨ ਜਾਂ ਇਸ ਨੂੰ ਨਿਸ਼ਾਨਾ ਬਣਾਉਂਦੀਆ ਹਨ।

ਇਹ ਤਿੰਨੇ ਹੀ ਖ਼ਬਰਾਂ ਜਾਂ ਘਟਨਾਵਾਂ ਇਕੋ ਹੀ ਲੜੀ ਦਾ ਹਿੱਸਾ ਹਨ। ਭਾਵ ਵਿਅਕਤੀ ਦੇ ਖੁੱਲ੍ਹੇ ਵਿਚਾਰਾਂ ਨੂੰ ਹਾਸਲ ਕਰਨ ਦੀ ਆਜ਼ਾਦੀ ਉਤੇ ਹਮਲਾ ਹਨ। ਸਾਹਿਤ ਪੜ੍ਹਨਾ, ਸਾਹਿਤ ਬਾਰੇ ਖੋਜਨ ਕਰਨਾ ਤੇ ਇਤਿਹਾਸ ਨੂੰ ਵੱਖ-ਵੱਖ ਨਜ਼ਰੀਏ ਨਾਲ ਦੇਖਣ, ਖੋਜ ਦੀ ਪਰਵਿਰਤੀ ਮਨੁੱਖੀ ਸੋਚ ਨੂੰ ਆਜ਼ਾਦਾਨਾ ਵਿਕਸਤ ਕਰਨ ਦੀ ਨਿੱਜੀ ਆਜ਼ਾਦੀ ਦਾ ਅਧਿਕਾਰ ਹੈ, ਜੋ ਬੁਨਿਆਦੀ ਅਧਿਕਾਰ 'ਚ ਆਉਂਦਾ ਹੈ। ਕੋਈ ਹਕੂਮਤ ਇਹ ਨਹੀਂ ਤਹਿ ਕਰ ਸਕਦੀ ਕਿ ਨਾਗਰਿਕ ਸਿਰਫ਼ ਉਹੀ ਸਾਹਿਤ ਪੜ੍ਹਨ, ਜਿਹੜਾ ਸਰਕਾਰ ਵੱਲੋਂ ਪਰੋਸਿਆ ਜਾ ਰਿਹਾ ਹੈ। ਲੇਖਕ ਸਿਰਫ਼ ਉਹ ਹੀ ਲਿਖਣ, ਜੋ ਸਰਕਾਰ ਤੇ ਸੱਤਾ ਦੇ ਉਦੇਸ਼ਾਂ ਦੇ ਜ਼ਾਬਤੇ ਵਿੱਚ ਹੋਣ। ਅਜਿਹੀ ਪ੍ਰਵਿਰਤੀ ਜਾਂ ਪ੍ਰਵਿਰਤੀਆਂ ਤਾਨਾਸ਼ਾਹੀ ਹਨ ਤੇ ਨਾ ਬਰਦਾਸ਼ਤ ਕਰਨਯੋਗ ਹਨ।

ਲਾਇਬਰੇਰੀਆਂ ਦੀ ਇਹ ਪੁਰਾਣੀ ਪਰੰਪਰਾ ਰਹੀ ਹੈ ਕਿ ਉਥੇ ਹਰ ਵਿਚਾਰ ਤੇ ਹਰ ਨਜ਼ਰੀਏ ਤੋਂ ਲਿਖੀ ਕਿਤਾਬ ਨੂੰ ਇਸ ਲਈ ਖ਼ਰੀਦ ਕੇ ਸੰਭਾਲਿਆ ਜਾਂਦਾ ਹੈ ਕਿ ਖੋਜਾਰਥੀ ਹਰ ਨਜ਼ਰੀਏ ਤੋਂ ਇਤਿਹਾਸ, ਸਮਾਜ ਤੇ ਆਰਥਿਕ ਮਸਲਿਆਂ ਦਾ ਅਧਿਐਨ ਕਰਦਿਆਂ ਆਪਣੀ ਆਜ਼ਾਦ ਸੋਚ ਬਣਾ ਸਕਣ ਤੇ ਇਸ ਨੂੰ ਲਿਖਤ ਰੂਪ ਵਿੱਚ ਰੱਖ ਸਕਣ। ਮਿਸਾਲ ਲਈ ਰਮਾਇਣ ਦੇ ਹੀ 300 ਤੋਂ ਵੱਧ ਸਰੂਪ ਮਿਲਦੇ ਹਨ, ਜਿਨ੍ਹਾਂ ਦੇ ਲੇਖਕ ਤੇ ਨਜ਼ਰੀਏ ਵੱਖ-ਵੱਖ ਹਨ। ਤੁਲਸੀ ਦੀ ਰਮਾਇਣ ਉਨ੍ਹਾਂ 'ਚੋਂ ਇਕ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਇਕ ਨੂੰ ਹੀ ਪਰਮਾਣਿਕਤਾ ਦਾ ਸਰਟੀਫਿਕੇਟ ਦੇ ਦਿੱਤਾ ਜਾਵੇ, ਬਾਕੀ ਨਸ਼ਟ ਕਰ ਦਿੱਤੀਆਂ ਜਾਣ। ਹਰ ਰਾਜਨੀਤਕ ਤੇ ਇਤਿਹਾਸ ਦੇ ਮਸਲੇ 'ਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨਾਲ ਲਿਖੀਆ ਕਿਤਾਬਾਂ ਲਾਇਬਰੇਰੀ ਵਿੱਚ ਸੰਗ੍ਰਹਿ ਕਰਨ ਲਈ ਕੀਤੀ ਜਾਂਦੀ ਖ਼ਰੀਦਦਾਰੀ ਲਈ ਵੀ ਹਰ ਲਾਇਬਰੇਰੀ ਦੇ ਆਪਣੇ ਨਿਯਮ ਰਹੇ ਹਨ। ਲਾਇਬਰੇਰੀ ਇਕ ਕਮੇਟੀ ਬਣਾਉਂਦੀ ਰਹੀ ਹੈ ਤੇ ਉਸ ਕਮੇਟੀ ਦੀ ਸਿਫ਼ਾਰਸ਼ ਉਤੇ ਹੀ ਕਿਤਾਬਾਂ ਦੀ ਖ਼ਰੀਦ ਕਰਦੀ ਹੈ। ਇਹ ਤਾਂ ਹੋ ਹੀ ਨਹੀਂ ਸਕਦਾ ਕਿ ਚਾਹੇ ਉਹ ਸੈਂਟਰਲ ਲਾਇਬਰੇਰੀ (ਸ਼ਾਸਤਰੀ ਭਵਨ) ਦਿੱਲੀ ਹੋਵੇ ਜਾਂ ਜੰਮੂ ਕਸ਼ਮੀਰ ਦੀਆਂ ਲਾਇਬਰੇਰੀਆਂ ਵਿੱਚ ਉਹ ਸਾਹਿਤ ਖ਼ਰੀਦ ਕੇ ਰੱਖਿਆ ਹੋਵੇ, ਜਿਹਨੂੰ ਭਾਰਤ ਸਰਕਾਰ ਪਾਬੰਦੀਸ਼ੁਦਾ ਸਾਹਿਤ ਵਿੱਚ ਰੱਖਦੀ ਹੈ। ਪਾਬੰਦੀਸ਼ੁਦਾ ਕਿਤਾਬਾਂ ਕੋਈ ਵੀ ਪਬਲਿਕ ਅਦਾਰਾ ਨਹੀਂ ਖ਼ਰੀਦਦਾ। ਇਹ ਅਲੱਗ ਗੱਲ ਹੈ ਕਿ ਅਜਿਹੀਆਂ ਕਿਤਾਬਾਂ ਲਈ ਵੀ ਇਕ ਰੈਫਰੈਂਸ ਅਦਾਰਾ ਚਾਹੀਦਾ ਹੈ। ਸਵਾਲ ਇਹ ਹੈ ਕਿ ਹੁਣ ਭਾਜਪਾ ਸਰਕਾਰ ਮੁੜ ਨਵੇਂ ਸਿਰੇ ਤੋਂ ਲਾਇਬ੍ਰੇਰੀਆ ਦੀ ਜਾਂਚ ਕਿਉਂ ਕਰ ਰਹੀ ਹੈ। ਜੰਮੂ ਕਸ਼ਮੀਰ ਦੇ ਮਾਮਲੇ ਵਿੱਚ ਤਾਂ ਸਾਫ਼ ਹੈ ਕਿ ਭਾਜਪਾ ਨਹੀਂ ਚਾਹੁੰਦੀ ਕਿ ਉਹ ਸਾਹਿਤ, ਜਿਹੜਾ ਜੰਮੂ-ਕਸ਼ਮੀਰ ਦੀ ਅਮੀਰ ਪਰੰਪਰਾ ਦੀ ਜਾਣਕਾਰੀ ਦਿੰਦਾ ਹੋਵੇ, ਇਸ ਖਿੱਤੇ ਦੇ ਲੋਕ ਉਸ ਤੋਂ ਜਾਣੂੰ ਹੋਣ। ਉਹ ਨਹੀਂ ਚਾਹੁੰਦੀ ਕਿ ਪਿਛਲੇਰੇ 70 ਸਾਲਾਂ ਵਿੱਚ ਭਾਰਤੀ ਰਾਜ-ਸੱਤਾ ਨੇ ਜੰਮੂ-ਕਸ਼ਮੀਰ ਨਾਲ ਜੋ ਕੁਝ ਕੀਤਾ, ਉਹਨੂੰ ਇਹ ਲੋਕ ਜਾਣ ਸਕਣ। ਇਸੇ ਲਈ ਲਾਇਬਰੇਰੀਆਂ ਖੰਘਾਲੀਆਂ ਜਾ ਰਹੀਆਂ ਹਨ। ਇਹ ਆਪਣੇ ਆਪ ਵਿੱਚ ਵਿਦਵਾਨਾਂ, ਖੋਜਾਰਥੀਆਂ ਨੂੰ ਦਹਿਸ਼ਤਜ਼ਦਾ ਕਰਨ ਦਾ ਵੀ ਇਕ ਹਥਿਆਰ ਹੈ।

ਮੰਤਵ ਦਿੱਲੀ ਦੀ 165 ਸਾਲ ਪੁਰਾਣੀ ਲਾਇਬਰੇਰੀ ਵਿੱਚੋਂ ਮਹੱਤਵਪੂਰਨ ਕਿਤਾਬਾਂ ਨੂੰ ਨਸ਼ਟ ਕਰਨ ਪਿੱਛੇ ਵੀ ਇਹੋ ਹੀ ਹੈ। ਬੰਗਾਲ ਵਿੱਚ ਅਗਾਂਹਵਧੂ ਤੇ ਸਮਾਜਵਾਦ ਦੇ ਵਿਚਾਰਾਂ ਨਾਲ ਸੰਬੰਧਤ ਕਿਤਾਬਾਂ ਉਤੇ ਹਮਲਾ ਆਰ ਐੱਸ ਐੱਸ ਦੇ ਉਸ ਮਨੋਰਥ ਦਾ ਹਿੱਸਾ ਹੈ, ਜਿਸ ਨੂੰ ਉਹ ਇਕ ਦੁਸ਼ਮਣ ਵਿਚਾਰਧਾਰਾ ਵਜੋਂ ਨਿਸ਼ਾਨੇ ਉੱਤੇ ਟਿਕ ਕੇ ਬੈਠੀ ਹੈ। ਇਹ ਪਹਿਲੀਆਂ ਸ਼ੁਰੂਆਤੀ ਘਟਨਾਵਾਂ ਹਨ। ਬੌਧਿਕ ਖੇਤਰ ਦੇ ਅਵਾਮ ਨੂੰ ਇਸ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਹਿਟਲਰ ਦੇ ਨਾਜ਼ੀ ਜਰਮਨੀ ਵਿੱਚ ਕਿਤਾਬਾਂ ਨੂੰ ਸਾੜਨਾ ਨਾਜ਼ੀਆਂ ਦਾ ਸ਼ੁਗਲ ਰਿਹਾ ਹੈ।

ਉਹ ਆਪਣੇ ਵਿਚਾਰਾਂ ਨਾਲ ਮੇਲ ਨਾ ਖਾਣ ਵਾਲੀਆਂ ਕਿਤਾਬਾਂ, ਜੋ ਵੱਖਰੇ ਮੱਤ ਰੱਖਦੀਆ ਸਨ, ਨੂੰ ਇੱਕ ਢੇਰ ਲਾ ਕੇ ਸਾੜ ਦਿੰਦੇ ਸਨ। ਇਨ੍ਹਾਂ ਕਿਤਾਬਾਂ ਵਿੱਚ ਦੁਨੀਆ ਦੀਆਂ ਸਰਵਉੱਚ ਸਾਹਿਤਕ/ਇਤਿਹਾਸਕ ਰਚਨਾਵਾਂ ਹੁੰਦੀਆਂ ਸਨ। ਕਲਾ, ਸਾਹਿਤ, ਸੱਭਿਆਚਾਰ ਉਤੇ ਨਾਜ਼ੀਆਂ ਵੱਲੋਂ ਕੀਤੇ ਗਏ ਹਮਲੇ ਵਿਉਂਤਬੱਧ ਸਭਿਆਚਾਰ ਉੱਤੇ ਨਾਜ਼ੀਆਂ ਵੱਲੋਂ ਕੀਤੇ ਗਏ ਹਮਲੇ ਵਿਉਂਤਬੱਧ ਵਿਚਾਰਧਾਰਕ ਸਾਜ਼ਿਸ਼ਾਂ ਦਾ ਹਿੱਸਾ ਸਨ। ਭਾਰਤੀ ਫਾਸ਼ੀਵਾਦੀਆਂ ਨੇ ਉਨ੍ਹਾਂ ਤੋਂ ਵੀ ਕਾਫ਼ੀ ਕੁਝ ਸਿੱਖਿਆ ਹੈ ਤੇ ਇਨ੍ਹਾਂ ਦਾ ਆਪਣਾ ਵੀ ਪਿਛੋਕੜ ਅਜਿਹਾ ਹੀ ਹੈ। ਸੱਭਿਆਚਾਰਕ ਰਾਸ਼ਟਰਵਾਦ ਦੇ ਇਨ੍ਹਾਂ ਦਿਮਾਗ ਵਿਹੂਣੇ ਸੱਤਾਧਾਰੀਆ ਲਈ ਦੁਨੀਆਂ ਦਾ ਉੱਚਤਮ ਤੇ ਸ੍ਰੇਸ਼ਟ ਸਾਹਿਤ, ਕਲਾ, ਇਤਿਹਾਸ, ਸਮਾਜਿਕ ਤੇ ਆਰਥਿਕ ਵਿਚਾਰਾਂ ਲਈ ਕੋਈ ਥਾਂ ਨਹੀਂ। ਦੇਸ਼ ਦੀ ਲੋਕਾਈ ਨੂੰ ਦਿਮਾਗੀ ਗੁਲਾਮ ਬਣਾ ਕੇ ਰੱਖਣ ਦੇ ਭਰਮ ਪਾਲਣ ਵਾਲੇ ਇਨ੍ਹਾਂ ਫਾਸ਼ੀਵਾਦੀਆਂ ਵਿਰੁੱਧ ਇਕ ਲੰਮੀ ਸੁਚੇਤ ਲੜਾਈ ਲਈ ਬੌਧਿਕ ਹਲਕਿਆਂ ਨੂੰ ਤਿਆਰ ਹੋਣ ਦੀ ਲੋੜ ਹੈ।

# ਸੰਪਰਕ : 93544-30211

# ਕੱਕੜਵਾਲ ਚੌਕ 'ਚ ਧਰਨਾ ਲਾਉਣ ਨੂੰ ਲੈ ਕੇ ਦਿਵਿਆਂਗ ਏਕਤਾ ਯੂਨੀਅਨ ਤੇ ਵਾਲਮੀਕਿ ਬਰਾਦਰੀ ਆਹਮੋ-ਸਾਹਮਣੇ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**
ਸ਼ਹਿਰ ਦੇ ਤ੍ਰਿਵੇਣੀ ਚੌਕ 'ਤੇ ਮੁੱਖ ਮੰਤਰੀ ਕੈਂਪ ਦਫ਼ਤਰ ਅੱਗੇ ਪੱਕਾ ਮੋਰਚਾ ਲਾ ਕੇ ਡਟੇ 'ਦਿਵਿਆਂਗ ਏਕਤਾ ਯੂਨੀਅਨ' ਦੇ ਆਗੂਆਂ ਵੱਲੋਂ 30 ਅਕਤੂਬਰ ਨੂੰ ਕੱਕੜਵਾਲ ਚੌਕ ਦਾ ਘਿਰਾਓ ਕਰਕੇ ਚੱਕਾ ਜਾਮ ਕਰਨ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਸਥਾਨਕ ਵਾਲਮੀਕਿ ਬਰਾਦਰੀ ਦੇ ਆਗੂਆਂ ਵੱਲੋਂ ਜਤਾਏ ਗਏ ਤਿੱਖੇ ਵਿਰੋਧ ਕਾਰਨ ਸ਼ਹਿਰ 'ਚ ਕਾਫ਼ੀ ਤਣਾਅ ਤੇ ਤਣਾਅਪੂਰਨ ਮਾਹੌਲ ਬਣਿਆ ਰਿਹਾ।ਸਥਿਤੀ ਨੂੰ ਵਿਗੜਨ ਤੋਂ ਰੋਕਣ ਅਤੇ ਅਮਨ-ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਲਈ ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਦਿਵਿਆਂਗ ਏਕਤਾ ਯੂਨੀਅਨ ਦੇ ਕਰੀਬ 12/13 ਆਗੂਆਂ ਨੂੰ ਰੋਕੂ ਕਾਰਵਾਈ ਅਮਲ ਵਿੱਚ ਲਿਆਉਂਦਿਆਂ ਡਿਟੇਨ ਕਰ ਲਿਆ।ਜ਼ਿਕਰਯੋਗ ਹੈ ਕਿ ਇਸ ਜਥੇਬੰਦੀ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਪਹਿਲਾਂ ਹੀ ਕਈ ਅਹਿਮ ਮੀਟਿੰਗਾਂ ਹੋ ਚੁੱਕੀਆਂ ਹਨ।ਆਦਿ ਧਰਮ ਸਮਾਜ ਦੇ ਜ਼ਿਲ੍ਹਾ ਆਗੂ ਰਾਜਿੰਦਰ ਸਿੰਘ ਲੱਧੜ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਕੱਕੜਵਾਲ ਚੌਕ ਨੂੰ ਕਿਸੇ ਵੀ ਕੀਮਤ 'ਤੇ ਜੰਗ ਦਾ ਅਖਾੜਾ ਨਹੀਂ ਬਣਨ ਦਿੱਤਾ ਜਾਵੇਗਾ।ਉਨ੍ਹਾਂ ਸਪੱਸ਼ਟ ਕੀਤਾ ਕਿ ਬਰਾਦਰੀ ਨੂੰ ਜਥੇਬੰਦੀ ਦੀਆਂ ਹੱਕੀ ਮੰਗਾਂ ਨਾਲ ਕੋਈ ਇਤਰਾਜ਼ ਨਹੀਂ ਹੈ, ਪਰ ਵਿਰੋਧ ਪ੍ਰਦਰਸ਼ਨ ਕਰਨ ਦੇ ਅਜਿਹੇ ਢੰਗ ਨਾਲ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਮੁੱਖ ਚੌਕ ਜਾਮ ਹੋਣ ਕਾਰਨ ਨਜ਼ਦੀਕੀ ਰਿਹਾਇਸ਼ੀ ਘਰਾਂ ਦੇ ਲੋਕ ਪ੍ਰੇਸ਼ਾਨ ਹੁੰਦੇ ਹਨ ਤੇ ਸਮੁੱਚੇ ਸ਼ਹਿਰ ਦੀ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਜਾਂਦੀ ਹੈ।ਤਿਉਹਾਰਾਂ ਦੇ ਇਸ ਖਾਸ ਮੌਸਮ ਵਿੱਚ ਅਜਿਹੇ ਜਾਮ ਲਾਉਣ ਨਾਲ ਸਥਾਨਕ ਦੁਕਾਨਦਾਰਾਂ ਤੇ ਵਪਾਰੀਆਂ ਦਾ ਕਾਰੋਬਾਰ ਵੀ ਮੰਦੇ ਦੇ ਦੌਰ ਵਿੱਚੋਂ ਲੰਘਦਾ ਹੈ।ਦੂਜੇ ਪਾਸੇ ਡੀ.ਐੱਸ.ਪੀ. ਧੂਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਲਾਭ ਸਿੰਘ ਹੀਰਾ ਧੂਰੀ ਦੀ ਅਗਵਾਈ ਹੇਠ ਦਿਵਿਆਂਗ ਏਕਤਾ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਲਈ ਕੱਕੜਵਾਲ ਚੌਕ ਜਾਮ ਕਰਨ ਦੀ ਯੋਜਨਾ ਬਣਾਈ ਗਈ ਸੀ।ਉਨ੍ਹਾਂ ਖੁਲਾਸਾ ਕੀਤਾ ਕਿ ਇਸ ਧਰਨੇ ਤੇ ਚੱਕਾ ਜਾਮ ਲਈ ਪ੍ਰਸ਼ਾਸਨ ਤੋਂ ਕੋਈ ਵੀ ਅਗਾਊਂ ਪ੍ਰਵਾਨਗੀ ਨਹੀਂ ਲਈ ਗਈ ਸੀ।ਇਸ ਲਈ ਸ਼ਹਿਰ ਵਿੱਚ ਸ਼ਾਂਤੀ ਭੰਗ ਹੋਣ ਦੇ ਖ਼ਦਸ਼ੇ ਨੂੰ ਦੇਖਦਿਆਂ ਇਹ ਰੋਕੂ ਕਾਰਵਾਈ ਕੀਤੀ ਗਈ ਹੈ।

## ਰੇਲਗੱਡੀ 'ਚੋਂ ਡਿੱਗਣ ਕਾਰਨ ਨਾਮਾਲੂਮ ਵਿਅਕਤੀ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ-ਲੁਧਿਆਣਾ ਰੇਲਮਾਰਗ ਤੋਂ ਜੀ.ਆਰ.ਪੀ. ਨੂੰ ਇੱਕ ਨਾਮਾਲੂਮ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਹੈ।ਮਾਮਲੇ ਦੀ ਜਾਂਚ ਕਰ ਰਹੇ ਜੀ.ਆਰ.ਪੀ. ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਸਰਹਿੰਦ-ਮੰਡੀ ਗੋਬਿੰਦਗੜ੍ਹ ਰੇਲਵੇ ਸਟੇਸ਼ਨਾਂ ਦਰਮਿਆਨ ਪੈਂਦੇ ਰੇਲਵੇ ਕਿਲੋਮੀਟਰ ਨੰਬਰ 316/26-27 ਕੋਲੋਂ ਇੱਕ ਨਾਮਾਲੂਮ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਉਮਰ ਕਰੀਬ 30/35 ਸਾਲ ਹੈ, ਜਿਸ ਦੀ ਮੌਤ ਕਿਸੇ ਰੇਲਗੱਡੀ ਚੋਂ ਡਿੱਗਣ ਕਾਰਨ ਹੋਈ ਜਾਪਦੀ ਹੈ, ਜਿਸ ਦੀ ਲਾਸ਼ ਨੂੰ ਸ਼ਨਾਖ਼ਤ ਵਾਸਤੇ 72 ਘੰਟਿਆਂ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਾਇਆ ਗਿਆ ਹੈ।

## ਇਨਸਾਫ਼ ਰੈਲੀ ਤੋਂ ਬਾਅਦ 'ਆਪ' ਦਾ ਪਤਨ ਸ਼ੁਰੂ ਹੋ ਜਾਵੇਗਾ : ਹਰਦਿਆਲ ਕੰਬੋਜ

**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬ ਕਾਂਗਰਸ ਦੇ ਚੋਣ ਮੈਨੀਫੈਸਟੋ ਕਮੇਟੀ ਦੇ ਸਹਿ ਚੇਅਰਮੈਨ ਸਾਬਕਾ ਵਿਧਾਇਕ ਹਰਦਿਆਲ ਕੰਬੋਜ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ 4 ਨਵੰਬਰ ਨੂੰ ਸੰਗਰੂਰ ਵਿਖੇ ਹੋਣ ਵਾਲੀ ਰੈਲੀ ਤੋਂ ਬਾਅਦ 'ਆਪ' ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਰਾਜਪੁਰਾ ਤੋਂ ਵੱਡੀ ਗਿਣਤੀ ਵਿੱਚ ਉਹ ਆਪਣੇ ਸਮਰਥਕਾਂ ਸਮੇਤ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਗਿਆ ਹੈ।ਮੀਟਿੰਗ ਦੌਰਾਨ ਰੈਲੀ ਦੀਆਂ ਤਿਆਰੀਆਂ ਤੇ ਵਰਕਰਾਂ ਦੀ ਸ਼ਮੂਲੀਅਤ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਹਰਦਿਆਲ ਕੰਬੋਜ ਨੇ ਰੈਲੀ ਸਬੰਧੀ ਦੱਸਿਆ ਕਿ ਉਹ ਰੈਲੀ 'ਚ ਵੱਧ ਤੋਂ ਵੱਧ ਗੱਡੀਆਂ ਤੇ ਬੱਸਾਂ ਦਾ ਕਾਫ਼ਲਾ ਲੈ ਕੇ ਪਹੁੰਚਣਗੇ, ਤਾਂ ਜੁ ਰਾਹੁਲ ਗਾਂਧੀ ਦੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ।ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਵਿੱਚ ਰੈਲੀ ਨੂੰ ਲੈ ਕੇ ਉਤਸ਼ਾਹ ਹੈ ਤੇ ਉਹ ਇਸ ਨੂੰ ਸਫ਼ਲ ਬਣਾਉਣ ਲਈ ਪੂਰੀ ਮਿਹਨਤ ਕਰਨਗੇ।

# ਰਾਜਾ ਵੜਿੰਗ ਨੇ 'ਆਪ' ਦੇ ਪੰਜ ਸਾਲ ਦੇ ਨਸ਼ਿਆਂ, ਅਪਰਾਧਾਂ, ਭ੍ਰਿਸ਼ਟਾਚਾਰ ਤੇ ਅਧੂਰੇ ਵਾਅਦਿਆਂ 'ਤੇ ਚੁੱਕੇ ਸਵਾਲ

**ਲੁਧਿਆਣਾ (ਰਾਜ ਸਿੰਗਲਾ)**
ਸੰਸਦ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਨਸ਼ਿਆਂ, ਅਪਰਾਧਾਂ, ਭ੍ਰਿਸ਼ਟਾਚਾਰ ਅਤੇ ਅਧੂਰੇ ਵਾਅਦਿਆਂ ਦੇ ਰਿਕਾਰਡ 'ਤੇ ਸਵਾਲ ਚੁੱਕੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਭਗਵੰਤ ਮਾਨ ਨੂੰ ਬਦਲਾਅ ਲਿਆਉਣ ਦਾ ਮੌਕਾ ਦਿੱਤਾ ਸੀ, ਪਰ ਲੋਕ ਅਜੇ ਵੀ ਸਰਕਾਰ ਤੋਂ ਜਵਾਬ ਮੰਗ ਰਹੇ ਹਨ।

ਰਾਜਾ ਵੜਿੰਗ ਨੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ 'ਤੇ ਚਿੰਤਾ ਜ਼ਾਹਰ ਕਰਦਿਆਂ ਗੁਲਜ਼ਾਰ ਸਿੰਘ ਦੀ ਮੌਤ ਦਾ ਜ਼ਿਕਰ ਕੀਤਾ।ਉਨ੍ਹਾਂ ਦੱਸਿਆ ਕਿ ਨਸ਼ਿਆਂ ਦਾ ਮੁੱਦਾ ਚੁੱਕਣ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੋਂ ਸਵਾਲ ਪੁੱਛਣ ਤੋਂ ਬਾਅਦ ਗੁਲਜ਼ਾਰ ਸਿੰਘ ਨੂੰ ਕਥਿਤ ਤੌਰ 'ਤੇ ਧਮਕੀਆਂ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ।ਉਨ੍ਹਾਂ ਮਾਨਸਾ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਨੂੰ ਕਥਿਤ ਨਸ਼ਾ ਸਪਲਾਇਰ ਦਾ ਵਿਰੋਧ ਕਰਨ ਤੋਂ ਬਾਅਦ ਗੋਲੀ ਮਾਰ ਦਿੱਤੀ ਗਈ ਸੀ।ਵੜਿੰਗ ਨੇ ਨਸ਼ਿਆਂ ਨੂੰ ਖ਼ਤਮ ਕਰਨ ਦੇ ਸਰਕਾਰ ਦੇ ਦਾਅਵਿਆਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਲਗਾਤਾਰ ਜਾ ਰਹੀਆਂ ਜਾਨਾਂ ਲਈ ਸਰਕਾਰ ਨੂੰ ਗੰਭੀਰਤਾ ਨਾਲ ਜਵਾਬਦੇਹ ਬਣਨਾ ਚਾਹੀਦਾ ਹੈ।ਉਨ੍ਹਾਂ 'ਆਪ' ਦੇ ਸਰਪੰਚ ਪਰਮਜੀਤ ਸਿੰਘ ਦੀ ਗ੍ਰਿਫ਼ਤਾਰੀ ਦਾ ਵੀ ਜ਼ਿਕਰ ਕੀਤਾ, ਜਿਸ ਬਾਰੇ ਰਿਪੋਰਟਾਂ ਅਨੁਸਾਰ ਲਗਭਗ 90 ਕਰੋੜ ਰੁਪਏ ਦੀ ਹੈਰੋਇਨ ਦੀ ਬਰਾਮਦਗੀ ਨਾਲ ਜੁੜਿਆ ਮਾਮਲਾ ਸੀ।ਉਨ੍ਹਾਂ 'ਆਪ' ਵਿਧਾਇਕ ਸਰਵਣ ਸਿੰਘ ਧੁੰਨ ਦੇ ਭਤੀਜੇ ਦੀ ਗ੍ਰਿਫ਼ਤਾਰੀ ਦਾ ਵੀ ਜ਼ਿਕਰ ਕੀਤਾ, ਜਿਸ ਦਾ ਮਾਮਲਾ ਹੈਰੋਇਨ ਤੇ ਪਾਕਿਸਤਾਨੀ ਡਰੋਨ ਨਾਲ ਜੁੜਿਆ ਦੱਸਿਆ ਗਿਆ।ਉਨ੍ਹਾਂ ਸਰਹੱਦ ਪਾਰੋਂ ਹੋ ਰਹੀ ਨਸ਼ਾ ਤਸਕਰੀ ਦੀ ਚੁਣੌਤੀ ਉੱਤੇ ਵੀ ਸਵਾਲ ਚੁੱਕੇ ਅਤੇ ਆਪਣੇ ਵੱਲੋਂ ਦਿੱਤੀ ਜਾਣਕਾਰੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਲ 2025 ਵਿੱਚ ਭਾਰਤ ਵਿੱਚ ਡਰੋਨ ਰਾਹੀਂ ਨਸ਼ਾ ਤਸਕਰੀ ਨਾਲ ਜੁੜੇ 305 ਮਾਮਲਿਆਂ ਵਿੱਚੋਂ 298 ਪੰਜਾਬ ਵਿੱਚ ਦਰਜ ਹੋਏ ਸਨ।ਕਾਨੂੰਨ-ਵਿਵਸਥਾ ਦੇ ਮੁੱਦੇ 'ਤੇ ਵੜਿੰਗ ਨੇ ਕਿਹਾ ਕਿ ਐੱਨਸੀਆਰਬੀ ਦੇ ਅੰਕੜਿਆਂ 'ਤੇ ਆਧਾਰਤ ਰਿਪੋਰਟਾਂ ਅਨੁਸਾਰ ਸਾਲ 2024 ਵਿੱਚ ਲੁਧਿਆਣਾ ਕਤਲ ਦੇ ਮਾਮਲਿਆਂ ਵਿੱਚ ਦੇਸ਼ ਦੇ 34 ਵੱਡੇ ਸ਼ਹਿਰਾਂ ਵਿੱਚੋਂ ਦੂਜੇ ਸਥਾਨ 'ਤੇ ਸੀ, ਜਿੱਥੇ ਕਤਲ ਦੇ 56 ਮਾਮਲੇ ਦਰਜ ਕੀਤੇ ਗਏ।ਉਨ੍ਹਾਂ ਨੇ ਦਿਨ-ਦਿਹਾੜੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਲਈ 500 ਤੋਂ ਵੱਧ ਗੈਂਗਾਂ ਵੱਲੋਂ ਕਥਿਤ ਤੌਰ 'ਤੇ ਅਪਰਾਧੀਆਂ ਦੀ ਵਰਤੋਂ ਕੀਤੇ ਜਾਣ ਦੀਆਂ ਰਿਪੋਰਟਾਂ 'ਤੇ ਵੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸੰਗਠਤ ਅਪਰਾਧਾਂ ਵਿਰੁੱਧ ਕਾਰਵਾਈ ਬਾਰੇ ਜਵਾਬ ਦੇਣਾ ਚਾਹੀਦਾ ਹੈ ਅਤੇ ਆਮ ਲੋਕਾਂ ਤੇ ਕਾਰੋਬਾਰੀਆਂ ਦੀ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ।ਵੜਿੰਗ ਨੇ ਪੁਲਿਸ ਮੁਲਾਜ਼ਮਾਂ 'ਤੇ ਹੋਏ ਹਮਲਿਆਂ ਬਾਰੇ ਵੀ ਚਿੰਤਾ ਜ਼ਾਹਰ ਕੀਤੀ।ਉਨ੍ਹਾਂ ਆਪਣੀ ਜਾਣਕਾਰੀ ਵਿੱਚ ਜ਼ਿਕਰ ਕੀਤੇ ਏਐੱਸਆਈ ਹਰਜੀਤ ਸਿੰਘ, ਜੋਗਾ ਸਿੰਘ ਤੇ ਇਕਬਾਲ ਸਿੰਘ ਦੇ ਕਤਲਾਂ ਦਾ ਹਵਾਲਾ ਦਿੱਤਾ।ਉਨ੍ਹਾਂ ਗੈਂਗਾਂ ਦੇ ਨੈੱਟਵਰਕ, ਕਬੱਡੀ ਖਿਡਾਰੀਆਂ ਦੇ ਕਤਲ, ਕਾਰੋਬਾਰੀਆਂ ਤੋਂ ਫਿਰੌਤੀਆਂ ਤੇ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ (ਐੱਨਆਰਆਈਜ਼) ਨੂੰ ਫਿਰੌਤੀ ਲਈ ਦਿੱਤੀਆਂ ਜਾਂਦੀਆਂ ਧਮਕੀਆਂ 'ਤੇ ਵੀ ਚਿੰਤਾ ਪ੍ਰਗਟਾਈ।

ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦੇ ਲੋਕ ਅਜੇ ਵੀ 'ਆਪ' ਸਰਕਾਰ ਵੱਲੋਂ ਕੀਤੇ ਵਾਅਦਿਆਂ ਦੇ ਪੂਰੇ ਹੋਣ ਦੀ ਉਡੀਕ ਕਰ ਰਹੇ ਹਨ।ਉਨ੍ਹਾਂ ਨੇ ਕਿਸਾਨਾਂ ਦੀਆਂ 22 ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੇਣ ਦੀ ਮੰਗ ਤੇ ਸਰਕਾਰੀ ਮੁਲਾਜ਼ਮਾਂ ਦੇ ਬਕਾਇਆ ਮਹਿੰਗਾਈ ਭੱਤੇ (ਡੀ ਏ) ਦਾ ਮੁੱਦਾ ਚੁੱਕਿਆ।ਉਨ੍ਹਾਂ ਨੇ ਬਰਗਾੜੀ ਬੇਅਦਬੀ ਮਾਮਲੇ ਵਿੱਚ ਇਨਸਾਫ਼ ਦੇ ਮੁੱਦੇ 'ਤੇ ਵੀ ਸਰਕਾਰ ਨੂੰ ਘੇਰਿਆ।

ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਪਾਰਟੀ ਹਰ ਅਧੂਰੇ ਵਾਅਦੇ, ਹਰ ਘੁਟਾਲੇ ਤੇ ਪੰਜਾਬ ਦੇ ਸ਼ਾਸਨ ਨਾਲ ਜੁੜੀ ਚਰਚਾ ਵਿੱਚ ਉਠਾਈ ਗਈ ਹਰ ਮੌਤ ਦੇ ਮਾਮਲੇ 'ਤੇ ਜਵਾਬਦੇਹੀ ਦੀ ਮੰਗ ਕਰੇਗੀ।ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਪੰਜਾਬ ਵਿੱਚ ਨਸ਼ਿਆਂ, ਅਪਰਾਧਾਂ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ 'ਆਪ' ਸਰਕਾਰ ਦੇ ਰਿਕਾਰਡ ਦਾ ਪਰਦਾਫਾਸ਼ ਕਰਨਗੇ ਤੇ ਕਾਂਗਰਸ ਪਾਰਟੀ ਲੋਕਾਂ ਦੇ ਸਾਹਮਣੇ ਇਹ ਮੁੱਦੇ ਲਗਾਤਾਰ ਉਠਾਉਂਦੀ ਰਹੇਗੀ।

## ਕਾਤਰਾਂ

### ਸੁਸਾਇਟੀ ਦੀ ਨਿਰਪੱਖ ਚੋਣ ਦੇ ਭਰੋਸੇ ਉਪਰੰਤ ਧਰਨਾ ਖਤਮ

**ਭਵਾਨੀਗੜ੍ਹ (ਰਾਜ ਖੁਰਮੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਇਕਾਈ ਜਲਾਣ ਵੱਲੋਂ ਪਿੰਡ ਜਲਾਣ ਦੀ ਕੋਆਪਰੇਟਿਵ ਸੁਸਾਇਟੀ ਅੱਗੇ ਲਗਾਇਆ ਗਿਆ ਧਰਨਾ ਪ੍ਰਸ਼ਾਸਨ ਵੱਲੋਂ ਚੋਣ ਨਿਰਪੱਖ ਢੰਗ ਨਾਲ ਕਰਵਾਉਣ ਦੇ ਭਰੋਸੇ ਮਗਰੋਂ ਸਮਾਪਤ ਹੋ ਗਿਆ। ਇਹ ਧਰਨਾ ਪਿੰਡ ਜਲਾਣ, ਖੇੜੀ ਚੰਦਵਾਂ ਅਤੇ ਸੰਤੋਖਪੁਰਾ ਦੇ ਕਿਸਾਨਾਂ ਵੱਲੋਂ ਸਾਂਝੇ ਤੌਰ 'ਤੇ ਲਗਾਇਆ ਗਿਆ ਸੀ। ਕਿਸਾਨਾਂ ਨੇ ਸੁਸਾਇਟੀ ਦੀ ਚੋਣ ਪ੍ਰਕਿਰਿਆ 'ਤੇ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਝੋਨੇ ਦੇ ਸੀਜ਼ਨ ਦੌਰਾਨ ਚੋਣ ਕਰਵਾਉਣ ਦਾ ਫ਼ੈਸਲਾ ਕਿਸਾਨਾਂ ਲਈ ਮੁਸ਼ਕਲਾਂ ਪੈਦਾ ਕਰਨ ਵਾਲਾ ਹੈ। ਕਿਸਾਨਾਂ ਨੇ ਦੋਸ਼ ਲਾਇਆ ਕਿ ਚੋਣ ਪ੍ਰਕਿਰਿਆ ਬਾਰੇ ਉਨ੍ਹਾਂ ਨੂੰ ਪਹਿਲਾਂ ਢੁੱਕਵੀਂ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਵੋਟਰ ਸੂਚੀ ਤੇ ਚੋਣ ਪ੍ਰੋਗਰਾਮ ਸਬੰਧੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

### ਪੰਜਾਬੀ ਸਾਹਿਤ ਸਭਾ ਧੂਰੀ ਦਾ ਸਾਹਿਤਕ ਸਮਾਗਮ ਪਹਿਲੀ ਨੂੰ

**ਧੂਰੀ (ਸੁਖਦੇਵ ਧੂਰੀ, ਮਨੋਹਰ ਸੱਗੂ)**-ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ਦਾ ਮਹੀਨਾਵਾਰ ਸਾਹਿਤਕ ਸਮਾਗਮ ਇਸ ਵਾਰੀ ਜਿਲ੍ਹਾ ਮਾਲੇਰਕੋਟਲਾ ਦੇ ਪਿੰਡ ਇਮਾਮ ਗੜ੍ਹ ਵਿਖੇ 1 ਨਵੰਬਰ (ਐਤਵਾਰ) ਨੂੰ ਸਵੇਰੇ 10 . 30 ਵਜੇ ਕੀਤਾ ਜਾਵੇਗਾ।ਡੇਰਾ ਬਾਬਾ ਸ਼੍ਰੀ ਚੰਦ ਉਦਾਸੀਨ ਆਸ਼ਰਮ ਵਿਖੇ ਮੁੱਖ ਸੇਵਾਦਾਰ ਮਹੰਤ ਸ਼੍ਰੀ ਹਰਪਾਲ ਦਾਸ ਦੀ ਸਰਪ੍ਰਸਤੀ ਅਧੀਨ ਹੋਣ ਵਾਲ਼ੇ ਇਸ ਸਮਾਰੋਹ ਵਿੱਚ ਹਰ ਮਹੀਨੇ ਹੋਣ ਵਾਲ਼ੇ ਕਾਰਜਾਂ ਤੋਂ ਇਲਾਵਾ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਦੀ ਅਜੋਕੀ ਦਸ਼ਾ ਤੇ ਦਿਸ਼ਾ ਬਾਰੇ ਵਿਸਥਾਰ ਸਹਿਤ ਵਿਚਾਰ ਚਰਚਾ ਵੀ ਕੀਤੀ ਜਾਵੇਗੀ। ਕਵੀ ਦਰਬਾਰ ਵਿੱਚ ਹਾਜ਼ਰ ਕਵੀ ਆਪਣੀਆਂ ਸੱਜਰੀਆਂ ਅਤੇ ਚੋਣਵੀਆਂ ਰਚਨਾਵਾਂ ਪੇਸ਼ ਕਰਨਗੇ ਤੇ ਹਰ ਮਹੀਨੇ ਦੀ ਤਰ੍ਹਾਂ ਨਵੰਬਰ ਵਿੱਚ ਜਨਮੇਂ ਮੈਂਬਰਾਂ ਦਾ ਜਨਮ ਦਿਨ ਮਨਾ ਕੇ ਸਨਮਾਨਿਤ ਵੀ ਕੀਤਾ ਜਾਵੇਗਾ। ਇਹ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਅਤੇ ਜਨਰਲ ਸਕੱਤਰ ਚਰਨਜੀਤ ਮੀਮਸਾ ਨੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਹੋਰ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਵੀ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ ।

### ਬੱਚਿਆਂ ਨੇ ਜਪੁਜੀ ਸਾਹਿਬ ਦੇ ਪਾਠ ਸੁਣਾਏ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ਼ੁੱਕਰਵਾਰ ਨੂੰ ਐੱਲ. ਡੀ. ਕੌਨਵੈਂਟ, ਲੰਬੀ ਢਾਬ ਸਕੂਲ ਵਿੱਚ ਬੱਚਿਆਂ ਤੋਂ ਨਿਰੋਲ ਸੇਵਾ ਸੁਸਾਇਟੀ ਦੇ ਅਹੁਦੇਦਾਰਾਂ ਵੱਲੋਂ ਜਪੁਜੀ ਸਾਹਿਬ ਦੇ ਪਾਠ ਸੁਣੇ ਗਏ। ਜਿਸ ਵਿੱਚ ਤਕਰੀਬਨ 100 ਬੱਚਿਆਂ ਨੇ ਭਾਗ ਲਿਆ। ਸਾਰੇ ਹੀ ਬੱਚਿਆਂ ਨੇ ਬਹੁਤ ਵਧੀਆ ਢੰਗ ਨਾਲ ਜਪੁਜੀ ਸਾਹਿਬ ਦਾ ਪਾਠ ਸੁਣਾਇਆ।ਇੰਨ੍ਹਾਂ ਵਿੱਚੋਂ 7 ਬੱਚਿਆਂ ਨੇ ਫਾਈਨਲ ਪੜਾਅ ਲਈ ਕੁਆਲੀਫਾਈ ਕੀਤਾ।ਇਸ ਮੌਕੇ ਸਕੂਲ ਦੇ ਚੇਅਰਮੈਨ ਅਜੈ ਅਰੋੜਾ ਅਤੇ ਪ੍ਰਿੰਸੀਪਲ ਮੈਡਮ ਗੁੰਜਨ ਨੇ ਬੱਚਿਆਂ ਦੀ ਹੌਂਸਲਾ ਅਫ਼ਜਾਈ ਕੀਤੀ ਅਤੇ ਇਹਨਾਂ ਨੂੰ ਭਵਿੱਖ ਵਿੱਚ ਹੋਰ ਵੀ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

# 253 ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਵਿਰੋਧ 'ਚ ਸਰਕਾਰ ਦੀ ਅਰਥੀ ਫੂਕੀ

**ਮੋਗਾ (ਇਕਬਾਲ ਸਿੰਘ ਖਹਿਰਾ)**
ਪੰਜਾਬ ਸਰਕਾਰ ਵੱਲੋਂ 4161 ਭਰਤੀ ਤਹਿਤ ਨਿਯੁਕਤ 253 ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਫ਼ੈਸਲੇ ਦੇ ਵਿਰੋਧ ਵਿੱਚ ਅਧਿਆਪਕ ਜਥੇਬੰਦੀਆਂ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਅਧਿਆਪਕਾਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਸਰਕਾਰ ਦੇ ਇਸ ਫ਼ੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਇਸ ਮੌਕੇ ਅਧਿਆਪਕ ਆਗੂਆਂ ਬਲਜਿੰਦਰ ਧਾਲੀਵਾਲ, ਦਿਗਵਿਜੇਪਾਲ ਸ਼ਰਮਾ, ਪ੍ਰਗਟਜੀਤ ਸਿੰਘ ਕਿਸਨਪੁਰਾ, ਗੁਰਪ੍ਰੀਤ ਸਿੰਘ ਅਮੀਵਾਲ, ਸੁਰਿੰਦਰ ਸ਼ਰਮਾ ਨੇ ਕਿਹਾ ਕਿ ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦਾ ਫ਼ੈਸਲਾ ਅਧਿਆਪਕ ਵਰਗ ਦੇ ਭਵਿੱਖ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ।ਉਨ੍ਹਾਂ ਕਿਹਾ ਕਿ ਅਧਿਆਪਕਾਂ ਨੇ ਲੰਬੀ ਪ੍ਰਕਿਰਿਆ ਰਾਹੀਂ ਭਰਤੀ ਹੋ ਕੇ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ ਹਨ, ਪਰ ਹੁਣ ਉਨ੍ਹਾਂ ਦੀ ਨੌਕਰੀ ਉੱਤੇ ਖ਼ਤਰੇ ਦੇ ਬੱਦਲ ਮੰਡਰਾਉਣ ਕਾਰਨ ਅਧਿਆਪਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ।ਆਗੂਆਂ ਸੁਖਪਾਲਜੀਤ ਸਿੰਘ, ਜੱਜਪਾਲ ਸਿੰਘ ਬਾਜੇ ਕੇ, ਹਰਪਿੰਦਰ ਢਿੱਲੋਂ, ਪ੍ਰਦੀਪ ਰੱਖੜਾ, ਸੁਖਮੰਦਰ ਨਿਹਾਲ ਸਿੰਘ ਵਾਲਾ ਨੇ ਕਿਹਾ ਕਿ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਨੂੰ ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੀ ਬਜਾਏ ਉਨ੍ਹਾਂ ਦੀ ਨੌਕਰੀ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਅਧਿਆਪਕ ਕਿਸੇ ਵੀ ਸਿੱਖਿਆ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਤੇ ਅਧਿਆਪਕਾਂ ਨੂੰ ਨੌਕਰੀ ਤੋਂ ਫ਼ਾਰਗ ਕਰਨ ਨਾਲ ਸਰਕਾਰੀ ਸਕੂਲਾਂ ਦੀ ਸਿੱਖਿਆ ਪ੍ਰਣਾਲੀ ਵੀ ਪ੍ਰਭਾਵਿਤ ਹੋਵੇਗੀ।ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 253 ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੀ ਕਾਰਵਾਈ ਤੁਰੰਤ ਰੋਕੀ ਜਾਵੇ ਤੇ ਇਨ੍ਹਾਂ ਅਧਿਆਪਕਾਂ ਦੀ ਨੌਕਰੀ ਸੁਰੱਖਿਅਤ ਕਰਨ ਲਈ ਢੁਕਵੇਂ ਕਦਮ ਚੁੱਕੇ ਜਾਣ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਅਧਿਆਪਕਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਾ ਲਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਅੰਤ ਅਧਿਆਪਕ ਜਥੇਬੰਦੀਆਂ ਨੇ ਸਮੂਹ ਅਧਿਆਪਕ ਵਰਗ ਨੂੰ ਅਪੀਲ ਕੀਤੀ ਕਿ 253 ਅਧਿਆਪਕਾਂ ਦੀਆਂ ਸੇਵਾਵਾਂ ਬਚਾਉਣ ਲਈ ਇਕਜੁਟ ਹੋ ਕੇ ਸੰਘਰਸ਼ ਵਿੱਚ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ।

## ਨਿਹਾਲ ਸਿੰਘ ਵਾਲਾ 'ਚ ਟ੍ਰੈਫਿਕ ਦੀ ਸਮੱਸਿਆ ਬਣੀ ਗੰਭੀਰ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਤਿਉਹਾਰਾਂ ਦੇ ਦਿਨਾਂ ਨੂੰ ਮੁੱਖ ਰੱਖਦਿਆਂ ਕਸਬਾ ਨਿਹਾਲ ਸਿੰਘ ਵਾਲਾ ਵਿੱਚ ਟ੍ਰੈਫਿਕ ਦੀ ਸਮੱਸਿਆ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਬਾਜ਼ਾਰਾਂ ਅਤੇ ਮੁੱਖ ਸੜਕਾਂ 'ਤੇ ਵਾਹਨਾਂ ਦੀ ਵਧਦੀ ਆਵਾਜਾਈ, ਬੇਤਰਤੀਬ ਪਾਰਕਿੰਗ ਅਤੇ ਦੁਕਾਨਾਂ ਅੱਗੇ ਰੱਖੇ ਸਾਮਾਨ ਕਾਰਨ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ।ਇਸ ਕਾਰਨ ਰਾਹਗੀਰਾਂ, ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ੇਰੇ-ਏ-ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਟ੍ਰੈਫਿਕ ਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਬਾਜ਼ਾਰਾਂ ਵਿੱਚ ਲੋਕਾਂ ਦੀ ਆਵਾਜਾਈ ਵਧ ਜਾਂਦੀ ਹੈ, ਜਿਸ ਨੂੰ ਦੇਖਦਿਆਂ ਟ੍ਰੈਫਿਕ ਪ੍ਰਬੰਧਾਂ ਨੂੰ ਹੋਰ ਸੁਚਾਰੂ ਬਣਾਉਣ ਦੀ ਲੋੜ ਹੈ।

## ਸੀਟੂ ਵੱਲੋਂ 3 ਦੀ ਧੂਰੀ ਰੈਲੀ ਦੀਆਂ ਤਿਆਰੀਆਂ

**ਰਾਏਕੋਟ (ਸੰਤੋਖ ਗਿੱਲ)**-ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨ ਵੱਲੋਂ 3 ਨਵੰਬਰ ਨੂੰ ਧੂਰੀ ਵਿੱਚ ਹੋਣ ਵਾਲੀ ਰੈਲੀ ਦੀਆਂ ਤਿਆਰੀਆਂ ਸਬੰਧੀ ਪਿੰਡ ਰਾਜੋਆਣਾ ਖ਼ੁਰਦ ਵਿੱਚ ਮਨਰੇਗਾ ਮਜ਼ਦੂਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਪ੍ਰਕਾਸ਼ ਸਿੰਘ ਬਰ੍ਹਮੀ ਅਤੇ ਸੀਟੂ ਦੇ ਸੂਬਾ ਮੀਤ ਪ੍ਰਧਾਨ ਦਲਜੀਤ ਕੁਮਾਰ ਗੋਰਾ ਨੇ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਮਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਕੇ ਕਰੋੜਾਂ ਪੇਂਡੂ ਮਜ਼ਦੂਰਾਂ ਦੇ ਰੁਜ਼ਗਾਰ ਦੇ ਹੱਕ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਦੀ ਥਾਂ ਲਿਆਂਦੇ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਤਹਿਤ ਮੌਜੂਦਾ ਕਾਰਜਪ੍ਰਣਾਲੀ ਅਤੇ ਫ਼ੰਡਾਂ ਦੀ ਵੰਡ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਮੀਟਿੰਗ ਦੀ ਪ੍ਰਧਾਨਗੀ ਕਿਸਾਨ ਆਗੂ ਸੁਖਚੈਨ ਸਿੰਘ ਅਤੇ ਸੀਟੂ ਆਗੂ ਪ੍ਰਿਤਪਾਲ ਬਿੱਟਾ ਨੇ ਕੀਤੀ।ਉਨ੍ਹਾਂ ਕਿਹਾ ਕਿ ਮਨਰੇਗਾ ਤਹਿਤ ਉਜ਼ਰਤਾਂ ਦਾ 90 ਫ਼ੀਸਦੀ ਹਿੱਸਾ ਕੇਂਦਰ ਸਰਕਾਰ ਅਤੇ 10 ਫ਼ੀਸਦੀ ਸੂਬਾ ਸਰਕਾਰਾਂ ਵੱਲੋਂ ਦਿੱਤਾ ਜਾਂਦਾ ਸੀ, ਜਦ ਕਿ ਨਵੇਂ ਕਾਨੂੰਨ ਤਹਿਤ ਸੂਬਿਆਂ ਦੀ ਹਿੱਸੇਦਾਰੀ 40 ਫ਼ੀਸਦੀ ਅਤੇ ਕੇਂਦਰ ਦੀ 60 ਫ਼ੀਸਦੀ ਕਰ ਦਿੱਤੀ ਗਈ ਹੈ। ਉਨ੍ਹਾਂ ਮਜ਼ਦੂਰਾਂ ਦੀ ਦਿਹਾੜੀ 800 ਰੁਪਏ ਅਤੇ ਸਾਲ ਵਿੱਚ ਘੱਟੋ-ਘੱਟ 200 ਦਿਨ ਕੰਮ ਦੀ ਗਾਰੰਟੀ ਦੀ ਮੰਗ ਕੀਤੀ। ਮਨਰੇਗਾ ਕਰਮਚਾਰੀਆਂ ਨੂੰ ਪੱਕਾ ਕਰਨ ਅਤੇ ਤਨਖ਼ਾਹ 42 ਹਜ਼ਾਰ ਰੁਪਏ ਦੇਣ ਦੀ ਮੰਗ ਕੀਤੀ।

# ਰਾਹੁਲ ਦੀ ਰੈਲੀ ਕਰੇਗੀ 2027 ਦੀਆਂ ਚੋਣਾਂ ਦਾ ਆਗਾਜ਼ : ਗਿਲਜੀਆਂ

**ਮੋਗਾ (ਇਕਬਾਲ ਸਿੰਘ ਖਹਿਰਾ)**-ਸਾਬਕਾ ਕੈਬਨਿਟ ਮੰਤਰੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸੰਗਤ ਸਿੰਘ ਗਿਲਜੀਆ ਦੇ ਜ਼ਿਲ੍ਹਾ ਕਾਂਗਰਸ ਦਫ਼ਤਰ ਪੁੱਜੇ।ਉਨ੍ਹਾਂ ਨਾਲ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਤੋਂ ਇਲਾਵਾ ਜ਼ਿਲ੍ਹਾ ਕਾਂਗਰਸ ਮੋਗਾ ਦੇ ਪ੍ਰਧਾਨ ਹਰੀ ਸਿੰਘ ਖਾਈ, ਹਲਕਾ ਮੋਗਾ ਦੇ ਇੰਚਾਰਜ ਮਾਲਵਿਕਾ ਸੂਦ, ਸਾਬਕਾ ਚੇਅਰਮੈਨ ਵਿਨੋਦ ਬਾਂਸਲ, ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ, ਸਾਬਕਾ ਮੰਤਰੀ ਡਾਕਟਰ ਮਾਲਤੀ ਥਾਪਰ, ਸਾਬਕਾ ਵਿਧਾਇਕ ਵਿਜੇ ਕੁਮਾਰ ਸਾਥੀ, ਕਰਨਲ ਬਾਬੂ ਸਿੰਘ ਸਾਬਕਾ ਜਿਲ੍ਹਾ ਪ੍ਰਧਾਨ, ਗੁਰਬਚਨ ਸਿੰਘ ਬਰਾੜ ਸਾਬਕਾ ਜਿਲ੍ਹਾ ਪ੍ਰਧਾਨ, ਜੋਧਾ ਸਿੰਘ ਬਰਾੜ, ਬੀਬੀ ਜਗਦਰਸਨ ਕੌਰ ਸਾਬਕਾ ਜ਼ਿਲ੍ਹਾ ਪ੍ਰਧਾਨ, ਸੀਨੀਅਰ ਆਗੂ ਐਡਵੋਕੇਟ ਰਵਿੰਦਰ ਸਿੰਘ ਰਵੀ ਗਰੇਵਾਲ, ਕ੍ਰਿਸ਼ਨ ਤਿਵਾੜੀ ਡੈਲੀਗੇਟ ਹਲਕਾ ਧਰਮਕੋਟ, ਜਗਸੀਰ ਸਿੰਘ ਕਾਲੇਕੇ ਹਲਕਾ ਬਾਘਾ ਪੁਰਾਣਾ, ਭੋਲਾ ਸਿੰਘ ਸਮਾਧ ਭਾਈ, ਹਲਕਾ ਨਿਹਾਲ ਸਿੰਘ ਵਾਲਾ ਦੇ ਸਰਕਲ ਪ੍ਰਧਾਨ ਜਸਬੀਰ ਸਿੰਘ ਬਰਾੜ ਖੋਟੇ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਪਰਮਪਾਲ ਸਿੰਘ ਤਖਤੂਪੁਰਾ, ਮਨਜੀਤ ਸਿੰਘ ਮਾਨ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਤੋਂ ਇਲਾਵਾ ਸਾਰੇ ਸਰਕਲ ਪ੍ਰਧਾਨ ਹਾਜ਼ਰ ਸਨ।ਸੰਗਤ ਸਿੰਘ ਗਿਲਜੀਆ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਸਾਲ 2027 ਦੀਆਂ ਚੋਣਾਂ ਦਾ ਅਗਾਜ਼ 4 ਨਵੰਬਰ ਨੂੰ ਕੁੱਲ ਹਿੰਦ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਕੀਤੀ ਜਾ ਰਹੀ ਰੈਲੀ ਤੋਂ ਕੀਤਾ ਜਾਵੇਗਾ ਤੇ 4 ਨਵੰਬਰ ਦੀ ਰੈਲੀ ਪੰਜਾਬ ਵਿੱਚ ਕਾਂਗਰਸ ਸਰਕਾਰ ਆਉਣ ਦਾ ਮੁੱਢ ਬੰਨੇਗੀ।ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ ਰੈਲੀ ਨੂੰ ਲੈਕੇ ਅੱਜ ਉਹ ਮੋਗਾ ਆਏ ਹਨ ਤੇ ਜ਼ਿਲ੍ਹਾ ਪੰਜਾਬ ਦੀ ਸਿਆਸਤ ਵਿੱਚ ਆਪਣਾ ਇੱਕ ਵਿਲੱਖਣ ਸਥਾਨ ਰੱਖਦਾ ਹੈ, ਕਿਉਂਕਿ ਮੋਗਾ ਜ਼ਿਲ੍ਹੇ ਵਿੱਚ ਵਿਧਾਨ ਸਭਾ ਦੇ ਚਾਰ ਹਲਕੇ ਪੈਂਦੇ ਹਨ ਤੇ ਰੈਲੀ ਨੂੰ ਸਫ਼ਲ ਬਣਾਉਣ ਲਈ ਮੋਗਾ ਹਲਕੇ ਤੋਂ ਯੂਥ ਕਾਂਗਰਸ ਤੋਂ ਲੈ ਕੇ ਸਰਕਲ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਤੇ ਹਲਕਾ ਇੰਚਾਰਜ ਵੱਡੀ ਗਿਣਤੀ ਵਿੱਚ ਵਰਕਰਾਂ ਨੂੰ ਲੈਕੇ ਪੁੱਜਣ।ਉਨ੍ਹਾਂ ਕਾਂਗਰਸ ਪਾਰਟੀ ਦੀ ਇਕਜੁਟਤਾ ਬਣਾਉਣ ਦੀ ਵੀ ਆਗੂਆਂ ਨੂੰ ਅਪੀਲ ਕੀਤੀ।ਉਨ੍ਹਾਂ ਇਹ ਵੀ ਕਿਹਾ ਕਿ ਹਰ ਹਲਕੇ ਵਿੱਚ ਕਾਂਗਰਸ ਦੀ ਟਿਕਟ ਲਈ ਕਈ ਦਾਅਵੇਦਾਰ ਹੁੰਦੇ ਹਨ, ਪਰ ਪਾਰਟੀ ਨੇ ਟਿਕਟ ਇੱਕ ਜਾਣੇ ਨੂੰ ਦੇਣੀ ਹੁੰਦੀ ਹੈ, ਪਰ ਕਿਸੇ ਵੀ ਵਿਅਕਤੀ ਜਾਂ ਆਗੂ ਨੂੰ ਟਿਕਟ ਤੇ ਚੋਣ ਲੜਨ ਵਾਲੇ ਉਮੀਦਵਾਰ ਲਈ ਕੋਈ ਵੀ ਨਰਾਜ਼ਗੀ ਨਹੀਂ ਹੋਣੀ ਚਾਹੀਦੀ ਤੇ ਸਭ ਨੂੰ ਇੱਕ ਮੰਚ 'ਤੇ ਇਕੱਠੇ ਹੋਕੇ ਚੱਲਣ ਦੀ ਲੋੜ ਹੈ ਤਾਂ ਜੁ 2027 ਦੀਆਂ ਚੋਣਾਂ ਵਿੱਚ ਕਾਂਗਰਸ ਦੀ ਸਰਕਾਰ ਬਣਾਈ ਜਾ ਸਕੇ।

# ਨਾਟਕ 'ਬੋਲਾਂਗੇ ਸੱਚ' ਨੇ ਨਸ਼ਿਆਂ ਦੀ ਦਲਦਲ ਤੇ ਨੌਜਵਾਨਾਂ ਦੇ ਪਲਾਇਨ 'ਤੇ ਕੀਤੀ ਤਿੱਖੀ ਚੋਟ

**ਮਾਲੇਰਕੋਟਲਾ (ਅਸਗਰ ਪਰਿਹਾਰ)**
'ਵਾਇਸ ਆਫ਼ ਮਾਲੇਰਕੋਟਲਾ' ਵੱਲੋਂ ਮਾਲੇਰਕੋਟਲਾ ਕਲੱਬ ਵਿਖੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਤੇ ਪ੍ਰਭਾਵਸ਼ਾਲੀ ਨਾਟਕ 'ਬੋਲਾਂਗੇ ਸੱਚ' ਦਾ ਸਫਲ ਆਯੋਜਨ ਕੀਤਾ ਗਿਆ।ਉੱਭਰਦੇ ਹੋਏ ਸਮਾਜ ਸੇਵੀ, ਸਿਆਸਤਦਾਨ ਤੇ 'ਵਾਇਸ ਆਫ਼ ਮਾਲੇਰਕੋਟਲਾ' ਦੇ ਪ੍ਰਧਾਨ ਸ੍ਰੀ ਮੁਜ਼ੱਮਿਲ ਅਲੀ ਖ਼ਾਨ ਦੀ ਦੇਖ-ਰੇਖ ਹੇਠ ਕਰਾਏ ਗਏ ਇਸ ਵਿਸ਼ੇਸ਼ ਸਮਾਗਮ ਵਿੱਚ ਮਲੇਰਕੋਟਲਾ ਦੇ ਸ਼ਹਿਰ ਵਾਸੀਆਂ ਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਬੜੇ ਉਤਸ਼ਾਹ ਨਾਲ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਇਹ ਨਾਟਕ ਪੰਜਾਬ ਦੇ ਮੌਜੂਦਾ ਗੰਭੀਰ ਸਮਾਜਿਕ ਮੁੱਦਿਆਂ ਜਿਵੇਂ ਕਿ ਦਿਨੋ-ਦਿਨ ਵਧ ਰਹੇ ਨਸ਼ਿਆਂ ਦੇ ਰੁਝਾਨ, ਨੌਜਵਾਨ ਪੀੜ੍ਹੀ ਦੇ ਧੁੰਦਲਾਉਂਦੇ ਭਵਿੱਖ ਅਤੇ ਪੰਜਾਬ ਦੇ ਨੌਜਵਾਨਾਂ ਦੇ ਵੱਡੀ ਪੱਧਰ 'ਤੇ ਰੋਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਹੋ ਰਹੇ ਪਲਾਇਨ ਨੂੰ ਕੇਂਦਰ ਵਿੱਚ ਰੱਖ ਕੇ ਪੇਸ਼ ਕੀਤਾ ਗਿਆ।ਨਾਟਕ ਦੇ ਹਰ ਇੱਕ ਦ੍ਰਿਸ਼ ਨੇ ਦਰਸ਼ਕਾਂ ਨੂੰ ਸੰਜੀਦਗੀ ਨਾਲ ਸੋਚਣ ਲਈ ਮਜ਼ਬੂਰ ਕਰ ਦਿੱਤਾ ਤੇ ਪੰਜਾਬ ਦੀ ਮੌਜੂਦਾ ਸਥਿਤੀ ਦਾ ਹੂਬਹੂ ਚਿਤਰਣ ਕੀਤਾ।

ਇਮਰਾਨ ਸ਼ੇਖ ਤੇ ਭੁਪਿੰਦਰ ਬਰਨਾਲਾ ਦੇ ਕੁਸ਼ਲ ਨਿਰਦੇਸ਼ਨ ਹੇਠ ਖੇਡੇ ਗਏ ਇਸ ਨਾਟਕ ਵਿੱਚ ਪੰਜਾਬ ਦੀਆਂ ਪ੍ਰਸਿੱਧ ਫ਼ਿਲਮੀ ਤੇ ਰੰਗਮੰਚੀ ਹਸਤੀਆਂ ਮਲਕੀਤ ਰੌਣੀ, ਗੁਰਪ੍ਰੀਤ ਭੰਗੂ, ਰੁਪਿੰਦਰ ਰੂਪੀ, ਪ੍ਰਕਾਸ਼ ਗਾਧਵੀ, ਇਮਰਾਨ ਸ਼ੇਖ, ਸੀਮਾ ਕੌਸ਼ਲ, ਪਰਮਿੰਦਰ ਗਿੱਲ, ਵੀਰਪਾਲ ਅਤੇ ਭੁਪਿੰਦਰ ਬਰਨਾਲਾ ਨੇ ਆਪਣੀ ਬੇਮਿਸਾਲ ਅਦਾਕਾਰੀ ਨਾਲ ਸਮਾਜ ਦੀਆਂ ਦੁਖਦੀਆਂ ਰਗਾਂ ਨੂੰ ਮੰਚ 'ਤੇ ਜੀਵੰਤ ਕਰ ਦਿੱਤਾ। ਕਲਾਕਾਰਾਂ ਨੇ ਆਪਣੇ ਸੰਵਾਦਾਂ ਤੇ ਸੰਜੀਦਾ ਅਦਾਕਾਰੀ ਰਾਹੀਂ ਦਰਸ਼ਕਾਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡੀ ਤੇ ਸਮਾਜ 'ਚ ਫ਼ੈਲ ਰਹੀਆਂ ਬੁਰਾਈਆਂ ਵਿਰੁੱਧ ਲਾਮਬੰਦ ਹੋਣ ਦਾ ਸੁਨੇਹਾ ਦਿੱਤਾ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਨਸ਼ਿਆਂ ਦੀ ਲਾਹਨਤ ਨਾਲ ਨਜਿੱਠਣ ਲਈ ਸਾਨੂੰ ਆਪਣੀ ਸਮਾਜਿਕ ਸੋਚ ਬਦਲਣ ਦੀ ਸਖ਼ਤ ਲੋੜ ਹੈ।ਉਨ੍ਹਾਂ ਕਿਹਾ ਕਿ ਸਾਨੂੰ ਨਸ਼ਾ ਕਰਨ ਵਾਲੇ ਵਿਅਕਤੀਆਂ ਨਾਲ ਨਫ਼ਰਤ ਕਰਨ ਦੀ ਬਜਾਏ ਨਸ਼ਿਆਂ ਦੀ ਬੁਰਾਈ ਨਾਲ ਨਫ਼ਰਤ ਕਰਨੀ ਚਾਹੀਦੀ ਹੈ।ਨਸ਼ੇ ਦੀ ਲਪੇਟ ਵਿੱਚ ਆਏ ਨੌਜਵਾਨਾਂ ਨੂੰ ਸਮਾਜ ਤੋਂ ਦੂਰ ਕਰਨ ਜਾਂ ਛੇਕਣ ਦੀ ਬਜਾਏ ਪਿਆਰ, ਹਮਦਰਦੀ ਤੇ ਸੁਚੱਜੀ ਕਾਊਂਸਲਿੰਗ ਨਾਲ ਸਹੀ ਰਾਹ 'ਤੇ ਲਿਆਉਣਾ ਚਾਹੀਦਾ ਹੈ। ਸਮਾਜ ਨੂੰ ਅਜਿਹੇ ਪੀੜਤਾਂ ਦੀ ਮਦਦ ਲਈ ਅੱਗੇ ਆਉਣਾ ਪਵੇਗਾ।'ਵਾਇਸ ਆਫ਼ ਮਾਲੇਰਕੋਟਲਾ' ਦੇ ਪ੍ਰਧਾਨ ਸ੍ਰੀ ਮੁਜ਼ੱਮਿਲ ਅਲੀ ਖ਼ਾਨ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੇ ਫ਼ੈਲਾਅ ਨੂੰ ਰੋਕਣ ਲਈ ਸਿਸਟਮ ਵਿੱਚ ਵੱਡੇ ਸੁਧਾਰ ਲਿਆਉਣਾ ਸਮੇਂ ਦੀ ਮੁੱਖ ਮੰਗ ਹੈ।

## ਰਿਮੋਟ ਕੰਟਰੋਲ ਨਾਲ ਚੱਲ ਰਹੀ ਹੈ 'ਆਪ' ਸਰਕਾਰ : ਸਿੰਗਲਾ

**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਕਾਂਗਰਸ ਦੇ ਸੀਨੀਅਰ ਆਗੂ ਅਤੇ ਕਾਂਗਰਸ ਚੋਣ ਪ੍ਰਬੰਧਨ ਤੇ ਤਾਲਮੇਲ ਕਮੇਟੀ ਦੇ ਚੇਅਰਮੈਨ ਵਿਜੇ ਇੰਦਰ ਸਿੰਗਲਾ ਨੇ ਕਿਹਾ ਕਿ ਪੰਜਾਬ ਵਿੱਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਨੇ ਲੋਕਾਂ ਦੇ ਮਨਾਂ ਵਿੱਚ ਡਰ ਪੈਦਾ ਕਰ ਦਿੱਤਾ ਹੈ। ਉਨ੍ਹਾਂ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਨਸ਼ਿਆਂ ਦੇ ਕਾਰੋਬਾਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਨੱਥ ਪਾਉਣ ਵਿੱਚ ਨਾਕਾਮ ਰਹਿਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਗਲਾ ਨੇ ਕਿਹਾ ਕਿ ਸੂਬੇ ਵਿੱਚ ਵਧ ਰਹੀ ਅਸੁਰੱਖਿਆ ਦਾ ਅਸਰ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ 'ਤੇ ਪੈ ਰਿਹਾ ਹੈ ਅਤੇ ਕਾਰੋਬਾਰੀਆਂ ਦਾ ਭਰੋਸਾ ਵੀ ਘਟ ਰਿਹਾ ਹੈ। ਨਵੇਂ ਕਾਰੋਬਾਰ ਸ਼ੁਰੂ ਕਰਨ ਵਾਲੇ ਉਦਮੀ ਹਿਚਕਿਚਾ ਰਹੇ ਹਨ, ਜਦ ਕਿ ਵਪਾਰੀ ਅਤੇ ਉਦਯੋਗਪਤੀ ਵੀ ਪੰਜਾਬ ਵਿੱਚ ਆਪਣੇ ਕਾਰੋਬਾਰਾਂ ਦਾ ਵਿਸਥਾਰ ਕਰਨ ਲਈ ਨਿਵੇਸ਼ ਕਰਨ ਤੋਂ ਝਿਜਕ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 'ਕਾਗਜ਼ੀ ਸ਼ੇਰ' ਕਰਾਰ ਦਿੰਦਿਆਂ ਸਿੰਗਲਾ ਨੇ ਕਿਹਾ ਕਿ ਇਹ ਸਰਕਾਰ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਬਜਾਏ ਪ੍ਰਚਾਰ 'ਤੇ ਜ਼ਿਆਦਾ ਨਿਰਭਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਰਕਾਰ ਦਿੱਲੀ ਦੇ 'ਰਿਮੋਟ ਕੰਟਰੋਲ' ਨਾਲ ਚੱਲ ਰਹੀ ਹੈ, ਜਦ ਕਿ ਪੰਜਾਬ ਨੂੰ ਅਜਿਹੇ ਸ਼ਾਸਨ ਦੀ ਲੋੜ ਹੈ ਜੋ ਇੱਥੋਂ ਦੇ ਲੋਕਾਂ ਪ੍ਰਤੀ ਜਵਾਬਦੇਹ ਹੋਵੇ। ਗੁਲਜ਼ਾਰ ਸਿੰਘ ਅਤੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਮਾਮਲਿਆਂ ਦਾ ਹਵਾਲਾ ਦਿੰਦਿਆਂ ਸਿੰਗਲਾ ਨੇ ਨਸ਼ਿਆਂ ਦੇ ਕਾਰੋਬਾਰ ਵਿਰੁੱਧ ਬੋਲਣ ਵਾਲੇ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ।

# ਆਂਗਣਵਾੜੀ ਵਰਕਰਾਂ, ਹੈਲਪਰਾਂ ਸਰਕਾਰ ਦੇ ਫੁੱਲ ਗੰਗਾ ਤਾਰ ਕੇ ਹੀ ਸਾਹ ਲੈਣਗੀਆਂ : ਸਰੋਜ ਛੱਪੜੀਵਾਲਾ, ਬੇਦੀ

**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ, ਬਲਵਿੰਦਰ ਸਿੰਘ)**
ਆਲ ਇੰਡੀਆ ਆਂਗਣਵਾੜੀ ਵਰਕਰਜ/ਹੈਲਪਰਜ਼ ਯੂਨੀਅਨ ਪੰਜਾਬ ਏਟਕ ਵੱਲੋਂ ਸੁਤੰਤਰ ਭਵਨ ਵਿਖੇ ਮੀਟਿੰਗ ਦਾ ਆਯੋਜਨ ਕੀਤਾ ਗਿਆ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾ ਆਂਗਣਵਾੜੀ ਵਰਕਰਾਂ ਹੈਲਪਰਾਂ ਨਾਲ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਂਦਿਆਂ ਹੀ ਤੁਹਾਡਾ ਮਾਣਭੱਤਾ ਡਬਲ ਕਰ ਦਿੱਤਾ ਜਾਵੇਗਾ ਤੇ ਸੈਂਟਰਾਂ ਦੇ ਬੱਚੇ ਪ੍ਰਾਇਮਰੀ ਸਕੂਲਾਂ ਤੋਂ ਵਾਪਸ ਆਗਣਵਾੜੀ ਸੈਂਟਰਾਂ ਵਿੱਚ ਭੇਜੇ ਜਾਣਗੇ, ਪਰ ਪੂਰੇ ਪੰਜ ਸਾਲ ਬੀਤਣ ਵਾਲੇ ਹਨ। ਅਜੇ ਤੱਕ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਂਗਣਵਾੜੀ ਵਰਕਰਾਂ ਹੈਲਪਰਾਂ ਦੀ ਕੋਈ ਮੰਗ ਵੀ ਪੂਰੀ ਨਹੀਂ ਕੀਤੀ, ਸਗੋਂ ਲੰਮਾ ਸਮਾਂ ਰੂਲਾਂ 'ਚ ਤਬਦੀਲੀਆਂ ਕਰਕੇ ਹੀ ਵਰਕਰ ਹੈਲਪਰ ਨੂੰ ਉਲਝਾ ਕੇ ਰੱਖਿਆ।

ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਨੇ ਕਿਹਾ ਕਿ ਅਸੀਂ ਸਾਰੇ ਐਮ ਐਲ ਏ ਨੂੰ ਮੰਗ ਪੱਤਰ ਵੀ ਦੇ ਚੁੱਕੇ ਹਾਂ। ਯਾਦ ਪੱਤਰ ਵੀ ਦੇ ਚੁੱਕੇ ਹਾਂ। ਚੇਤਾਵਨੀ ਪੱਤਰ ਵੀ ਦੇ ਚੁੱਕੇ ਹਾਂ, ਪਰ ਅਜੇ ਤੱਕ ਸਾਡੀਆਂ ਮੰਗਾਂ ਜਿਉਂ ਦੀਆਂ ਤਿਉਂ ਹਨ। ਉਨ੍ਹਾਂ ਨਵਾਂ ਪ੍ਰੋਗਰਾਮ ਦੱਸਦਿਆਂ ਹੋਇਆ ਕਿਹਾ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ-ਅੰਦਰ ਸਾਨੂੰ ਸੀ.ਐਮ ਮਾਨ ਨਾਲ ਮੀਟਿੰਗ ਦਾ ਸਮਾਂ ਦੇ ਕੇ ਸਾਡੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਸਾਰੇ ਐਮ.ਐਲ.ਏ ਦੀਆਂ ਕੋਠੀਆਂ ਦੇ ਸਾਹਮਣੇ ਐਮ.ਐਲ.ਏ ਤੇ ਮੁੱਖ ਮੰਤਰੀ ਦੇ ਪੁਤਲੇ ਬਣਾ ਕੇ ਸਸਕਾਰ ਕੀਤਾ ਜਾਵੇਗਾ।

ਉਨ੍ਹਾਂ ਦੇ ਘਰ ਦੇ ਸਾਹਮਣੇ ਪੂਰਾ 13 ਦਿਨ ਸੱਥਰ ਵਿਛਾਇਆ ਜਾਏਗਾ। ਸਾਡੇ ਰੀਤੀ ਰਿਵਾਜਾਂ ਅਨੁਸਾਰ ਚੌਥੇ ਦਿਨ ਫੁੱਲ ਚੁਗਣ ਦੀ ਰਸਮ ਹੋਵੇਗੀ ਤੇ ਪੰਜਵੇਂ ਦਿਨ ਪਗੜੀ ਦੀ ਰਸਮ ਕੀਤੀ ਜਾਵੇਗੀ, ਜਿਸ ਵਿੱਚ ਸਾਰੀਆਂ ਜਨਤਕ ਜਥੇਬੰਦੀਆਂ ਨੂੰ ਸੱਦਾ ਦਿੱਤਾ ਜਾਵੇਗਾ ਤੇ 13ਵੇਂ ਤੇ ਗੰਗਾ ਵਿੱਚ ਫੁੱਲ ਤਰਾਏ ਜਾਣਗੇ। ਇਸ ਮੌਕੇ ਸੂਬਾ ਸਕੱਤਰ ਸੁਨੀਲ ਕੌਰ ਬੇਦੀ ਨੇ ਬੋਲਦਿਆ ਕਿਹਾ ਕਿ ਪਗੜੀ ਦੀ ਰਸਮ 'ਤੇ ਪਗੜੀ ਉਨ੍ਹਾਂ ਨੂੰ ਹੀ ਬੰਨਾਈ ਜਾਏਗੀ, ਜਿਹੜੇ ਅਸਲੀ ਪਗੜੀ ਦੇ ਹੱਕਦਾਰ ਹੋਣਗੇ।

# ਜਿੱਥੇ ਕਾਂਗਰਸ ਹਾਰਦੀ, ਉੱਥੇ ਈ ਵੀ ਐੱਮ ਤੇ ਵੋਟ ਚੋਰੀ ਦਾ ਰੌਲਾ ਪਾਉਣ ਲੱਗ ਜਾਂਦੀ : ਕੇਵਲ ਢਿੱਲੋਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਪੰਜਾਬ ਭਾਜਪਾ ਵੱਲੋਂ ਦੁਪਹਿਰ ਕਰੀਬ 12:15 ਵਜੇ 'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਮਾਰਚ ਕੱਢਿਆ ਗਿਆ।ਇਸ ਮੌਕੇ ਪਾਰਟੀ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਅੱਜ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੋਗ ਅਗਵਾਈ ਹੇਠ ਤਰੱਕੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ, ਪਰ ਵਿਰੋਧੀ ਪਾਰਟੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ।ਇਸੇ ਕਾਰਨ ਉਹ ਲੋਕਾਂ ਵਿੱਚ ਭਰਮ ਪੈਦਾ ਕਰਨ ਲਈ ਸੰਵਿਧਾਨਕ ਸੰਸਥਾਵਾਂ 'ਤੇ ਸਵਾਲ ਉਠਾ ਰਹੀਆਂ ਹਨ।ਇਸ ਮੌਕੇ ਭਾਜਪਾ ਦੇ ਕੌਮੀ ਸਕੱਤਰ ਅਤੇ ਪੰਜਾਬ ਭਾਜਪਾ ਦੇ ਇੰਚਾਰਜ ਡਾ. ਸਤੀਸ਼ ਪੂਨੀਆ, ਰਾਜ ਸਭਾ ਮੈਂਬਰ ਅਤੇ ਪੰਜਾਬ ਭਾਜਪਾ ਦੀ ਸਹਿ-ਇੰਚਾਰਜ ਅਲਕਾ ਗੁਰਜਰ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਲੋਕ ਸਭਾ ਮੈਂਬਰ ਮਹਾਰਾਣੀ ਪ੍ਰਨੀਤ ਕੌਰ, ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਜੈਇੰਦਰ ਕੌਰ, ਪੰਜਾਬ ਭਾਜਪਾ ਦੇ ਜਨਰਲ ਸਕੱਤਰ ਅਨਿਲ ਸਰੀਨ, ਜਨਰਲ ਸਕੱਤਰ ਜੀਵਨ ਗਰਗ ਅਤੇ ਜਨਰਲ ਸਕੱਤਰ ਰਾਜੇਸ਼ ਬਾਘਾ ਵੀ ਹਾਜ਼ਰ ਸਨ।ਢਿੱਲੋਂ ਨੇ ਕਿਹਾ ਕਿ ਕਾਂਗਰਸ ਦੋਹਰੇ ਮਾਪਦੰਡ ਅਪਣਾਉਂਦੀ ਹੈ, ਜਿਸ ਸੂਬੇ ਵਿੱਚ ਕਾਂਗਰਸ ਜਿੱਤ ਜਾਂਦੀ ਹੈ, ਉੱਥੇ ਲੋਕਤੰਤਰ ਅਤੇ ਈਵੀਐਮ ਸਭ ਕੁਝ ਠੀਕ ਹੁੰਦਾ ਹੈ, ਪਰ ਜਿੱਥੇ ਹਾਰ ਜਾਂਦੀ ਹੈ, ਉੱਥੇ ਇਸ ਦੇ ਆਗੂ ਈਵੀਐਮ ਤੇ ਵੋਟ ਚੋਰੀ ਦਾ ਰੌਲਾ ਪਾਉਣ ਲੱਗ ਜਾਂਦੇ ਹਨ।ਉਨ੍ਹਾਂ ਕਿਹਾ ਕਿ ਦੇਸ਼ ਦੀ ਜਨਤਾ ਦੇ ਫੈਸਲੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ।ਜਨਤਾ ਦੇ ਫੈਸਲੇ ਨੂੰ ਵੋਟ ਚੋਰੀ ਕਹਿਣਾ ਲੋਕਤੰਤਰ ਅਤੇ ਵੋਟਰਾਂ ਦੇ ਫੈਸਲੇ ਦਾ ਅਪਮਾਨ ਹੈ।ਹਾਰ ਦਾ ਠੀਕਰਾ ਈਵੀਐਮ ਸਿਰ ਭੰਨਣ ਨਾਲ ਜਨਤਾ ਦਾ ਭਰੋਸਾ ਨਹੀਂ ਜਿੱਤਿਆ ਜਾ ਸਕਦਾ।ਉਨ੍ਹਾਂ ਕਿਹਾ ਕਿ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸਆਈਆਰ) ਦਾ ਮਕਸਦ ਵੋਟਰ ਸੂਚੀਆਂ ਨੂੰ ਅਪਡੇਟ ਕਰਨਾ ਹੈ।ਯੋਗ ਵੋਟਰਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਸਿਆਸੀ ਤੌਰ 'ਤੇ ਚਮਕਾਉਣ ਲਈ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਐਸਆਈਆਰ ਦੇ ਮੁੱਦੇ ਨੂੰ ਬੇਵਜ੍ਹਾ ਉਛਾਲ ਰਹੀਆਂ ਹਨ।ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਵੋਟ ਚੋਰੀ ਦੇ ਮੁੱਦੇ 'ਤੇ ਬਿਆਨਬਾਜ਼ੀ ਕਰ ਰਹੇ ਹਨ, ਪਰ ਪੰਜਾਬ ਵਿੱਚ ਉਨ੍ਹਾਂ ਦੀ ਆਪਣੀ ਸਰਕਾਰ ਦੇ ਕਾਰਜਕਾਲ ਦੌਰਾਨ ਲੋਕਤੰਤਰ ਨਾਲ ਹੋਈਆਂ ਕਥਿਤ ਧਾਂਦਲੀਆਂ 'ਤੇ ਉਹ ਚੁੱਪ ਕਿਉਂ ਹਨ? ਉਨ੍ਹਾਂ ਕਿਹਾ ਕਿ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦੌਰਾਨ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਖੋਹਣ, ਪਾੜਨ, ਉਮੀਦਵਾਰਾਂ ਨੂੰ ਧਮਕਾਉਣ ਤੇ ਉਨ੍ਹਾਂ ਨਾਲ ਕੁੱਟਮਾਰ ਕਰਨ ਵਰਗੀਆਂ ਘਟਨਾਵਾਂ ਸਾਹਮਣੇ ਆਈਆਂ ਸਨ।ਇਹ ਘਟਨਾਵਾਂ ਚੋਣ ਪ੍ਰਕਿਰਿਆ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਖੜੇ ਕਰਦੀਆਂ ਹਨ।ਉਨ੍ਹਾਂ ਕਿਹਾ ਕਿ ਪਟਿਆਲਾ, ਮੋਗਾ ਤੇ ਬਾਘਾਪੁਰਾਣਾ ਵਿੱਚ ਸੁਪਰੀਮ ਕੋਰਟ ਵੱਲੋਂ ਮੁੜ ਚੋਣਾਂ ਕਰਾਉਣ ਦੇ ਫੈਸਲੇ ਨੂੰ ਵੀ ਗੰਭੀਰਤਾ ਨਾਲ ਦੇਖਣ ਦੀ ਲੋੜ ਹੈ, ਜੇਕਰ ਦਿੱਲੀ ਵਿੱਚ ਵੋਟ ਚੋਰੀ ਦੇ ਮੁੱਦੇ 'ਤੇ ਰੌਲਾ ਪਾਇਆ ਜਾ ਰਿਹਾ ਹੈ ਤਾਂ ਪੰਜਾਬ ਵਿੱਚ ਚੋਣਾਂ ਦੌਰਾਨ ਹੋਈਆਂ ਕਥਿਤ ਧਾਂਦਲੀਆਂ ਬਾਰੇ ਕੇਜਰੀਵਾਲ ਜਵਾਬ ਕਿਉਂ ਨਹੀਂ ਦਿੰਦੇ? ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਮੱਥੇ 'ਤੇ ਕਲੰਕ ਹਨ।ਉਹ ਸਿਰਫ਼ ਨਾਂਅ ਦੇ ਮੁੱਖ ਮੰਤਰੀ ਹਨ।ਉਨ੍ਹਾਂ ਨੇ ਆਪਣੀ ਪੱਗ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਦੇ ਕਦਮਾਂ ਵਿੱਚ ਰੱਖ ਦਿੱਤੀ ਹੈ। ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਨੇ ਲੋਕਤੰਤਰ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ।ਐਸਆਈਆਰ 'ਤੇ ਸਵਾਲ ਉਠਾ ਕੇ ਉਨ੍ਹਾਂ ਨੇ ਦੇਸ਼ ਦੀ ਅਸਮਿਤਾ 'ਤੇ ਹਮਲਾ ਕੀਤਾ ਹੈ।ਚੋਣ ਕਮਿਸ਼ਨ ਦੇਸ਼ ਦੀ ਇੱਕ ਸੰਵਿਧਾਨਕ ਸੰਸਥਾ ਹੈ। ਵਿਰੋਧੀ ਪਾਰਟੀਆਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਹੈ।ਇਸੇ ਲਈ ਉਹ ਦੇਸ਼ ਦੀ ਹਰ ਸੰਵਿਧਾਨਕ ਸੰਸਥਾ 'ਤੇ ਸਵਾਲ ਉਠਾ ਕੇ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

### 'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਮਾਰਚ ਰਾਹੀਂ ਭਾਜਪਾ ਨੇ ਕਾਂਗਰਸ ਤੇ 'ਆਪ' ਨੂੰ ਘੇਰਿਆ

## ਰਾਣੀ ਗਰਗ ਨੂੰ ਭਾਵਭਿੰਨੀਆਂ ਸ਼ਰਧਾਜਲੀਆਂ ਭੇਟ

**ਬਠਿੰਡਾ (ਰਾਜੀਵ ਗੋਇਲ)**-ਭਗਤਾ ਭਾਈਕਾ ਨਾਲ ਸੰਬੰਧਤ ਉੱਘੇ ਕਾਰੋਬਾਰੀ ਤੇ ਸਮਾਜਸੇਵੀ ਸਵ. ਜਗਦੀਸ਼ ਚੰਦਰ ਭਦੌੜ ਵਾਲਿਆਂ ਦੀ ਨੂੰਹ ਤੇ ਅਸ਼ਵਨੀ ਕੁਮਾਰ ਭੋਲਾ ਦੀ ਧਰਮ ਪਤਨੀ ਰਾਣੀ ਗਰਗ, ਜੋ ਪਿਛਲੇ ਦਿਨੀਂ ਫਾਨੀ ਸੰਸਾਰ ਨੂੰ ਅਲਵਿਦਾ ਆਖ ਅਚਨਚੇਤ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਜਿਨ੍ਹਾਂ ਦੀ ਅਗਰਵਾਲ ਧਰਮਸ਼ਾਲਾ ਵਿਖੇ ਅੰਤਮ ਅਰਦਾਸ ਹੋਈ ਤੇ ਰਾਣੀ ਗਰਗ ਨੂੰ ਪਹੁੰਚੇ ਹੋਏ ਰਿਸ਼ਤੇਦਾਰ ਤੇ ਸੁਨੇਹੀਆਂ ਵੱਲੋਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੰਤ ਬ੍ਰਹਮਮੁਨੀ ਜੀ ਗੁਰੂਸਰ ਜਲਾਲ ਵਾਲਿਆਂ ਵੱਲੋਂ ਕਥਾ ਕੀਤੀ ਗਈ ਤੇ ਸਵਾਮੀ ਰਾਮਸ਼ਰਨ ਅਤੇ ਸਰਬਾਨੰਦ ਜੀ ਸ਼ਾਸਤਰੀ ਵੱਲੋਂ ਭਜਨ ਗਾਇਨ ਕਰਦੇ ਹੋਏ ਇੱਕਤਰ ਹੋਈਆਂ ਸੰਗਤਾਂ ਨੂੰ ਪ੍ਰਮਾਤਮਾ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਪੰਡਿਤ ਸਤੀਸ਼ ਕੁਮਾਰ ਵੱਲੋਂ ਸ਼੍ਰੀ ਗਰੁੜ ਪਾਠ ਦਾ ਭੋਗ ਪਾਇਆ ਗਿਆ। ਇਸ ਸਮੇਂ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਹਲਕਾ ਬਾਘਾਪੁਰਾਣਾ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰ ਤੇ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ, ਮਨਜੀਤ ਸਿੰਘ ਬਿੱਟੀ ਕਾਂਗਰਸੀ ਆਗੂ, ਦੀਪ ਸਿੱਧੂ ਆਗੂ ਵਾਰਿਸ ਪੰਜਾਬ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ, ਚੇਅਰਮੈਨ ਬੂਟਾ ਸਿੰਘ ਜਲਾਲ, ਜਗਸੀਰ ਸਿੰਘ ਪੰਨੂ ਪ੍ਰਧਾਨ ਨਗਰ ਪੰਚਾਇਤ ਭਗਤਾ, ਬੂਟਾ ਸਿੰਘ ਸਿੱਧੂ ਸਾ. ਪ੍ਰਧਾਨ ਨਗਰ ਪੰਚਾਇਤ ਭਗਤਾ,ਲਖਵੀਰ ਸਿੰਘ ਸਿੱਧੂ ਸੀ. ਮੀਤ ਪ੍ਰਧਾਨ ਨਗਰ ਪੰਚਾਇਤ ਭਗਤਾ,ਵਿਜੈ ਕੁਮਾਰ ਪੱਪੂ ਪ੍ਰਧਾਨ ਆੜਤੀਆ ਯੂਨੀਅਨ ਭਗਤਾ, ਸ਼ੈਂਕੀ ਗੋਇਲ ਪ੍ਰਧਾਨ ਯੂਥ ਵਪਾਰ ਵਿੰਗ ਭਗਤਾ, ਡਾਕਟਰ ਬਲਜੀਤ ਸਿੰਘ ਦਿਉਲ, ਵਿਮਲ ਗਰਗ, ਦੀਪਕ ਮਿੱਤਲ, ਪਰਮਜੀਤ ਬਿਦਰ ਸੀਨੀਅਰ ਕਾਂਗਰਸੀ ਆਗੂ, ਗੁਰਚਰਨ ਸਿੰਘ, ਰਾਜਵਿੰਦਰ ਸਿੰਘ ਕੌਂਸਲਰ, ਜਗਮੋਹਨ ਲਾਲ, ਪਰਮਿੰਦਰ ਕੁਮਾਰ ਟੀਨਾ ਸਮੇਤ ਰਿਸ਼ਤੇਦਾਰ ਤੇ ਸਮੂਹ ਭਗਤਾ ਬਜ਼ਾਰ ਦੇ ਦੁਕਾਨਦਾਰ ਸ਼ਾਮਲ ਸਨ।

# ਬੱਸੀ ਪਠਾਣਾ ਤੇ ਨੰਦਪੁਰ ਕਲੌੜ ਦੀਆਂ ਮੰਡੀਆਂ 'ਚ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਲਈ ਨਿਯੁਕਤ ਪ੍ਰਭਾਰੀ ਸਕੱਤਰ ਸ੍ਰੀਮਤੀ ਗੀਤੂ ਅਗਰਵਾਲ, ਆਈ.ਏ.ਐੱਸ. ਵੱਲੋਂ ਅਨਾਜ ਮੰਡੀ ਬੱਸੀ ਪਠਾਣਾ ਤੇ ਨੰਦਪੁਰ ਕਲੌੜ ਦਾ ਅਚਨਚੇਤ ਦੌਰਾ ਕਰਕੇ ਝੋਨੇ ਦੀ ਖਰੀਦ, ਲਿਫਟਿੰਗ ਤੇ ਕਿਸਾਨਾਂ ਦੀ ਖਰੀਦ ਕੀਤੀ ਫ਼ਸਲ ਦੀ ਅਦਾਇਗੀ ਸਮੇਤ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸ੍ਰੀਮਤੀ ਗੀਤੂ ਅਗਰਵਾਲ ਵੱਲੋਂ ਮੰਡੀਆਂ 'ਚ ਪਹੁੰਚੇ ਝੋਨੇ ਦੀ ਨਮੀ ਦੀ ਜਾਂਚ ਕੀਤੀ ਤੇ ਖਰੀਦ ਪ੍ਰਕਿਰਿਆ ਨਾਲ ਜੁੜੇ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੰਡੀਆਂ ਵਿੱਚ ਆਉਣ ਵਾਲੇ ਝੋਨੇ ਨੂੰ ਸਮਾਂਬੱਧ ਢੰਗ ਨਾਲ ਖਰੀਦ ਕਰਨ ਦੇ ਆਦੇਸ਼ ਜਾਰੀ ਕੀਤੇ।ਉਨ੍ਹਾਂ ਸਮੂਹ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਸਮੇਂ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣੀ ਚਾਹੀਦੀ ਤੇ ਖਰੀਦੀ ਗਈ ਫ਼ਸਲ ਦੀ ਲਿਫਟਿੰਗ ਤੇ ਕਿਸਾਨਾਂ ਨੂੰ ਅਦਾਇਗੀ ਨਿਰਧਾਰਤ ਸਮੇਂ ਅੰਦਰ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫ਼ਸਲ ਪੂਰੀ ਤਰ੍ਹਾਂ ਸੁੱਕਾ ਕੇ ਅਤੇ ਨਿਰਧਾਰਤ ਨਮੀ ਦੇ ਮਾਪਦੰਡਾਂ ਅਨੁਸਾਰ ਹੀ ਮੰਡੀਆਂ ਵਿੱਚ ਲੈ ਕੇ ਆਉਣ, ਤਾਂ ਜੁ ਉਨ੍ਹਾਂ ਦੀ ਫਸਲ ਦੀ ਨਾਲੋ ਨਾਲ ਖਰੀਦ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਦੀਆਂ ਮੰਡੀਆਂ ਅੰਦਰ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਦਾ ਇੱਕ ਇੱਕ ਦਾਣਾ ਖਰੀਦ ਕਰਨ ਲਈ ਵਚਨਬੱਧ ਹੈ। ਉਨ੍ਹਾਂ ਜਿੱਥੇ ਸਮੁੱਚੇ ਖਰੀਦ ਪ੍ਰਬੰਧਾਂ ਤੇ ਤਸੱਲੀ ਪ੍ਰਗਟਾਈ ਉੱਥੇ ਹੀ ਸਬੰਧਤ ਖਰੀਦ ਏਜੰਸੀਆਂ ਤੇ ਹੋਰਨਾਂ ਸਬੰਧਤ ਅਧਿਕਾਰੀਆਂ ਨੂੰ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਵੀ ਜਾਰੀ ਕੀਤੇ।ਇਸ ਤੋਂ ਪਹਿਲਾਂ ਪ੍ਰਭਾਰੀ ਸਕੱਤਰ ਗੀਤੂ ਅਗਰਵਾਲ ਵੱਲੋਂ ਬੱਸੀ ਪਠਾਨਾਂ ਦੇ ਪਿੰਡ ਸ਼ਹੀਦਗੜ੍ਹ ਅਤੇ ਜੋਧਪੁਰ ਵਿਖੇ ਆਂਗਣਵਾੜੀ ਸੈਂਟਰ ਤੇ ਸਰਕਾਰੀ ਐਲੀਮੈਂਟਰੀ ਸਕੂਲ ਜੋਧਪੁਰ ਵਿਖੇ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਮਿਡ-ਡੇ-ਮੀਲ ਦੇ ਖਾਣੇ ਦੀ ਗੁਣਵੱਤਾ ਦੀ ਜਾਂਚ ਕੀਤੀ।

ਉਨ੍ਹਾਂ ਸਬੰਧਤ ਅਧਿਕਾਰੀਆਂ ਤੇ ਸਕੂਲ ਸਟਾਫ਼ ਨੂੰ ਹਦਾਇਤ ਕੀਤੀ ਕਿ ਬੱਚਿਆਂ ਦੀ ਸਿਹਤ ਤੇ ਪੋਸ਼ਣ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਸਾਫ਼-ਸੁਥਰਾ, ਪੌਸ਼ਟਿਕ ਤੇ ਮਿਆਰੀ ਭੋਜਨ ਮੁਹੱਈਆ ਕਰਾਇਆ ਜਾਵੇ ਤੇ ਸਰਕਾਰੀ ਅਦਾਰਿਆਂ ਵਿੱਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਗੁਣਵੱਤਾ ਨੂੰ ਬਰਕਰਾਰ ਰੱਖਿਆ ਜਾਵੇ।ਇਸ ਤੋਂ ਬਾਅਦ ਪ੍ਰਭਾਰੀ ਸਕੱਤਰ ਸ੍ਰੀਮਤੀ ਗੀਤੂ ਅਗਰਵਾਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜਾਰੀ ਅਤੇ ਪ੍ਰਗਤੀ ਦਾ ਜ਼ਾਇਜਾ ਲਿਆ।

## ਨਗਰ ਕੌਂਸਲ ਦੇ ਸਾਰੇ 15 ਵਾਰਡਾਂ 'ਚ ਭਾਜਪਾ ਉਮੀਦਵਾਰ ਉਤਾਰੇਗੀ : ਅਮਿਤ ਅਗਰਵਾਲ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਭਾਰਤੀ ਜਨਤਾ ਪਾਰਟੀ ਵੱਲੋਂ ਨਗਰ ਕੌਂਸਲ ਦੀਆਂ ਆਉਣ ਵਾਲੀਆਂ ਚੋਣਾਂ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਭਾਜਪਾ ਦੇ ਜ਼ਿਲਾ ਸਕੱਤਰ ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨਗਰ ਕੌਂਸਲ ਦੇ ਸਾਰੇ 15 ਵਾਰਡਾਂ ਵਿੱਚ ਆਪਣੇ ਉਮੀਦਵਾਰ ਖੜੇ ਕਰੇਗੀ ਅਤੇ ਚੋਣਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰੇਗੀ।ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਪਾਰਟੀ ਵੱਲੋਂ ਚੋਣਾਂ ਦੌਰਾਨ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਪ੍ਰਮੁੱਖਤਾ ਨਾਲ ਲੋਕਾਂ ਸਾਹਮਣੇ ਰੱਖਿਆ ਜਾਵੇਗਾ।ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਭਾਜਪਾ ਦੇ ਆਗੂ ਅਤੇ ਵਰਕਰ ਘਰ-ਘਰ ਜਾ ਕੇ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਅਤੇ ਉਨ੍ਹਾਂ ਤੋਂ ਮਿਲਣ ਵਾਲੇ ਲਾਭਾਂ ਬਾਰੇ ਜਾਣੂ ਕਰਾਉਣਗੇ ਅਤੇ ਇਨ੍ਹਾਂ ਦੇ ਆਧਾਰ 'ਤੇ ਲੋਕਾਂ ਤੋਂ ਸਮਰਥਨ ਮੰਗਣਗੇ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੀਆਂ ਚੋਣਾਂ ਵਿਚ ਪਾਰਟੀ ਦੀ ਜਥੇਬੰਦਕ ਤਾਕਤ ਤੇ ਵਰਕਰਾਂ ਦੀ ਮਿਹਨਤ ਅਹਿਮ ਭੂਮਿਕਾ ਨਿਭਾਏਗੀ।ਉਨ੍ਹਾਂ ਅਨੁਸਾਰ ਭਾਜਪਾ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚ ਲੋਕਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਲੋੜਾਂ ਨੂੰ ਸਮਝਣ 'ਤੇ ਵੀ ਧਿਆਨ ਦਿੱਤਾ ਜਾਵੇਗਾ।ਐਡਵੋਕੇਟ ਅਗਰਵਾਲ ਨੇ ਅੱਗੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਧਿਆਨ ਸਿਰਫ਼ ਨਗਰ ਕੌਂਸਲ ਚੋਣਾਂ ਤੱਕ ਸੀਮਿਤ ਨਹੀਂ ਹੈ, ਸਗੋਂ ਪਾਰਟੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਵੀ ਆਪਣੀ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਜੁਟੀ ਹੋਈ ਹੈ।ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਭਾਜਪਾ ਸ਼ਾਨਦਾਰ ਪ੍ਰਦਰਸ਼ਨ ਕਰੇਗੀ।

## ਐਤੀਆਣਾ ਵਾਸੀਆਂ ਦੇ ਸੰਘਰਸ਼ ਨੂੰ ਬੂਰ ਪਿਆ, ਸਕੂਲ ਨੂੰ ਮਿਲੀ ਨਵੀਂ ਅਧਿਆਪਕਾ

**ਰਾਏਕੋਟ (ਸੰਤੋਖ ਗਿੱਲ)**
ਪਿੰਡ ਐਤੀਆਣਾ ਵਾਸੀਆਂ ਵੱਲੋਂ ਪਿਛਲੇ ਇੱਕ ਮਹੀਨੇ ਤੋਂ ਕੀਤੇ ਜਾ ਰਹੇ ਸੰਘਰਸ਼ ਨੂੰ ਬੂਰ ਪੈ ਗਿਆ ਹੈ। ਇਕਲੌਤੇ ਅਧਿਆਪਕ ਸਹਾਰੇ ਚੱਲ ਰਹੇ 55 ਵਿਦਿਆਰਥੀਆਂ ਵਾਲੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਨੂੰ ਇੱਕ ਹੋਰ ਅਧਿਆਪਕਾ ਮਿਲ ਗਈ ਗਈ ਹੈ।ਆਪਣੀ ਡਿਊਟੀ ਸੰਭਾਲਣ ਪੁੱਜੀ ਅਧਿਆਪਕਾ ਮਨਜੀਤ ਕੌਰ ਦਾ ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਪਰਸਨ ਬਲਜਿੰਦਰ ਕੌਰ ਤੇ ਹੋਰ ਪਤਵੰਤੇ ਸੱਜਣਾਂ ਨੇ ਸਵਾਗਤ ਕੀਤਾ ਅਤੇ ਮੂੰਹ ਮਿੱਠਾ ਕਰਾਇਆ।ਸਾਬਕਾ ਸਰਪੰਚ ਲਖਬੀਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਰਛਵਿੰਦਰ ਸਿੰਘ ਘੋਲਾ ਵੀ ਇਸ ਮੌਕੇ ਮੌਜੂਦ ਸਨ।ਕਾਬਲੇ-ਗ਼ੌਰ ਹੈ ਕਿ ਪਿਛਲੇ ਸਮੇਂ ਤਰੱਕੀ ਹੋਣ ਬਾਅਦ ਇਕ-ਇੱਕ ਕਰ ਕੇ ਸਾਰੇ ਅਧਿਆਪਕ ਇੱਥੋਂ ਹੋਰ ਸਕੂਲਾਂ ਵਿੱਚ ਤਬਦੀਲ ਹੁੰਦੇ ਰਹੇ ਤੇ ਕੇਵਲ ਇਕ ਹੀ ਅਧਿਆਪਕ ਸਾਰੀਆਂ ਜਮਾਤਾਂ ਨੂੰ ਪੜ੍ਹਾ ਰਿਹਾ ਸੀ।

ਪਿਛਲੇ ਦਿਨੀਂ ਉਸ ਦੀ ਵੀ ਡਿਊਟੀ ਜਨਗਣਨਾ ਵਿੱਚ ਲੱਗਣ ਕਾਰਨ ਸਕੂਲ ਅਧਿਆਪਕਾਂ ਤੋਂ ਪੂਰੀ ਤਰ੍ਹਾਂ ਵਾਂਝਾ ਹੋ ਗਿਆ ਸੀ।ਉੱਧਰ ਹਵਾਈ ਅੱਡੇ ਨੂੰ ਜ਼ਮੀਨਾਂ ਦੇਣ ਵਾਲੇ ਕਿਸਾਨਾਂ ਦੀਆਂ ਮੋਟਰਾਂ ਤਬਦੀਲ ਕਰਨ ਦਾ ਕਈ ਸਾਲ ਲਟਕਦਾ ਮਾਮਲਾ ਵੀ ਹੱਲ ਹੋਣ ਦੀ ਆਸ ਬੱਝੀ ਹੈ।ਸਰਕਾਰੀ ਸਕੂਲ ਦੀ ਤੋੜੀ ਗਈ ਕੰਧ ਅਤੇ ਗੇਟ ਬਣਾਉਣ ਲਈ ਡੇਢ ਲੱਖ ਰੁਪਏ ਦੀ ਗ੍ਰਾਂਟ ਪਾਸ ਹੋਣ ਨਾਲ ਐਤੀਆਣਾ ਵਾਸੀਆਂ ਦੇ ਸੰਘਰਸ਼ ਨੂੰ ਬੂਰ ਪੈ ਗਿਆ ਹੈ।

## ਆਕਸਫੋਰਡ ਦੇ ਵਿਦਿਆਰਥੀਆਂ ਦੀ ਸਾਇੰਸ ਪ੍ਰੋਜੈਕਟ 'ਚ ਪ੍ਰਾਪਤੀ

**ਭਗਤਾ ਭਾਈ (ਰਜੀਵ ਗੋਇਲ)**
'ਦਾ ਆਕਸਫ਼ੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ ਜਿਸ ਦੇ ਵਿਦਿਆਰਥੀ ਸਿਰਫ਼ ਅਕਾਦਮਿਕ ਸਿੱਖਿਆ ਵਿੱਚ ਹੀ ਨਹੀਂ ਸਗੋਂ ਬਹੁ-ਪੱਖੀ ਬੌਧਿਕ ਕ੍ਰਿਆਵਾਂ ਵਿੱਚ ਵੀ ਮੋਹਰੀ ਹਨ। ਇਸ ਸੰਸਥਾ ਦੇ ਵਿਦਿਆਰਥੀ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਜਿੱਥੇ ਆਪਣੀ ਕਲਾ ਨੂੰ ਨਿਖਾਰਦੇ ਹਨ, ਉੱਥੇ ਹੀ ਉਹ ਆਪਣੇ ਸਕੂਲ ਦਾ ਨਾਮ ਵੀ ਰੌਸ਼ਨ ਕਰਦੇ ਹਨ। ਬੀਤੇ ਦਿਨੀਂ 'ਦ ਇੰਸਟੀਟਿਊਟ ਆਫ਼ ਇੰਜੀਨੀਅਰਿੰਗ' ਬਠਿੰਡਾ ਵਿਖੇ 21ਵੀਂ ਸਲਾਨਾ ਜਨਰਲ ਮੀਟਿੰਗ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋ. ਜਗਪਾਲ ਸਿੰਘ ਉਭਈ (ਚੇਅਰਮੈਨ ਲ਼ੋਕਲ ਸੈਂਟਰ ਬਠਿੰਡਾ), ਡਾ. ਜਗਤਾਰ ਸਿੰਘ ਸਿਵੀਆ(ਚੇਅਰਮੈਨ ਇਲੈਕਟ੍ਰੋਨਿਕ ਐਂਡ ਟੈਲੀਕਿਊਮਨੀਕੇਸ਼ਨਜ, ਡਿਵੀਜ਼ਨ ਬੋਰਡ ਅਤੇ ਡਾ. ਅਮਨਦੀਪ ਕੌਰ ਸਰਾਓ(ਸੈਕਟਰੀ ਬਠਿੰਡਾ ਲੋਕਲ ਸੈਂਟਰ, ਦੀ ਰਹਿਨੁਮਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਸ੍ਰੀ ਪਵਨ ਕੁਮਾਰ ਗਰਗ, (ਫਾਰਮਰ ਵਾਇਰਲੈੱਸ ਐਡਵਾਈਜ਼ਰ, ਗੌਰਮਿੰਟ ਆਫ਼ ਇੰਡੀਆ, ਫਾਰਮਰ ਚੇਅਰਮੈਨ ਆਰ.ਆਰ. ਬੀ, ਆਈ.ਟੀ. ਯੂ, ਜਨੇਵਾ, ਅਤੇ ਡਾਕਟਰ ਲਾਭ ਸਿੰਘ, ਫਾਰਮਰ ਐਡਵਾਈਜ਼ਰ ਡੀ.ਓ.ਟੀ. ਗੌਰਮਿੰਟ ਆਫ਼ ਇੰਡੀਆ, ਸਬ-ਚੇਅਰਮੈਨ, ਪੰਜਾਬ ਅਤੇ ਚੰਡੀਗੜ੍ਹ ਸਟੇਟ ਸੈਂਟਰ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿੱਚ ਆਕਸਫ਼ੋਰਡ ਦੇ 30 ਵਿਦਿਆਰਥੀ ਆਪਣੇ ਪ੍ਰੋਜੈਕਟਾਂ ਨਾਲ ਸ਼ਾਮਲ ਹੋਏ। ਇਹ ਆਕਸਫ਼ੋਰਡ ਸੰਸਥਾ ਲਈ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਸਕੂਲ ਦੇ ਅਟਲ ਲੈਬ ਦੇ ਇੰਚਾਰਜ ਸ੍ਰੀ ਹਰੀਸ਼ਰਨ ਅਗਰਵਾਲ ਦੀ ਅਗਵਾਈ ਹੇਠ ਸਿਮਰਨਜੀਤ ਕੌਰ ਜਮਾਤ ਨੌਵੀਂ ਰੋਜ਼ਸ , ਖੁਸ਼ਪਿੰਦਰ ਕੌਰ ਜਮਾਤ ਨੌਵੀਂ ਲੌਟਸ, ਦਿਲਰਾਜ ਸਿੰਘ ਜਮਾਤ ਨੌਵੀਂ ਰੌਜ਼ਸ, ਨਵਤਾਜਵੀਰ ਕੌਰ ਜਮਾਤ ਅੱਠਵੀਂ ਲੌਟਸ, ਮਹਿਕ ਗਰਗ ਜਮਾਤ ਅੱਠਵੀਂ ਰੌਜ਼ਸ, ਹਰਸਿਮਰਨਦੀਪ ਕੌਰ ਜਮਾਤ ਅੱਠਵੀਂ ਰੌਜ਼ਸ, ਇਵੰਨਿਯਾ ਜਮਾਤ ਅੱਠਵੀਂ ਸੱਤਵੀਂ ਰੋਜ਼ਸ, ਪਰੀਸ਼ਾ ਗੁਪਤਾ ਜਮਾਤ ਸੱਤਵੀਂ ਰੌਜ਼ਸ, ਕੋਮਲਪ੍ਰੀਤ ਕੌਰ ਜਮਾਤ ਸੱਤਵੀਂ ਰੌਜ਼ਸ, ਮੰਨਤ ਜਮਾਤ ਸੱਤਵੀਂ ਰੌਜ਼ਸ, ਜੈਸੀਕਾ ਜਮਾਤ ਸੱਤਵੀਂ ਰੌਜ਼ਸ, ਭੂਮੀਕਾ ਰਾਣੀ ਜਮਾਤ ਸੱਤਵੀਂ ਸਨਫਲਾਵਰ, ਸਹਿਜਪ੍ਰੀਤ ਕੌਰ ਜਮਾਤ ਸੱਤਵੀਂ ਸਨਫਲਾਵਰ, ਪਰੀਸ਼ਾ ਗਰਗ ਜਮਾਤ ਸੱਤਵੀਂ ਸਨਫਲਾਵਰ, ਗੁਰਲੀਨ ਕੌਰ ਜਮਾਤ ਸੱਤਵੀਂ ਸਨਫਲਾਵਰ, ਹਰਕੀਰਤ ਕੌਰ ਜਮਾਤ ਦੱਸਵੀਂ ਰੌਜ਼ਸ, ਪਰਨੀਤ ਕੌਰ ਜਮਾਤ ਨੌਵੀਂ ਡੈਫੋਡਿਲ, ਪਰਾਂਜਲ ਸੁਖੀਜਾ ਜਮਾਤ ਨੌਵੀਂ ਡੈਫੋਡਿਲ, ਗੁਰਪ੍ਰੀਤ ਸਿੰਘ ਜਮਾਤ ਨੌਵੀਂ ਡੈਫੋਡਿਲ, ਤਾਨਿਆ ਸ਼ਰਮਾ ਜਮਾਤ ਅੱਠਵੀਂ ਰੌਜ਼, ਹਿਮਾਂਸ਼ੀ ਜਮਾਤ ਅੱਠਵੀਂ ਰੌਜ਼ ਇਨ੍ਹਾਂ ਪੰਦਰਾਂ ਵਿਦਿਆਰਥੀ ਵੱਲੋਂ ਤਿਆਰ ਕੀਤਾ ਗਿਆ ਇੰਟਰੀਪ੍ਰੀਨਿਊਰਸ਼ਿਪ ਸਕਿੱਲ ਐਲ.ਈ.ਡੀ ਪ੍ਰੋਜੈਕਟ ਅਤੇ ਸਮਾਰਟ ਆਈ.ਓ.ਟੀ. ਗੈਸ ਲੀਕੇਜ ਡਾਇਟੈਕਟਰ ਪ੍ਰੋਜੈਕਟ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਸਮਾਰਟ ਸਰਵਿਸ ਲੈੱਸ ਏਅਰ ਕੰਡੀਸ਼ਨਰ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਲਈ ਤਿੰਨ ਹਜ਼ਾਰ ਰੁਪਏ ਦਾ ਨਗਦ ਇਨਾਮ ਹਾਸਲ ਕੀਤਾ।

## ਹਿੰਦੀ ਵਿਭਾਗ ਵਿੱਚ 'ਗਾਲੀ ਮੁਕਤ ਭਾਸ਼ਾ' 'ਤੇ ਸੈਮੀਨਾਰ ਆਯੋਜਿਤ

**ਸਮਰਾਲਾ (ਸੁਰਜੀਤ ਸਿੰਘ)**
ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਿੰਦੀ ਵਿਭਾਗ ਅਤੇ ਸੁਸੰਸਕ੍ਰਿਤ ਨਾਗਰਿਕ ਵਿਕਸਿਤ ਸਮਾਜ ਟਰੱਸਟ (ਮੁੰਬਈ) ਦੇ ਸਹਿਯੋਗ ਨਾਲ 'ਗਾਲੀ ਮੁਕਤ ਭਾਸ਼ਾ' ਦੇ ਸਬੰਧ ਵਿੱਚ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੁਲਾਰੇ ਵਜੋਂ ਡਾ. ਮਨਪ੍ਰੀਤ ਕੌਰ, ਡਾਇਰੈਕਟਰ ਹਿੰਦੁਸਤਾਨੀ ਪ੍ਰਚਾਰ ਸਭਾ ਮੁੰਬਈ, ਵਿਚਾਰ ਚਰਚਾ ਲਈ ਹਾਜ਼ਰ ਹੋਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਵਿਭਾਗ ਮੁਖੀ ਡਾ. ਰਜਨੀ ਪ੍ਰਤਾਪ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਸ਼ਾ ਸ਼ਖਸੀਅਤ ਦਾ ਨਿਰਮਾਣ ਤਾਂ ਕਰਦੀ ਹੀ ਹੈ, ਇਸ ਦੇ ਨਾਲ ਹੀ ਭਾਸ਼ਾ ਤੋਂ ਹੀ ਸ਼ਖਸੀਅਤ ਦੀ ਪਛਾਣ ਵੀ ਹੁੰਦੀ ਹੈ। ਭਾਸ਼ਾ ਸਾਡੀ ਸੱਭਿਆਚਾਰਕ ਵਿਰਾਸਤ ਦੀ ਪ੍ਰਤੀਕ ਵੀ ਹੁੰਦੀ ਹੈ। ਇਸ ਲਈ ਭਾਸ਼ਾ ਦੀ ਗਰਿਮਾ ਨੂੰ ਬਣਾਈ ਰੱਖਣਾ ਸਾਡਾ ਫਰਜ਼ ਹੈ। ਸਾਨੂੰ ਗਾਲੀ ਮੁਕਤ ਸੱਭਿਅਕ ਭਾਸ਼ਾ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਵਿਭਾਗ ਦੀ ਸਾਬਕਾ ਵਿਦਿਆਰਥਣ ਅਤੇ ਹਿੰਦੁਸਤਾਨੀ ਪ੍ਰਚਾਰ ਸਭਾ ਦੀ ਨਿਰਦੇਸ਼ਕ ਡਾ. ਮਨਪ੍ਰੀਤ ਕੌਰ ਨੇ ਵਿਦਿਆਰਥੀਆਂ ਨਾਲ ਸੰਵਾਦ ਕਰਦਿਆਂ ਕਿਹਾ ਕਿ ਭਾਸ਼ਾ ਸਾਡੇ ਸੱਭਿਆਚਾਰ ਦੀ ਵਾਹਕ ਹੈ, ਸਾਡੀ ਪਰੰਪਰਾ ਹੈ। ਭਾਸ਼ਾ ਹਮੇਸ਼ਾ ਜੋੜਨ ਦਾ ਕੰਮ ਕਰਦੀ ਹੈ, ਇਸ ਲਈ ਸਾਨੂੰ ਭਾਸ਼ਾ ਦੀ ਤਾਕਤ ਨੂੰ ਪਛਾਣਨ ਦੀ ਲੋੜ ਹੈ। ਉਨ੍ਹਾਂ ਨੇ ਵਰਤਮਾਨ ਸਮੇਂ ਵਿੱਚ ਭਾਸ਼ਾ ਦੇ ਪਤਨ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਸਥਿਤੀ ਆਪਣੀਆਂ ਜੜ੍ਹਾਂ ਤੋਂ ਕੱਟੇ ਜਾਣ ਕਾਰਨ ਪੈਦਾ ਹੋਈ ਹੈ। ਅੱਜ ਲੋਕ ਪੱਛਮੀ ਸੱਭਿਆਚਾਰ ਦੀ ਅੰਨ੍ਹੀ ਨਕਲ ਕਰ ਰਹੇ ਹਨ, ਇਸ ਲਈ ਸਥਿਤੀ ਤੋਂ ਉੱਭਰਨ ਲਈ ਸਾਨੂੰ ਆਪਣੀ ਸੱਭਿਆਚਾਰਕ ਪਰੰਪਰਾ ਤੋਂ ਹੀ ਸਹੀ ਰਸਤਾ ਚੁਣਨਾ ਹੋਵੇਗਾ।ਇਸ ਮੌਕੇ ਵਿਭਾਗ ਦੀ ਪ੍ਰੋਫੈਸਰ ਡਾ. ਨੀਤੂ ਕੌਸ਼ਲ, ਡਾ. ਰਿਤੂ, ਡਾ. ਪਰਵਿੰਦਰ ਕੌਰ, ਡਾ. ਵਰਿੰਦਰਜੀਤ ਕੌਰ, ਡਾ. ਸੋਨੀਆ ਅਤੇ ਵਿਭਾਗ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਯੂਨੀਵਰਸਿਟੀ ਨੂੰ ਗਾਲੀ ਮੁਕਤ ਕੈਂਪਸ ਬਣਾਉਣ ਦਾ ਦ੍ਰਿੜ੍ਹ ਸੰਕਲਪ ਲਿਆ।

## 'ਆਪ' ਸਰਕਾਰ ਨੇ ਲੋਕਾਂ ਨਾਲ ਵਾਅਦੇ ਕੀਤੇ ਪੂਰੇ : ਦਲਬੀਰ ਯੂ.ਕੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-'ਆਪ' ਆਗੂ ਦਲਬੀਰ ਸਿੰਘ ਗਿੱਲ ਯੂਕੇ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਸਮੇਂ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕਰ ਦਿੱਤਾ ਹੈ। ਪਿੰਡ ਹਰੀਮਾਜਰਾ ਵਿਖੇ ਮਾਨ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲੋਕ ਮਿਲਣੀ ਕੀਤੀ ਗਈ, ਜਿਸ ਵਿੱਚ ਲੋਕਾਂ ਵੱਲੋਂ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਗਈ। ਯੂਕੇ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਜਿਵੇਂ 600 ਯੂਨਿਟ ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ, ਸਰਕਾਰੀ ਸਕੂਲਾਂ ਦੀ ਕਾਇਆ-ਕਲਪ ਤੇ ਰੰਗਲਾ ਪੰਜਾਬ ਮਿਸ਼ਨ ਤਹਿਤ ਹੋ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਯੂਕੇ ਨੇ ਕਿਹਾ ਕਿ ਘਨੌਰ ਹਲਕੇ ਦੀ ਜੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਲੋਕਾਂ ਦੇ ਦੁੱਖ ਦਰਦਾਂ ਦਾ ਹੱਲ ਕਰਾਂਗਾ।

## ਪਰਾਲੀ ਨੂੰ ਅੱਗ ਲਾਉਣ 'ਤੇ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਿਸ ਵੱਲੋਂ ਪਿੰਡ ਬਾਮੇਵਾਲਾ ਵਿਖੇ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ 'ਚ 4 ਲੋਕਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਭਾਗ ਸਿੰਘ ਏਏਈ ਪੀ.ਐਸ.ਪੀ.ਐਸ.ਸੀ.ਐਸ ਵੱਲੋਂ ਇੱਕ ਪੱਤਰ ਨੰਬਰ ਪੀ-2026/02/ਜੀਐਚਐਸ ਮਿਤੀ 21-10-2026 ਨੂੰ ਥਾਣਾ ਅਮੀਰ ਖਾਸ ਵਿਖੇ ਦਿੱਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਰਮੇਸ਼ ਚੰਦਰ ਨੇ ਦੱਸਿਆ ਕਿ ਉਪਰੋਕਤ ਪੱਤਰ ਦੇ ਮੁਤਾਬਿਕ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਨੰਬਰ 118 ਮਿਤੀ 28-10-2026 ਨੂੰ ਕੁਲਵਿੰਦਰ ਸਿੰਘ, ਗੁਰਜੰਟ ਸਿੰਘ, ਬਲਵੰਤ ਸਿੰਘ ਤੇ ਹਰਜਿੰਦਰ ਸਿੰਘ ਵਾਸੀਆਨ ਬਾਮੇਵਾਲਾ ਦੇ ਵਿਰੁੱਧ ਦਰਜ ਕੀਤਾ ਗਿਆ ਹੈ।

## ਅਮਰੀਕ ਸਿੰਘ ਘੱਗਾ ਨੂੰ ਬੀ ਕੇ ਯੂ ਏਕਤਾ (ਉਗਰਾਹਾਂ) ਨੇ ਕੱਢਿਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਪਟਿਆਲਾ ਦੀ ਇਕੱਤਰਤਾ ਗਾਜੇਵਾਸ ਵਿਖੇ ਜਗਦੀਪ ਸਿੰਘ ਛੰਨਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ ਵਿੱਚ ਹੋਈ।

ਜਿਸ ਵਿੱਚ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਕ ਸਿੰਘ ਭੁਟਾਨ, ਜਗਤਾਰ ਕਾਲਾਝਾੜ ਤੇ ਅਮਰੀਕ ਸਿੰਘ ਗੰਢੂਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਜ਼ਿਲ੍ਹਾ ਜਨਰਲ ਸਕੱਤਰ ਸੁਖਮਿੰਦਰ ਸਿੰਘ ਬਾਰਨ ਨੇ ਦੱਸਿਆ ਕਿ ਪਾਤੜਾਂ ਬਲਾਕ ਦੇ ਪ੍ਰਧਾਨ ਅਮਰੀਕ ਸਿੰਘ ਘੱਗਾ ਜੋ ਕਾਫੀ ਸਮੇਂ ਤੋਂ ਜਥੇਬੰਦੀ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇ ਰਹੇ ਸਨ, ਜਥੇਬੰਦਕ ਅਦਾਰਿਆਂ ਖਿਲਾਫ ਪ੍ਰਚਾਰ ਕਰਕੇ ਜਥੇਬੰਦੀ ਦੇ ਅਕਸ ਨੂੰ ਢਾਹ ਲਾ ਰਹੇ ਸਨ ਤੇ ਕਾਰਵਾਈ ਕਰਦੇ ਹੋਏ ਸਰਬ ਸੰਮਤੀ ਨਾਲ ਉਨ੍ਹਾਂ ਨੂੰ ਬਲਾਕ ਪ੍ਰਧਾਨ ਦੇ ਅਹੁਦੇ ਤੇ ਜਥੇਬੰਦੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ।

ਉਹਨਾਂ ਕਿਹਾ ਕਿ ਉਗਰਾਹਾਂ ਜਥੇਬੰਦੀ ਦਾ ਉਸ ਨਾਲ ਜਥੇਬੰਦਕ ਸਬੰਧ ਨਹੀਂ ਹੋਵੇਗਾ।ਇੱਕ ਹੋਰ ਮਤੇ ਰਾਹੀਂ ਜਸਵਿੰਦਰ ਸਿੰਘ ਜ਼ਿਲਾ ਪ੍ਰਧਾਨ ਦਾ ਅਸਤੀਫਾ ਪ੍ਰਵਾਨ ਕੀਤਾ ਗਿਆ।ਆਗੂਆਂ ਨੇ ਸਪਸ਼ਟ ਕੀਤਾ ਕਿ ਕੋਈ ਵੀ ਆਗੂ ਜੋ ਵਿਧਾਨ ਤੇ ਜਥੇਬੰਦਕ ਲੀਹ ਦੇ ਉਲਟ ਕਾਰਵਾਈ ਕਰੇਗਾ ਉਸ ਦੀ ਜਥੇਬੰਦੀ ਵਿੱਚ ਕੋਈ ਥਾਂ ਨਹੀਂ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਗਮੇਲ ਸਿੰਘ ਗਾਜੇਵਾਸ, ਬਲਰਾਜ ਜੋਸ਼ੀ, ਭਰਪੂਰ ਸਿੰਘ ਗਾਜੇਵਾਸ, ਜਸਵਿੰਦਰ ਸਿੰਘ ਬਿਸ਼ਨਪੁਰਾ, ਬਲਜੀਤ ਸਿੰਘ, ਜਸਵਿੰਦਰ ਸਿੰਘ ਸਾਲੂਵਾਲ, ਦਵਿੰਦਰ ਸਿੰਘ ਸੀਲ, ਗੁਰਮੁੱਖ ਸਿੰਘ ਹਰਪਾਲਾ, ਵਰਿੰਦਰ ਸਿੰਘ ਕਕਰਾਲਾ, ਅਵਤਾਰ ਸਿੰਘ ਬੁਰੜ, ਗੁਰਮੁੱਖ ਸਿੰਘ ਕਲਵਾਣੂ, ਅਜੈਬ ਸਿੰਘ ਦਫਤਰੀਵਾਲਾ, ਬਲਮ ਸਿੰਘ ਨਿਆਲ, ਲਾਭ ਸਿੰਘ ਬਰਾਸ, ਅਮਰੀਕ ਸਿੰਘ ਘੱਗਾ, ਪ੍ਰੇਮ ਲਲੌਛੀ, ਸੁਖਵਿੰਦਰ ਸੁੱਖਾ ਸਵਾਜਪੁਰ, ਹਰਪ੍ਰੀਤ ਸਿੰਘ ਕਾਲਾ ਗਾਜੇਵਾਸ, ਜਸਵਿੰਦਰ ਸਿੰਘ ਬਰਾਸ, ਹਰਦੇਵ ਸਿੰਘ ਘੱਗਾ ਤੋਂ ਇਲਾਵਾ ਹੋਰ ਪਿੰਡ ਪੱਧਰ ਦੇ ਆਗੂ ਸ਼ਾਮਲ ਸਨ।

## ਦੋ ਨਵੀਂਆਂ ਰੇਲ ਗੱਡੀਆਂ ਦੀ ਮਨਜ਼ੂਰੀ ਨਾਲ ਮੁਸਾਫ਼ਰਾਂ ਨੂੰ ਮਿਲੇਗੀ ਵੱਡੀ ਸੌਗਾਤ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**- ਫ਼ਾਜ਼ਿਲਕਾ ਤੋਂ ਸ੍ਰੀ ਮੁਕਤਸਰ ਸਾਹਿਬ ਰਾਹੀਂ ਹਰਿਦੁਆਰ ਅਤੇ ਦਿੱਲੀ ਵੱਲ ਜਾਣ ਵਾਲੀਆਂ ਦੋ ਨਵੀਆਂ ਰੇਲ ਗੱਡੀਆਂ ਦੀ ਮਨਜ਼ੂਰੀ ਦੀ ਖ਼ਬਰ ਨਾਲ ਇਲਾਕੇ ਦੇ ਰੇਲ ਮੁਸਾਫ਼ਰਾਂ ਵਿਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਰੇਲ ਸਹੂਲਤ ਨੂੰ ਲੈ ਕੇ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਰਾਜੇਸ਼ ਗੋਰਾ ਪਠੇਲਾ ਵੱਲੋਂ ਕੀਤੀ ਗਈ ਪਹਿਲਕਦਮੀ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਇਸ ਮਾਮਲੇ ਵਿਚ ਹਾਂ-ਪੱਖੀ ਫ਼ੈਸਲਾ ਲੈਣ ਲਈ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜਾ ਰਿਹਾ ਹੈ। ਦੋਵਾਂ ਆਗੂਆਂ ਵੱਲੋਂ ਇਲਾਕੇ ਦੇ ਲੋਕਾਂ ਦੀ ਰੇਲ ਸਹੂਲਤ ਨਾਲ ਜੁੜੀ ਮੰਗ ਨੂੰ ਅੱਗੇ ਪੁਚਾਉਣ ਤੇ ਇਸ ਸਬੰਧੀ ਯਤਨ ਕਰਨ ਨੂੰ ਇਸ ਪਹਿਲਕਦਮੀ ਦਾ ਅਹਿਮ ਹਿੱਸਾ ਮੰਨਿਆ ਜਾ ਰਿਹਾ ਹੈ, ਉੱਥੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਵੱਲੋਂ ਇਸ ਮੰਗ ਨੂੰ ਪ੍ਰਵਾਨਗੀ ਦੇਣ ਦੀ ਦਿਸ਼ਾ ਵਿਚ ਦਿਖਾਈ ਗਈ ਸਹਿਮਤੀ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਜਾ ਰਿਹਾ ਹੈ। ਇਸ ਫ਼ੈਸਲੇ ਨਾਲ ਸ੍ਰੀ ਮੁਕਤਸਰ ਸਾਹਿਬ ਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਰੇਲਵੇ ਸਫ਼ਰ ਦੇ ਹੋਰ ਬਿਹਤਰ ਵਿਕਲਪ ਮਿਲਣ ਦੀ ਉਮੀਦ ਹੈ। ਸ੍ਰੀ ਮੁਕਤਸਰ ਸਾਹਿਬ ਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਲਈ ਹਰਿਦੁਆਰ ਅਤੇ ਦਿੱਲੀ ਵੱਲ ਸਿੱਧਾ ਰੇਲ ਸੰਪਰਕ ਬੇਹੱਦ ਅਹਿਮੀਅਤ ਰੱਖਦਾ ਹੈ। ਧਾਰਮਿਕ ਯਾਤਰਾ, ਕਾਰੋਬਾਰ, ਨੌਕਰੀਆਂ ਤੇ ਹੋਰ ਜ਼ਰੂਰੀ ਕੰਮਾਂ ਲਈ ਇਨ੍ਹਾਂ ਸ਼ਹਿਰਾਂ ਵੱਲ ਜਾਣ ਵਾਲੇ ਯਾਤਰੀਆਂ ਨੂੰ ਨਵੀਆਂ ਰੇਲ ਗੱਡੀਆਂ ਦੇ ਚਾਲੂ ਹੋਣ ਨਾਲ ਵੱਡੀ ਸਹੂਲਤ ਮਿਲਣ ਦੀ ਆਸ ਹੈ। ਇਸ ਨਾਲ ਯਾਤਰੀਆਂ ਦਾ ਸਮਾਂ ਬਚਣ ਦੇ ਨਾਲ-ਨਾਲ ਬੱਸਾਂ ਅਤੇ ਹੋਰ ਸਾਧਨਾਂ ਉੱਪਰ ਨਿਰਭਰਤਾ ਵੀ ਘੱਟ ਸਕਦੀ ਹੈ।

**MIDLAND MICROFIN LIMITED**
Midland microfin beyond microfinance
Registered Office:- The AXIS, Plot No.1, R.B. Badri Dass Colony, G.T Road, Jalandhar PB 144001 (INDIA)
(CIN: U65921PB1988PLC008430) Tel : +91-181-5076000, Fax No : +91- 181-2236070 Website : www.midlandmicrofin.com

30 ਸਤੰਬਰ 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁ. ਮਿਲੀਅਨ 'ਚ ਜਦ ਤੱਕ ਹੋਰ ਤਰ੍ਹਾਂ ਨਾ ਐਲਾਨੇ ਜਾਣ)

| ਲੜੀ ਨੰ. | ਵੇਰਵੇ | ਤਿਮਾਹੀ ਖਤਮ 30-09-2026 (ਅਣ-ਪੜਤਾਲੇ) | ਤਿਮਾਹੀ ਖਤਮ 30-06-2026 (ਅਣ-ਪੜਤਾਲੇ) | ਤਿਮਾਹੀ ਖਤਮ 30-09-2025 (ਅਣ-ਪੜਤਾਲੇ) | ਅੱਧਾ ਸਾਲ ਖਤਮ 30-09-2026 (ਅਣ-ਪੜਤਾਲੇ) | ਅੱਧਾ ਸਾਲ ਖਤਮ 30-09-2025 (ਅਣ-ਪੜਤਾਲੇ) | ਸਾਲ ਖਤਮ 31-03-2026 (ਪੜਤਾਲੇ) |
|---|---|---|---|---|---|---|---|
| 1 | ਕਾਰੋਬਾਰਾਂ ਤੋਂ ਕੁੱਲ ਆਮਦਨ | 1,802.38 | 1,865.57 | 1,640.38 | 3,667.95 | 3,104.92 | 6,369.57 |
| 2 | ਸਮੇਂ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ/ ਜਾਂ ਅਸਧਾਰਨ ਆਈਟਮਾਂ) | 179.24 | 131.50 | 63.26 | 310.74 | 110.05 | 417.81 |
| 3 | ਸਮੇਂ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/(ਹਾਨੀ)/(ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਤੋਂ ਮਗਰੋਂ) | 179.24 | 131.50 | 63.26 | 310.74 | 110.05 | 417.81 |
| 4 | ਸਮੇਂ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ/ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਤੋਂ ਮਗਰੋਂ) | 138.61 | 102.24 | 51.41 | 240.85 | 90.75 | 347.64 |
| 5 | ਸਮੇਂ ਲਈ ਕੁੱਲ ਵਿਆਪਕ ਆਮਦਨ (ਸਮੇਂ ਲਈ ਸ਼ਾਮਲ ਲਾਭ/(ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) | 121.13 | 100.31 | 5.38 | 221.44 | 62.76 | 401.83 |
| 6 | ਪੇਡਅਪ ਇਕੁਇਟੀ ਸ਼ੇਅਰ ਕੈਪੀਟਲ | 523.87 | 523.87 | 523.73 | 523.87 | 523.73 | 523.73 |
| 7 | ਯੰਤਰ ਪੂਰੀ ਤਰ੍ਹਾਂ ਇਕੁਇਟੀ ਸੂਰਤ 'ਚ | 472.18 | 472.18 | 465.86 | 472.18 | 465.86 | 472.12 |
| 8 | ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) | 2,559.42 | 2,438.08 | 2,078.36 | 2,559.42 | 2,078.36 | 2,338.54 |
| 9 | ਸਕਿਊਰਿਟੀਜ਼ ਪ੍ਰੀਮੀਅਮ ਅਕਾਊਂਟ | 3,494.56 | 3,494.56 | 3,398.67 | 3,494.56 | 3,398.67 | 3,492.58 |
| 10 | ਕੁੱਲ ਮੁੱਲ | 7,050.03 | 6,928.69 | 6,466.62 | 7,050.03 | 6,466.62 | 6,826.97 |
| 11 | ਪੇਡਅਪ ਡੈਬਟ ਕੈਪੀਟਲ/ਆਊਟਸਟੈਂਡਿੰਗ ਡੈਬਟ | 28,317.40 | 29,179.61 | 22,948.48 | 28,317.40 | 22,948.48 | 27,394.35 |
| 12 | ਆਊਟਸਟੈਂਡਿੰਗ ਰੀਡੀਮੇਬਲ ਪ੍ਰੈਫਰੈਂਸ ਸ਼ੇਅਰਜ਼ | 282.39 | 275.04 | 254.32 | 282.39 | 254.32 | 267.95 |
| 13 | ਡੈਬਟ ਇਕੁਇਟੀ/ਰੇਸ਼ੋ (ਸਮੇਂ ਦੇ ਅੰਦਰ) | 3.94 | 4.14 | 3.55 | 3.94 | 3.55 | 4.01 |
| 14 | ਪ੍ਰਤੀ ਸ਼ੇਅਰ ਕਮਾਈ (ਹਰੇਕ 10 ਰੁਪਏ ਦੀ) (ਚਾਲੂ ਅਤੇ ਬੰਦ ਕਾਰੋਬਾਰਾਂ ਵਾਸਤੇ) | | | | | | |
| | 1. ਬੇਸਿਕ (ਰੁਪਏ) | 2.65 | 1.95 | 0.98 | 4.60 | 1.73 | 6.64 |
| | 2. ਡਿਲਿਊਟਿਡ (ਰੁਪਏ) | 2.28 | 1.68 | 0.86 | 3.96 | 1.52 | 5.79 |
| 15 | ਕੈਪੀਟਲ ਰੀਡੰਪਸ਼ਨ ਰਿਜ਼ਰਵ | 106.20 | 106.20 | 106.20 | 106.20 | 106.20 | 106.20 |
| 16 | ਡਿਬੈਂਚਰ ਰੀਡੰਪਸ਼ਨ ਰਿਜ਼ਰਵ | 36.63 | 36.63 | 36.63 | 36.63 | 36.63 | 36.63 |
| 17 | ਡੈਬਿਟ ਸਰਵਿਸ ਕਵਰੇਜ ਰੇਸ਼ੋ | | | | | | |
| 18 | ਇੰਟਰੈਸਟ ਸਰਵਿਸ ਕਵਰੇਜ ਰੇਸ਼ੋ | | | | | | |

**ਟਿੱਪਣੀਆਂ**
1. ਉਪਰੋਕਤ ਨਤੀਜੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 52 ਦੀਆਂ ਰਿਕੁਆਇਰਮੈਂਟਸ ਦੇ ਅਨੁਸਾਰ ਬੋਰਡ ਦੇ ਡਾਇਰੈਕਟਰਾਂ ਦੀਆਂ ਕ੍ਰਮਵਾਰ 29 ਅਕਤੂਬਰ 2026 ਨੂੰ ਹੋਈਆਂ ਮੀਟਿੰਗਾਂ 'ਚ ਮਨਜ਼ੂਰ ਕੀਤੇ ਗਏ ਅਤੇ ਆਡਿਟ ਕਮੇਟੀ ਵੱਲੋਂ ਨਜ਼ਰਸ਼ਾਨੀ ਕੀਤੇ ਜਾ ਚੁੱਕੇ ਹਨ। 30 ਸਤੰਬਰ 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਦੇ ਉਪਰੋਕਤ ਨਤੀਜੇ ਕੰਪਨੀ ਦੇ ਸੰਵਿਧਾਨਕ ਆਡੀਟਰਾਂ ਵੱਲੋਂ ਨਜ਼ਰਸ਼ਾਨੀ ਕੀਤੇ ਜਾ ਚੁੱਕੇ ਹਨ।
2. ਉਪਰੋਕਤ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 52 ਤਹਿਤ ਸਟਾਕ ਐਕਸਚੇਂਜ ਕੋਲ ਦਾਖਲ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ। ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮਟ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) ਅਤੇ ਕੰਪਨੀ ਦੀ ਵੈੱਬਸਾਈਟ (www.midlandmicrofin.com) 'ਤੇ ਉਪਲੱਬਧ ਹੈ।
3. ਉਪਰੋਕਤ ਵਿੱਤੀ ਨਤੀਜੇ ਕਾਰਪੋਰੇਟ ਮਾਮਲੇ ਮੰਤਰਾਲਾ ਵੱਲੋਂ ਨੋਟੀਫਾਈਡ ਇੰਡੀਅਨ ਅਕਾਊਂਟਿੰਗ ਸਟੈਂਡਰਡਜ਼ (ਇੰਡ-ਏ ਐੱਸ) ਦੇ ਅਨੁਸਾਰ ਤਿਆਰ ਕੀਤੇ ਗਏ ਹਨ।

ਵਾਸਤੇ ਮਿਡਲੈਂਡ ਮਾਈਕ੍ਰੋਫਿਨ ਲਿਮਟਿਡ
ਸਥਾਨ : ਜਲੰਧਰ ਸਹੀ/-
ਮਿਤੀ : 29 ਅਕਤੂਬਰ 2026 ਅਮਰਦੀਪ ਸਿੰਘ ਸਮਰਾ, ਮੈਨੇਜਿੰਗ ਡਾਇਰੈਕਟਰ



## ਤਿਉਹਾਰ ਵਿਸ਼ੇਸ਼ ਰੇਲਗੱਡੀਆਂ - 2026

ਦੀਪਾਵਲੀ ਅਤੇ ਛਠ ਪੂਜਾ ਤਿਓਹਾਰਾਂ ਦੇ ਦੌਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਉੱਤਰ ਰੇਲਵੇ ਦੁਵਾਰਾ ਹੋਰ ਖੇਤਰੀਯ ਰੇਲਾਂ ਦੇ ਸਹਿਯੋਗ ਤੋਂ ਹੇਠਾ ਲਿਖੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈ ਜਾਵੇਗੀ, ਜਿਸਦਾ ਵੇਰਵਾ ਹੇਠਾ ਅਨੁਸਾਰ ਹੈ :-

### ਉੱਤਰ ਰੇਲਵੇ ਨੇਟਵਰਕ ਤੋਂ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਰੇਲ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਆਵਿਰਤੀ | ਚਲਨ ਦੇ ਦਿਨ | ਚਲਨ ਦੀ ਮਿਤੀ |
|---|---|---|---|---|---|---|---|
| 02563 | ਬਰੋਨੀ ਜੰ: | 07:40 | ਨਵੀਂ ਦਿੱਲੀ | 05:10 | ਹਰਰੋਜ਼ | ਐਤ, ਸੋਮ, ਮੰਗਲ, ਬੁੱਧ | 30.11.2026 ਤਕ |
| 02564 | ਨਵੀਂ ਦਿੱਲੀ | 17:55 | ਬਰੋਨੀ ਜੰ: | 15:10 | | ਵੀਰ, ਸ਼ੁੱਕਰ, ਸ਼ਨੀ | 01.12.2026 ਤਕ |
| 02569 | ਦਰਭੰਗਾ ਜੰ: | 06:30 | ਨਵੀਂ ਦਿੱਲੀ | 04:00 | ਹਰਰੋਜ਼ | ਐਤ, ਸੋਮ, ਮੰਗਲ, ਬੁੱਧ | 30.11.2026 ਤਕ |
| 02570 | ਨਵੀਂ ਦਿੱਲੀ | 12:15 | ਦਰਭੰਗਾ ਜੰ: | 10:00 | | ਵੀਰ, ਸ਼ੁੱਕਰ, ਸ਼ਨੀ | 01.12.2026 ਤਕ |
| 05579 | ਪੂਰਣਿਯਾ ਕੋਰਟ | 16:30 | ਆਨੰਦ ਵਿਹਾਰ ਟਰਮੀਨਲ | 01:05 | ਸਪਤਾਹ ਵਿਚ | ਸ਼ੁੱਕਰਵਾਰ, ਐਤਵਾਰ | 29.11.2026 ਤਕ |
| 05580 | ਆਨੰਦ ਵਿਹਾਰ ਟਰਮੀਨਲ | 05:15 | ਪੂਰਣਿਯਾ ਕੋਰਟ | 13:45 | 2 ਦਿਨ | ਐਤਵਾਰ, ਮੰਗਲਵਾਰ | 01.12.2026 ਤਕ |
| 05575 | ਸਹਰਸਾ ਜੰ: | 20:00 | ਆਨੰਦ ਵਿਹਾਰ ਟਰਮੀਨਲ | 01:05 | ਸਪਤਾਹਿਕ | ਮੰਗਲਵਾਰ | 24.11.2026 ਤਕ |
| 05576 | ਆਨੰਦ ਵਿਹਾਰ ਟਰਮੀਨਲ | 05:15 | ਸਹਰਸਾ ਜੰ: | 10:30 | | ਵੀਰਵਾਰ | 26.11.2026 ਤਕ |
| 02397 | ਸ਼ੇਖਪੁਰਾ ਜੰ: | 11:30 | ਆਨੰਦ ਵਿਹਾਰ ਟਰਮੀਨਲ | 11:40 | ਸਪਤਾਹਿਕ | ਐਤਵਾਰ | 29.11.2026 ਤਕ |
| 02398 | ਆਨੰਦ ਵਿਹਾਰ ਟਰਮੀਨਲ | 13:30 | ਸ਼ੇਖਪੁਰਾ ਜੰ: | 14:45 | | ਸੋਮਵਾਰ | 30.11.2026 ਤਕ |
| 03639 | ਧਨਬਾਦ ਜੰ: | 18:30 | ਸ਼ਕੂਰ ਬਸਤੀ | 18:40 | ਸਪਤਾਹ ਵਿਚ | ਸੋਮਵਾਰ, ਸ਼ੁੱਕਰਵਾਰ | 30.11.2026 ਤਕ |
| 03640 | ਸ਼ਕੂਰ ਬਸਤੀ | 21:10 | ਧਨਬਾਦ ਜੰ: | 23:45 | 2 ਦਿਨ | ਮੰਗਲਵਾਰ, ਸ਼ਨੀਵਾਰ | 01.12.2016 ਤਕ |
| 05219 | ਮੁਜੱਫਰਪੁਰ ਜੰ: | 13:30 | ਆਨੰਦ ਵਿਹਾਰ ਟਰਮੀਨਲ | 10:00 | ਸਪਤਾਹਿਕ | ਸ਼ੁੱਕਰਵਾਰ | 27.11.2026 ਤਕ |
| 05220 | ਆਨੰਦ ਵਿਹਾਰ ਟਰਮੀਨਲ | 12:00 | ਮੁਜੱਫਰਪੁਰ ਜੰ: | 09:45 | | ਸ਼ਨੀਵਾਰ | 28.11.2026 ਤਕ |
| 05193 | ਛਪਰਾ ਜੰ: | 14:00 | ਪਠਾਨਕੋਟ | 22:15 | ਸਪਤਾਹਿਕ | ਸੋਮਵਾਰ | 23.11.2026 ਤਕ |
| 05194 | ਪਠਾਨਕੋਟ | 00:30 | ਛਪਰਾ ਜੰ: | 09:15 | | ਬੁੱਧਵਾਰ | 25.11.2026 ਤਕ |
| 02417 | ਪ੍ਰਯਾਗਰਾਜ ਜੰ: | 21:00 | ਸ਼ਕੂਰ ਬਸਤੀ | 10:05 | ਸਪਤਾਹ ਵਿਚ | ਐਤ, ਸੋਮ, ਵੀਰ, ਸ਼ੁੱਕਰ | 14.12.2026 ਤਕ |
| 02418 | ਸ਼ਕੂਰ ਬਸਤੀ | 21:30 | ਪ੍ਰਯਾਗਰਾਜ ਜੰ: | 09:15 | 4 ਦਿਨ | ਬੁੱਧ, ਵੀਰ, ਸ਼ਨੀ, ਐਤ | 17.12.2026 ਤਕ |
| 04163 | ਨਾਰਾਯਪੁਰ ਬਾਜ਼ਾਰ | 18:00 | ਸ਼ਕੂਰ ਬਸਤੀ | 10:05 | ਸਪਤਾਹ ਵਿਚ | ਮੰਗਲ, ਬੁੱਧ, ਸ਼ਨੀ | 16.12.2026 ਤਕ |
| 04164 | ਸ਼ਕੂਰ ਬਸਤੀ | 21:30 | ਨਾਰਾਯਪੁਰ ਬਾਜ਼ਾਰ | 12:25 | 3 ਦਿਨ | ਸੋਮ, ਮੰਗਲ, ਸ਼ੁੱਕਰ | 15.12.2026 ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ ਟਰਮੀਨਲ | 00:30 | ਸਪਤਾਹਿਕ | ਐਤਵਾਰ | 29.11.2026 ਤਕ |
| 03258 | ਆਨੰਦ ਵਿਹਾਰ ਟਰਮੀਨਲ | 05:00 | ਦਾਨਾਪੁਰ | 20:45 | | ਸੋਮਵਾਰ | 30.11.2026 ਤਕ |
| 05301 | ਮਊ ਜੰਕਸ਼ਨ | 04:40 | ਅੰਬਾਲਾ ਕੈਂਟ ਜੰ: | 03:55 | ਸਪਤਾਹਿਕ | ਵੀਰਵਾਰ | 26.11.2026 ਤਕ |
| 05302 | ਅੰਬਾਲਾ ਕੈਂਟ ਜੰ: | 05:45 | ਮਊ ਜੰਕਸ਼ਨ | 04:30 | | ਸ਼ੁੱਕਰਵਾਰ | 27.11.2026 ਤਕ |
| 05085 | ਛਪਰਾ ਜੰ: | 13:05 | ਆਨੰਦ ਵਿਹਾਰ ਟਰਮੀਨਲ | 09:40 | ਸਪਤਾਹਿਕ | ਮੰਗਲਵਾਰ | 24.11.2026 ਤਕ |
| 05086 | ਆਨੰਦ ਵਿਹਾਰ ਟਰਮੀਨਲ | 10:50 | ਛਪਰਾ ਜੰ: | 07:00 | | ਬੁੱਧਵਾਰ | 25.11.2026 ਤਕ |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ ਟਰਮੀਨਲ | 13:40 | ਸਪਤਾਹਿਕ | ਸੋਮਵਾਰ | 30.11.2026 ਤਕ |
| 03436 | ਆਨੰਦ ਵਿਹਾਰ ਟਰਮੀਨਲ | 14:50 | ਮਾਲਦਾ ਟਾਊਨ | 22:30 | | ਮੰਗਲਵਾਰ | 01.12.2026 ਤਕ |
| 02877 | ਰਾਂਚੀ ਜੰ: | 16:25 | ਆਨੰਦ ਵਿਹਾਰ ਟਰਮੀਨਲ | 18:00 | ਸਪਤਾਹਿਕ | ਸ਼ਨੀਵਾਰ | 28.11.2026 ਤਕ |
| 02878 | ਆਨੰਦ ਵਿਹਾਰ ਟਰਮੀਨਲ | 19:30 | ਰਾਂਚੀ ਜੰ: | 19:10 | | ਐਤਵਾਰ | 29.11.2026 ਤਕ |
| 04123 | ਪ੍ਰਯਾਗਰਾਜ ਜੰ: | 14:50 | ਹਜ਼ਰਤ ਨਿਜ਼ਾਮੁਦੀਨ | 11:35 | ਸਪਤਾਹ ਵਿਚ | ਬੁੱਧਵਾਰ, ਐਤਵਾਰ | 29.11.2026 ਤਕ |
| 04124 | ਹਜ਼ਰਤ ਨਿਜ਼ਾਮੁਦੀਨ | 15:45 | ਪ੍ਰਯਾਗਰਾਜ ਜੰ: | 09:10 | 2 ਦਿਨ | ਵੀਰਵਾਰ, ਸੋਮਵਾਰ | 30.11.2026 ਤਕ |
| 05101 | ਗੋਰਖਪੁਰ ਜੰ: | 16:00 | ਸ਼ਕੂਰ ਬਸਤੀ | 11:05 | ਸਪਤਾਹਿਕ | ਐਤਵਾਰ | 29.11.2026 ਤਕ |
| 05102 | ਸ਼ਕੂਰ ਬਸਤੀ | 13:15 | ਗੋਰਖਪੁਰ ਜੰ: | 08:30 | | ਸੋਮਵਾਰ | 30.11.2026 ਤਕ |
| 03107 | ਕੋਲਕਾਤਾ | 23:50 | ਆਲਮਨਗਰ | 19:45 | ਸਪਤਾਹਿਕ | ਵੀਰਵਾਰ | 26.11.2026 ਤਕ |
| 03108 | ਆਲਮਨਗਰ | 01:45 | ਕੋਲਕਾਤਾ | 22:30 | | ਸ਼ਨੀਵਾਰ | 28.11.2026 ਤਕ |
| 04183 | ਪ੍ਰਯਾਗਰਾਜ ਜੰ: | 15:25 | ਹਜ਼ਰਤ ਨਿਜ਼ਾਮੁਦੀਨ | 11:35 | ਸਪਤਾਹਿਕ | ਮੰਗਲਵਾਰ | 01.12.2026 ਤਕ |
| 04184 | ਹਜ਼ਰਤ ਨਿਜ਼ਾਮੁਦੀਨ | 15:45 | ਪ੍ਰਯਾਗਰਾਜ ਜੰ: | 09:10 | | ਬੁੱਧਵਾਰ | 02.12.2026 ਤਕ |
| 03437 | ਮਾਲਦਾ ਟਾਊਨ | 10:00 | ਹਰਿਦੁਆਰ ਜੰ: | 17:00 | ਸਪਤਾਹਿਕ | ਸ਼ਨੀਵਾਰ | 28.11.2026 ਤਕ |
| 03438 | ਹਰਿਦੁਆਰ ਜੰ: | 18:35 | ਮਾਲਦਾ ਟਾਊਨ | 23:55 | | ਐਤਵਾਰ | 29.11.2026 ਤਕ |
| 01705 | ਜਬਲਪੁਰ ਜੰ: | 19:40 | ਅਯੋਧਿਆ ਧਾਮ ਜੰ: | 11:25 | ਸਪਤਾਹਿਕ | ਮੰਗਲਵਾਰ | 29.12.2026 ਤਕ |
| 01706 | ਅਯੋਧਿਆ ਧਾਮ ਜੰ: | 13:30 | ਜਬਲਪੁਰ ਜੰ: | 06:45 | | ਬੁੱਧਵਾਰ | 30.12.2026 ਤਕ |
| 09309 | ਇੰਦੌਰ ਜੰ: | 17:00 | ਹਜ਼ਰਤ ਨਿਜ਼ਾਮੁਦੀਨ | 05:00 | ਸਪਤਾਹ ਵਿਚ | ਸ਼ੁੱਕਰਵਾਰ, ਐਤਵਾਰ | 27.11.2026 ਤਕ |
| 09310 | ਹਜ਼ਰਤ ਨਿਜ਼ਾਮੁਦੀਨ | 08:20 | ਇੰਦੌਰ ਜੰ: | 21:00 | 2 ਦਿਨ | ਸ਼ਨੀਵਾਰ, ਸੋਮਵਾਰ | 28.11.2026 ਤਕ |
| 09257 | ਭਾਵਨਗਰ ਟਰਮੀਨਸ | 14:20 | ਸ਼ਕੂਰ ਬਸਤੀ | 10:55 | ਸਪਤਾਹਿਕ | ਸ਼ੁੱਕਰਵਾਰ | 27.11.2026 ਤਕ |
| 09258 | ਸ਼ਕੂਰ ਬਸਤੀ | 13:15 | ਭਾਵਨਗਰ ਟਰਮੀਨਸ | 08:50 | | ਸ਼ਨੀਵਾਰ | 28.11.2026 ਤਕ |
| 09203 | ਵੇਰਾਵਲ ਜੰ: | 16:05 | ਹਰਿਦੁਆਰ ਜੰ: | 20:40 | ਸਪਤਾਹਿਕ | ਮੰਗਲਵਾਰ | 24.11.2026 ਤਕ |
| 09204 | ਹਰਿਦੁਆਰ ਜੰ: | 21:30 | ਵੇਰਾਵਲ ਜੰ: | 09:45 | | ਬੁੱਧਵਾਰ | 25.11.2026 ਤਕ |
| 09523 | ਓਖਾ | 10:20 | ਸ਼ਕੂਰ ਬਸਤੀ | 10:35 | ਸਪਤਾਹਿਕ | ਮੰਗਲਵਾਰ | 24.11.2026 ਤਕ |
| 09524 | ਸ਼ਕੂਰ ਬਸਤੀ | 13:15 | ਓਖਾ | 13:00 | | ਬੁੱਧਵਾਰ | 25.11.2026 ਤਕ |
| 09425 | ਸਾਬਰਮਤੀ ਬੀਜੀ | 18:45 | ਹਰਿਦੁਆਰ ਜੰ: | 20:30 | ਸਪਤਾਹਿਕ | ਸੋਮਵਾਰ | 23.11.2026 ਤਕ |
| 09426 | ਹਰਿਦੁਆਰ ਜੰ: | 21:45 | ਸਾਬਰਮਤੀ ਬੀਜੀ | 22:30 | | ਮੰਗਲਵਾਰ | 24.11.2026 ਤਕ |
| 04811 | ਬਾੜਮੇਰ | 04:15 | ਹਰਿਦੁਆਰ ਜੰ: | 04:10 | ਸਪਤਾਹ ਵਿਚ | ਸੋਮਵਾਰ, ਵੀਰਵਾਰ | 30.11.2026 ਤਕ |
| 04812 | ਹਰਿਦੁਆਰ ਜੰ: | 05:15 | ਬਾੜਮੇਰ | 06:35 | 2 ਦਿਨ | ਮੰਗਲਵਾਰ, ਸ਼ੁੱਕਰਵਾਰ | 01.12.2026 ਤਕ |
| 09611 | ਅਜਮੇਰ ਜੰ: | 19:45 | ਯੋਗ ਨਗਰੀ ਰਿਸ਼ੀਕੇਸ਼ | 12:50 | ਸਪਤਾਹਿਕ | ਬੁੱਧਵਾਰ | 25.11.2026 ਤਕ |
| 09612 | ਯੋਗ ਨਗਰੀ ਰਿਸ਼ੀਕੇਸ਼ | 17:55 | ਅਜਮੇਰ ਜੰ: | 09:55 | | ਵੀਰਵਾਰ | 26.11.2026 ਤਕ |
| 09639 | ਮਦਾਰ ਜੰ: | 04:30 | ਰੋਹਤਕ ਜੰ: | 12:50 | ਹਰਰੋਜ਼ | ਐਤ, ਸੋਮ, ਮੰਗਲ, ਬੁੱਧ | 30.11.2026 ਤਕ |
| 09640 | ਰੋਹਤਕ ਜੰ: | 13:20 | ਮਦਾਰ ਜੰ: | 22:35 | | ਵੀਰ, ਸ਼ੁੱਕਰ, ਸ਼ਨੀ | 30.11.2026 ਤਕ |
| 09609 | ਉਦਯਪੁਰ ਸਿਟੀ | 13:45 | ਯੋਗ ਨਗਰੀ ਰਿਸ਼ੀਕੇਸ਼ | 10:15 | ਸਪਤਾਹਿਕ | ਮੰਗਲਵਾਰ | 24.11.2026 ਤਕ |
| 09610 | ਯੋਗ ਨਗਰੀ ਰਿਸ਼ੀਕੇਸ਼ | 17:55 | ਉਦਯਪੁਰ ਸਿਟੀ | 15:30 | | ਬੁੱਧਵਾਰ | 25.11.2026 ਤਕ |
| 01703 | ਜਬਲਪੁਰ ਜੰ: | 15:30 | ਹਰਿਦੁਆਰ ਜੰ: | 14:20 | ਸਪਤਾਹਿਕ | ਵੀਰਵਾਰ | 19.11.2026 ਤਕ |
| 01704 | ਹਰਿਦੁਆਰ ਜੰ: | 15:10 | ਜਬਲਪੁਰ ਜੰ: | 16:20 | | ਸ਼ੁੱਕਰਵਾਰ | 20.11.2026 ਤਕ |
| 01707 | ਜਬਲਪੁਰ ਜੰ: | 20:20 | ਹਜ਼ਰਤ ਨਿਜ਼ਾਮੁਦੀਨ | 14:25 | ਸਪਤਾਹਿਕ | ਸ਼ਨੀਵਾਰ | 14.11.2026 ਤਕ |
| 01708 | ਹਜ਼ਰਤ ਨਿਜ਼ਾਮੁਦੀਨ | 15:45 | ਜਬਲਪੁਰ ਜੰ: | 09:30 | | ਐਤਵਾਰ | 15.11.2026 ਤਕ |
| 09093 | ਉਧਨਾ ਜੰ: | 07:25 | ਅਯੋਧਿਆ ਕੈਂਟ ਜੰ: | 10:30 | ਸਪਤਾਹਿਕ | ਸ਼ੁੱਕਰਵਾਰ | 13.11.2026 ਤਕ |
| 09094 | ਅਯੋਧਿਆ ਕੈਂਟ ਜੰ: | 14:45 | ਉਧਨਾ ਜੰ: | 17:15 | | ਸ਼ਨੀਵਾਰ | 14.11.2026 ਤਕ |
| 09097 | ਉਧਨਾ ਜੰ: | 06:45 | ਅਯੋਧਿਆ ਕੈਂਟ ਜੰ: | 11:30 | ਸਪਤਾਹਿਕ | ਮੰਗਲਵਾਰ | 24.11.2026 ਤਕ |
| 09098 | ਅਯੋਧਿਆ ਕੈਂਟ ਜੰ: | 13:30 | ਉਧਨਾ ਜੰ: | 17:30 | | ਬੁੱਧਵਾਰ | 25.11.2026 ਤਕ |
| 02456 | ਨਵੀਂ ਦਿੱਲੀ | 07:45 | ਕਾਨਪੁਰ ਸੈਂਟਰਲ | 13:15 | ਸਪਤਾਹ ਵਿਚ | ਸੋਮ, ਬੁੱਧ, ਸ਼ੁੱਕਰ, ਸ਼ਨੀ | 30.11.2026 ਤਕ |
| 02455 | ਕਾਨਪੁਰ ਸੈਂਟਰਲ | 15:00 | ਨਵੀਂ ਦਿੱਲੀ | 20:20 | 4 ਦਿਨ | ਸੋਮ, ਬੁੱਧ, ਸ਼ੁੱਕਰ, ਸ਼ਨੀ | 30.11.2026 ਤਕ |
| 02458 | ਆਨੰਦ ਵਿਹਾਰ ਟਰਮੀਨਲ | 07:20 | ਕਾਨਪੁਰ ਸੈਂਟਰਲ | 13:15 | ਸਪਤਾਹ ਵਿਚ | ਮੰਗਲ, ਵੀਰ, ਐਤ | 29.11.2026 ਤਕ |
| 02457 | ਕਾਨਪੁਰ ਸੈਂਟਰਲ | 15:00 | ਆਨੰਦ ਵਿਹਾਰ ਟਰਮੀਨਲ | 20:10 | 3 ਦਿਨ | ਮੰਗਲ, ਵੀਰ, ਐਤ | 29.11.2026 ਤਕ |
| 05005 | ਬਢਨੀ | 15:10 | ਜਲੰਧਰ ਸਿਟੀ ਜੰ: | 08:30 | ਸਪਤਾਹਿਕ | ਬੁੱਧਵਾਰ | 25.11.2026 ਤਕ |
| 05006 | ਜਲੰਧਰ ਸਿਟੀ ਜੰ: | 10:50 | ਬਢਨੀ | 04:45 | | ਵੀਰਵਾਰ | 26.11.2026 ਤਕ |
| 01483 | ਖੜਕੀ | 17:30 | ਹਜ਼ਰਤ ਨਿਜ਼ਾਮੁਦੀਨ | 18:10 | ਸਪਤਾਹ ਵਿਚ | ਮੰਗਲਵਾਰ, ਸ਼ੁੱਕਰਵਾਰ | 20.11.2026 ਤਕ |
| 01484 | ਹਜ਼ਰਤ ਨਿਜ਼ਾਮੁਦੀਨ | 22:10 | ਖੜਕੀ | 22:15 | 2 ਦਿਨ | ਬੁੱਧਵਾਰ, ਸ਼ਨੀਵਾਰ | 21.11.2026 ਤਕ |
| 01941 | ਆਗਰਾ ਕੈਂਟ | 06:30 | ਪਲਵਲ | 09:45 | ਹਰਰੋਜ਼ | ਐਤ, ਸੋਮ, ਮੰਗਲ, ਬੁੱਧ | 31.10.2026 ਤਕ |
| 01942 | ਪਲਵਲ | 10:00 | ਆਗਰਾ ਕੈਂਟ | 13:00 | | ਵੀਰ, ਸ਼ੁੱਕਰ, ਸ਼ਨੀ | 31.10.2026 ਤਕ |
| 07621 | ਹਜ਼ੂਰ ਸਾਹਿਰ ਨਾਂਦੇੜ | 08:45 | ਹਜ਼ਰਤ ਨਿਜ਼ਾਮੁਦੀਨ | 14:00 | ਸਪਤਾਹਿਕ | ਸ਼ਨੀਵਾਰ | 28.11.2026 ਤਕ |
| 07622 | ਹਜ਼ਰਤ ਨਿਜ਼ਾਮੁਦੀਨ | 21:40 | ਹਜ਼ੂਰ ਸਾਹਿਰ ਨਾਂਦੇੜ | 00:35 | | ਐਤਵਾਰ | 29.11.2026 ਤਕ |
| 07021 | ਚਰਲਪਲਲੀ | 19:20 | ਹਜ਼ਰਤ ਨਿਜ਼ਾਮੁਦੀਨ | 02:00 | ਸਪਤਾਹਿਕ | ਸੋਮਵਾਰ | 30.11.2026 ਤਕ |
| 07022 | ਹਜ਼ਰਤ ਨਿਜ਼ਾਮੁਦੀਨ | 04:00 | ਚਰਲਪਲਲੀ | 13:50 | | ਬੁੱਧਵਾਰ | 02.12.2026 ਤਕ |
| 07023 | ਚਰਲਪਲਲੀ | 19:45 | ਹਜ਼ਰਤ ਨਿਜ਼ਾਮੁਦੀਨ | 05:00 | ਸਪਤਾਹਿਕ | ਮੰਗਲਵਾਰ | 24.11.2026 ਤਕ |
| 07024 | ਹਜ਼ਰਤ ਨਿਜ਼ਾਮੁਦੀਨ | 07:15 | ਚਰਲਪਲਲੀ | 17:45 | | ਵੀਰਵਾਰ | 26.11.2026 ਤਕ |
| 09617 | ਉਦਯਪੁਰ ਸਿਟੀ | 21:15 | ਦਿੱਲੀ ਸਰਾਏ ਰੋਹਿਲਾ | 11:15 | ਸਪਤਾਹਿਕ | ਬੁੱਧਵਾਰ | 25.11.2026 ਤਕ |
| 09618 | ਦਿੱਲੀ ਸਰਾਏ ਰੋਹਿਲਾ | 13:45 | ਉਦਯਪੁਰ ਸਿਟੀ | 04:00 | | ਵੀਰਵਾਰ | 26.11.2026 ਤਕ |
| 01045 | ਲੋਕਮਾਨਯ ਤਿਲਕ ਟਰਮੀਨਸ | 07:35 | ਅਯੋਧਿਆ ਕੈਂਟ ਜੰ: | 10:15 | ਸਪਤਾਹ ਵਿਚ | ਸੋਮਵਾਰ, ਸ਼ੁੱਕਰਵਾਰ | 27.11.2026 ਤਕ |
| 01046 | ਅਯੋਧਿਆ ਕੈਂਟ ਜੰ: | 13:50 | ਲੋਕਮਾਨਯ ਤਿਲਕ ਟਰਮੀਨਸ | 17:15 | 2 ਦਿਨ | ਮੰਗਲਵਾਰ, ਸ਼ਨੀਵਾਰ | 28.11.2026 ਤਕ |
| 01913 | ਖਜੁਰਾਹੋ | 22:15 | ਹਜ਼ਰਤ ਨਿਜ਼ਾਮੁਦੀਨ | 11:00 | ਸਪਤਾਹ ਵਿਚ | ਸੋਮ, ਬੁੱਧ, ਸ਼ਨੀ | 18.11.2026 ਤਕ |
| 01914 | ਹਜ਼ਰਤ ਨਿਜ਼ਾਮੁਦੀਨ | 12:30 | ਖਜੁਰਾਹੋ | 03:30 | 3 ਦਿਨ | ਮੰਗਲ, ਵੀਰ, ਐਤ | 19.11.2026 ਤਕ |
| 06073 | ਤਿਰੂਵਨੰਤਪੁਰਮ ਨਾਰਥ | 14:00 | ਹਜ਼ਰਤ ਨਿਜ਼ਾਮੁਦੀਨ | 23:50 | ਸਪਤਾਹਿਕ | ਸੋਮਵਾਰ | 02.11.26 ਤੋਂ 16.11.26 ਤਕ |
| 06074 | ਹਜ਼ਰਤ ਨਿਜ਼ਾਮੁਦੀਨ | 05:45 | ਤਿਰੂਵਨੰਤਪੁਰਮ ਨਾਰਥ | 16:30 | | ਵੀਰਵਾਰ | 05.11.26 ਤੋਂ 19.11.26 ਤਕ |
| 04412 | ਹਜ਼ਰਤ ਨਿਜ਼ਾਮੁਦੀਨ | 18:50 | ਵੀਰਾਂਗਨਾ ਲਖਸ਼ਮੀਬਾਈ ਝਾਂਸੀ ਜੰ: | 06:00 | ਮਿਤੀ ਵਾਰ | ਵੀਰ, ਸ਼ੁੱਕਰ, ਸ਼ਨੀ | 05, 06 ਅਤੇ 07.11.2026 |
| 04411 | ਵੀਰਾਂਗਨਾ ਲਖਸ਼ਮੀਬਾਈ ਝਾਂਸੀ ਜੰ: | 06:30 | ਹਜ਼ਰਤ ਨਿਜ਼ਾਮੁਦੀਨ | 16:00 | | ਸ਼ੁੱਕਰ, ਸ਼ਨੀ, ਐਤ | 06, 07 ਅਤੇ 08.11.2026 |
| 04414 | ਗਾਜ਼ੀਆਬਾਦ | 20:05 | ਅਲੀਗੜ੍ਹ ਜੰ: | 22:30 | ਮਿਤੀ ਵਾਰ | ਵੀਰ, ਸ਼ੁੱਕਰ, ਸ਼ਨੀ | 05, 06 ਅਤੇ 07.11.2026 |
| 04413 | ਅਲੀਗੜ੍ਹ ਜੰ: | 23:30 | ਗਾਜ਼ੀਆਬਾਦ | 02:00 | | ਸ਼ੁੱਕਰ, ਸ਼ਨੀ, ਐਤ | 06, 07 ਅਤੇ 08.11.2026 |
| 01903 | ਆਗਰਾ ਕੈਂਟ | 20:00 | ਸ਼ਹੀਦ ਕੈਪਟਨ ਤੁਸ਼ਾਰ ਮਹਾਜਨ | 12:20 | ਸਪਤਾਹਿਕ | ਐਤਵਾਰ | 01.11.26 ਤੋਂ 29.11.26 |
| 01904 | ਸ਼ਹੀਦ ਕੈਪਟਨ ਤੁਸ਼ਾਰ ਮਹਾਜਨ | 16:05 | ਆਗਰਾ ਕੈਂਟ | 08:40 | | ਸੋਮਵਾਰ | 02.11.26 ਤੋਂ 30.11.26 |
| 04022 | ਨਵੀਂ ਦਿੱਲੀ (ਵਾਯਾ ਲਖਨਊ (ਐਨਆਰ)) | 14:30 | ਗੋਰਖਪੁਰ | 04:10 | ਸਪਤਾਹਿਕ | ਸ਼ੁੱਕਰਵਾਰ | 06.11.26 ਅਤੇ 13.11.26 |
| 04021 | ਗੋਰਖਪੁਰ | 07:00 | ਨਵੀਂ ਦਿੱਲੀ | 23:10 | | ਸ਼ਨੀਵਾਰ | 07.11.26 ਅਤੇ 14.11.26 |
| 04058 | ਆਨੰਦ ਵਿਹਾਰ ਟਰਮੀਨਲ | 00:20 | ਛਪਰਾ | 19:20 | ਸਪਤਾਹ ਵਿਚ | ਸ਼ੁੱਕਰਵਾਰ | 03.11.26 ਤੋਂ 17.11.26 |
| 04057 | ਛਪਰਾ | 22:10 | ਆਨੰਦ ਵਿਹਾਰ ਟਰਮੀਨਲ | 17:20 | ਦੋ ਦਿਨ | ਮੰਗਲਵਾਰ | |
| 05087 | ਮਊ | 22:30 | ਆਨੰਦ ਵਿਹਾਰ ਟਰਮੀਨਲ | 17:00 | ਸਪਤਾਹਿਕ | ਮੰਗਲਵਾਰ | 03.11.26 ਅਤੇ 10.11.26 |
| 05088 | ਆਨੰਦ ਵਿਹਾਰ ਟਰਮੀਨਲ | 19:15 | ਮਊ | 14:00 | | ਬੁੱਧਵਾਰ | 04.11.26 ਅਤੇ 11.11.26 |
| 04209 | ਵਾਰਾਣਸੀ ਜੰ: (ਵਾਯਾ ਲਖਨਊ (ਐਨਆਰ)) | 22:15 | ਦਿੱਲੀ ਜੰ: | 13:45 | ਸਪਤਾਹ ਵਿਚ | ਸੋਮ, ਬੁੱਧ, ਸ਼ੁੱਕਰ | 27.11.2026 ਤਕ |
| 04210 | ਦਿੱਲੀ ਜੰ: | 18:50 | ਵਾਰਾਣਸੀ ਜੰ: | 09:50 | 3 ਦਿਨ | ਮੰਗਲ, ਵੀਰ, ਸ਼ਨੀ | 28.11.2026 ਤਕ |
| 04213 | ਅਯੋਧਿਆ ਕੈਂਟ ਜੰ: (ਵਾਯਾ ਲਖਨਊ (ਐਨਆਰ)) | 18:20 | ਆਨੰਦ ਵਿਹਾਰ ਟ. | 06:10 | ਸਪਤਾਹ ਵਿਚ | ਐਤਵਾਰ, ਵੀਰਵਾਰ | 29.11.2026 ਤਕ |
| 04214 | ਆਨੰਦ ਵਿਹਾਰ ਟ. | 09:00 | ਅਯੋਧਿਆ ਕੈਂਟ ਜੰ: | 22:00 | 2 ਦਿਨ | ਸੋਮਵਾਰ, ਸ਼ੁੱਕਰਵਾਰ | 30.11.2026 ਤਕ |
| 04227 | ਵਾਰਾਣਸੀ ਜੰ: (ਵਾਯਾ ਲਖਨਊ (ਐਨਆਰ)) | 11:05 | ਚੰਡੀਗੜ੍ਹ ਜੰ: | 04:20 | ਸਪਤਾਹ ਵਿਚ | ਵੀਰਵਾਰ, ਐਤਵਾਰ | 29.11.2026 ਤਕ |
| 04228 | ਚੰਡੀਗੜ੍ਹ ਜੰ: | 06:00 | ਵਾਰਾਣਸੀ ਜੰ: | 00:55 | 2 ਦਿਨ | ਸ਼ੁੱਕਰਵਾਰ, ਸੋਮਵਾਰ | 30.11.2026 ਤਕ |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਸਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ ।

**ਉੱਤਰ ਰੇਲਵੇ**
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ
ਉਤੇ ਸਾਨੂੰ ਫਾਲੋ ਕਰੋ

# ਪੱਡਾ ਨੇ ਮਾਰਕੀਟ ਕਮੇਟੀ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰੇਸ਼ਮ ਸਿੰਘ ਪੱਡਾ ਵੱਲੋਂ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਵਜੋਂ ਰਸਮੀ ਤੌਰ ਤੇ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਮਾਰਕੀਟ ਕਮੇਟੀ ਦਫਤਰ ਡੇਰਾ ਬਾਬਾ ਨਾਨਕ ਵਿਖੇ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਹਲਕਾ ਇੰਚਾਰਜ ਤੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਰੇਸ਼ਮ ਸਿੰਘ ਪੱਡਾ ਨੂੰ ਹਾਰ ਪਾ ਕੇ ਜੀ ਆਇਆਂ ਆਖਦਿਆਂ ਮੂੰਹ ਮਿੱਠਾ ਕਰਵਾ ਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਵਜੋਂ ਕੁਰਸੀ ਤੇ ਬਿਠਾਇਆ ਗਿਆ ਤੇ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਵਿਖੇ ਪਹੁੰਚੇ ਵੱਖ-ਵੱਖ ਆਗੂਆਂ, ਪੰਚਾਂ ਸਰਪੰਚਾਂ ਵੱਲੋਂ ਨਵ ਨਿਯੁਕਤ ਚੇਅਰਮੈਨ ਰੇਸ਼ਮ ਸਿੰਘ ਪੱਡਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਰੇਸ਼ਮ ਸਿੰਘ ਪੱਡਾ ਵੱਲੋਂ ਪਾਰਟੀ ਪ੍ਰਤੀ ਨਿਭਾਈਆਂ ਗਈਆਂ ਸੇਵਾਵਾਂ ਨੂੰ ਵੇਖਦੇ ਹੋਏ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਹਨਾਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਜਿਥੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਗਿਆ, ਉੱਥੇ ਹੀ ਨਵ ਨਿਯੁਕਤ ਚੇਅਰਮੈਨ ਰੇਸ਼ਮ ਸਿੰਘ ਪੱਡਾ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੈਕਟਰੀ ਮਾਰਕੀਟ ਕਮੇਟੀ ਸਤਿੰਦਰ ਰੂਪ ਸਿੰਘ ਗਿੱਲ, ਚੇਅਰਮੈਨ ਬਲਵਿੰਦਰ ਸਿੰਘ ਹੁਕਵਾਲ, ਆੜ੍ਹਤੀ ਪਰਮਿੰਦਰ ਸਿੰਘ ਰੰਧਾਵਾ, ਪ੍ਰਧਾਨ ਰਾਜੇਸ਼ ਕੁਮਾਰ ਗੁਪਤਾ, ਕੌਂਸਲਰ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਰਜਤ ਮਰਵਾਹਾ, ਕੌਂਸਲਰ ਬਲਦੇਵ ਰਾਜ ਡਾਲਿਆ, ਕੌਂਸਲਰ ਸਤਪਾਲ ਸ਼ੌਕੀ, ਆਪ ਆਗੂ ਚੇਨਣ ਸਿੰਘ ਖ਼ਾਲਸਾ, ਮਨਰੂਪ ਸਿੰਘ ਰੰਧਾਵਾ, ਐਸ ਐਚ ਓ ਅਸ਼ੋਕ ਕੁਮਾਰ ਸ਼ਰਮਾ, ਸੁਮਨਦੀਪ ਸਿੰਘ ਰੰਧਾਵਾ ਸਮੇਤ ਵੱਡੀ ਗਿਣਤੀ ਵਿੱਚ ਆਪ ਵਲੰਟੀਅਰ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਵਚਨਬੱਧ : ਡਾ. ਰਵਜੋਤ ਸਿੰਘ

ਹੁਸ਼ਿਆਰਪੁਰ (ਵਿਪਨ ਪ੍ਰਕਾਸ਼ ਰਾਣਾ)-ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਪਿੰਡ ਕੋਟਲੀ ਬਾਵਾ ਦਾਸ ਪਹੁੰਚ ਕੇ ਉੱਥੇ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਇਸ ਪਿੰਡ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਨਿਰੀਖਣ ਕਰਦਿਆਂ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਸਰਕਾਰ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਦੇਣਾ ਅਤੇ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦਾ ਵਿਕਾਸ ਸੂਬੇ ਦੀ ਤਰੱਕੀ ਦਾ ਅਹਿਮ ਆਧਾਰ ਹੈ। ਇਸ ਲਈ ਪੇਂਡੂ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ, ਤਾਂ ਜੋ ਪਿੰਡਾਂ ਦੇ ਲੋਕਾਂ ਨੂੰ ਵੀ ਬਿਹਤਰ ਸਹੂਲਤਾਂ ਮਿਲ ਸਕਣ। ਕੈਬਨਿਟ ਮੰਤਰੀ ਨੇ ਕਿਹਾ ਕਿ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਦਾ ਉਦੇਸ਼ ਉਨ੍ਹਾਂ ਦੀ ਪ੍ਰਗਤੀ 'ਤੇ ਨਜ਼ਰ ਰੱਖਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਨੂੰ ਇਨ੍ਹਾਂ ਕਾਰਜਾਂ ਦਾ ਉਚਿਤ ਲਾਭ ਮਿਲੇ। ਸੂਬਾ ਸਰਕਾਰ ਪੇਂਡੂ ਖੇਤਰਾਂ ਦੇ ਵਿਕਾਸ ਲਈ ਵੱਖ-ਵੱਖ ਯੋਜਨਾਵਾਂ ਤਹਿਤ ਫੰਡ ਮੁਹੱਈਆ ਕਰਵਾ ਰਹੀ ਹੈ ਤਾਂ ਜੋ ਪਿੰਡਾਂ ਦੀਆਂ ਲੋੜਾਂ ਅਨੁਸਾਰ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।

## ਅਮਨ ਅਰੋੜਾ ਵੱਲੋਂ ਬ੍ਰਿਟਿਸ਼ ਵਫ਼ਦ ਨਾਲ ਗੱਲਬਾਤ

# ਯੂ ਕੇ ਦੇ ਵਪਾਰ ਲਈ ਪੰਜਾਬ ਦੇ ਸਾਜ਼ਗਾਰ ਉਦਯੋਗਿਕ ਈਕੋ ਸਿਸਟਮ ਦੀ ਪੇਸ਼ਕਸ਼

ਚੰਡੀਗੜ੍ਹ (ਗੁਰਜੀਤ ਬਿੱਲਾ)-ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤੇ (ਸੀ ਈ ਟੀ ਏ) ਤਹਿਤ ਜ਼ੀਰੋ-ਡਿਊਟੀ ਦਾ ਲਾਭ ਉਠਾਉਣ ਲਈ ਯੂਕੇ ਦੇ ਕਾਰੋਬਾਰਾਂ ਵਾਸਤੇ ਪੰਜਾਬ ਨੂੰ ਇੱਕ ਪ੍ਰਮੁੱਖ ਨਿਰਮਾਣ ਆਧਾਰ ਵਜੋਂ ਪੇਸ਼ ਕਰਦਿਆਂ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਅਮਨ ਅਰੋੜਾ ਨੇ ਨਿਵੇਸ਼ ਪੰਜਾਬ ਵਿਖੇ ਚੰਡੀਗੜ੍ਹ ਸਥਿਤ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨ ਐਲਿਸ ਸਮੋਗੀਲੀ ਦੀ ਅਗਵਾਈ ਵਾਲੇ ਇੱਕ ਉੱਚ ਪੱਧਰੀ ਬ੍ਰਿਟਿਸ਼ ਵਫ਼ਦ ਨਾਲ ਰਣਨੀਤਕ ਗੱਲਬਾਤ ਕੀਤੀ। ਇਸ ਦੌਰਾਨ ਸੂਬੇ ਦੀ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਅਤੇ ਦੁਵੱਲੇ ਵਪਾਰ ਅਤੇ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਸਮਰਪਿਤ ਐਫ ਟੀ ਏ ਤੇ ਐਕਸਪੋਰਟ ਫੈਸਿਲੀਟੇਸ਼ਨ ਸੈੱਲ ਬਾਰੇ ਜਾਣਕਾਰੀ ਦਿੱਤੀ ਗਈ। ਇਸ ਵਫ਼ਦ ਵਿੱਚ ਐਲਬਾ ਗਰੀਵਜ਼, ਦੇ ਵਪਾਰ ਅਤੇ ਵਣਜ ਦੇ ਫਸਟ ਸੈਕਟਰੀ ਡਾ. ਨਿਕੋਲਸ ਗ੍ਰੀਵਿਟ ਅਤੇ ਸੀਨੀਅਰ ਵਪਾਰ ਸਲਾਹਕਾਰ ਅਨੂਪ ਨਰਾਇਣ ਸ਼ਾਮਲ ਸਨ। ਇਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਮਨ ਅਰੋੜਾ ਨੇ ਪੰਜਾਬ ਦੇ ਉਦਯੋਗ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਅਤੇ ਯੂ ਕੇ ਦੀ ਸਪਲਾਈ ਚੇਨ ਨਾਲ ਜੁੜਨ ਸਬੰਧੀ ਸੂਬੇ ਦੀਆਂ ਤਿਆਰੀਆਂ ਨੂੰ ਉਜਾਗਰ ਕੀਤਾ। ਇਸ ਦੌਰਾਨ ਐਗਰੀ-ਬਿਜ਼ਨਸ, ਫੂਡ ਪ੍ਰੋਸੈਸਿੰਗ, ਇੰਜੀਨੀਅਰਿੰਗ, ਆਟੋ ਕੰਪੋਨੈਂਟ ਅਤੇ ਉਦਯੋਗ-ਅਧਾਰਿਤ ਹੁਨਰ ਵਿਕਾਸ ਵਰਗੇ ਤੇਜ਼ੀ ਨਾਲ ਵਿਕਸਤ ਹੋ ਰਹੇ ਖੇਤਰਾਂ 'ਤੇ ਵਿਸ਼ੇਸ਼ ਚਰਚਾ ਕੀਤੀ ਗਈ। ਅਮਨ ਅਰੋੜਾ ਨੇ ਕਿਹਾ, 'ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਅਤੇ ਸਾਡੇ ਸਮਰਪਿਤ ਐਫ ਟੀ ਏ ਸੈੱਲ ਦੇ ਨਾਲ ਅਸੀਂ ਯੂ ਕੇ ਦੇ ਕਾਰੋਬਾਰਾਂ ਵਾਸਤੇ ਇੱਕ ਅਜਿਹਾ ਪਲੱਗ-ਐਂਡ-ਪਲੇਅ ਈਕੋਸਿਸਟਮ ਪ੍ਰਦਾਨ ਕਰ ਰਹੇ ਹਾਂ ਜਿਸ ਨਾਲ ਦੁਨੀਆ ਭਰ ਲਈ ਮੇਕ ਇਨ ਪੰਜਾਬ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਸ ਮੀਟਿੰਗ ਵਿੱਚ ਪੰਜਾਬ ਵਿਕਾਸ ਦੇ ਡਾਇਰੈਕਟਰ ਜਸਪ੍ਰੀਤ ਸਿੰਘ, ਪੰਜਾਬ ਵਿੱਤੀ ਕਾਰਪੋਰੇਸ਼ਨ ਦੇ ਐਮ ਡੀ ਮੰਨੂ ਦੁੱਗਲ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸੇਂਟ ਕਬੀਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਤਾਇਕਵਾਂਡੋ ਮੁਕਾਬਲਿਆਂ 'ਚ ਮਾਰੀ ਬਾਜ਼ੀ

ਧਾਰੀਵਾਲ, (ਮਨਦੀਪ ਵਿੱਕੀ) ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਦੇ ਖਿਡਾਰੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ ਦੇ ਰਾਜ ਪੱਧਰੀ ਤਾਇਕਵਾਂਡੋ ਮੁਕਾਬਲਿਆਂ ਵਿੱਚ ਲਾਜਵਾਬ ਪ੍ਰਦਰਸ਼ਨਕਾਰੀ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਆਸ-ਪਾਸ ਦੇ ਇਲਾਕੇ ਵਿੱਚ ਰੌਸ਼ਨ ਕੀਤਾ ਹੈ। ਇਸ ਸਬੰਧੀ ਖ਼ੁਸ਼ੀ ਪ੍ਰਗਟ ਕਰਦਿਆਂ ਸਕੂਲ ਪ੍ਰਿੰਸੀਪਲ ਐਸ. ਬੀ. ਨਾਯਰ ਨੇ ਜਾਣਕਾਰੀ ਦਿੱਤੀ ਕਿ ਫਰੀਦਕੋਟ ਵਿਖੇ ਹੋਏ ਮੁਕਾਬਲਿਆਂ ਦੌਰਾਨ ਅੰਡਰ-19 ਦੇ ਖਿਡਾਰੀ ਸੁਖਪ੍ਰੀਤ ਸਿੰਘ, ਸਪੁੱਤਰ ਜਗਮੋਹਨ ਸਿੰਘ, ਵਾਸੀ ਭਿਖਾਰੀ ਹਾਰਨੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਸਰਾ ਸਥਾਨ ਹਾਸਿਲ ਕੀਤਾ ਹੈ। ਇਸ ਦੇ ਨਾਲ ਹੀ ਅੰਡਰ-17 ਦੀ ਖਿਡਾਰਨ ਗੁਰਤਾਨਿਸ ਕੌਰ, ਸਪੁੱਤਰੀ ਸੁਰਜੀਤ ਸਿੰਘ, ਵਾਸੀ ਨਿਮਾਣੇ ਨੇ ਵੀ ਤੀਸਰਾ ਸਥਾਨ ਹਾਸਲ ਕਰਕੇ ਆਪਣੇ ਹੁਨਰ ਤੇ ਮਿਹਨਤ ਨੂੰ ਸਾਬਿਤ ਕੀਤਾ ਹੈ। ਸਕੂਲ ਪਹੁੰਚਣ 'ਤੇ ਸਾਰੇ ਹੋਣਹਾਰ ਵਿਦਿਆਰਥੀਆਂ ਦਾ ਸਕੂਲ ਦੇ ਸਟਾਫ਼ ਵਿੱਚ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਨਾਯਰ ਅਤੇ ਪ੍ਰਬੰਧਕ ਮੈਂਬਰਾਂ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਦੁਆਰਾ ਤਾਇਕਵਾਂਡੋ ਕੋਚ ਗੁਰਪ੍ਰੀਤ ਕੌਰ ਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਖੇਡ ਪ੍ਰਤੀ ਸਮਰਪਣ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ ਗਈ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਡੀ. ਪੀ. ਵਿਭਾਗ ਦੇ ਅਧਿਆਪਕ ਸ਼ਮਸ਼ੇਰ ਸਿੰਘ, ਜਤਿੰਦਰ ਕੌਰ, ਮੈਡਮ ਨੇਹਾ, ਮੈਡਮ ਸਰਬਜੀਤ ਸਮੇਤ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਲੋੜਵੰਦ ਧੀਆਂ ਦੇ ਸਮੂਹਿਕ ਆਨੰਦ ਕਾਰਜ 1 ਨੂੰ

ਮੋਹਾਲੀ (ਗੁਰਜੀਤ ਬਿੱਲਾ)-ਸਰਬ ਸਾਂਝਾ ਵੈਲਫੇਅਰ ਸੋਸਾਇਟੀ (ਰਜਿ: ) ਮੋਹਾਲੀ ਦੀ ਤਰਫੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਲੋੜਵੰਦ ਪਰਵਾਰਾਂ ਦੀਆਂ ਬੱਚੀਆਂ ਦੇ ਸਮੂਹਿਕ ਆਨੰਦ ਕਾਰਜ ਗੁਰਦੁਆਰਾ ਨਾਨਕ ਦਰਬਾਰ ਸਾਹਿਬ ਸੈਕਟਰ 90-91 ਮੋਹਾਲੀ ਵਿਖੇ ਕਰਵਾਏ ਜਾ ਰਹੇ ਹਨ, ਅਤੇ ਇਸ ਪ੍ਰੋਗਰਾਮ ਨੂੰ ਕਰਵਾਏ ਜਾਣ ਦੇ ਲਈ ਸੁਸਾਇਟੀ ਦੇ ਸਾਰੇ ਮੈਂਬਰਾਂ ਵੱਲੋਂ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਸਬੰਧੀ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸਟੇਟ ਐਵਾਰਡੀ ਅਤੇ ਸੁਸਾਇਟੀ ਦੇ ਪ੍ਰਧਾਨ- ਫੂਲਰਾਜ ਸਿੰਘ ਨੇ ਦੱਸਿਆ ਕਿ ਸਰਬ ਸਾਂਝਾ ਵੈਲਫੇਅਰ ਸੋਸਾਇਟੀ (ਰਜਿ: ) ਮੋਹਾਲੀ ਦੀ ਤਰਫੋਂ ਵਿਧਾਇਕ ਕੁਲਵੰਤ ਸਿੰਘ ਦੀ ਸਰਪ੍ਰਸਤੀ ਹੇਠ ਹਰ ਵਰ੍ਹੇ ਲੋੜਵੰਦ ਧੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਜਾਂਦੇ ਹਨ, ਅਤੇ ਇਸ ਸਾਲ ਇਹ ਪ੍ਰੋਗਰਾਮ ਨਵੰਬਰ ਮਹੀਨੇ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਕਰਵਾਏ ਗਏ, ਜਿਨ੍ਹਾਂ ਦਾ ਭੋਗ ਇੱਕ ਨਵੰਬਰ ਨੂੰ ਸਵੇਰੇ 8 ਵਜੇ ਪਾਏ ਜਾਣਗੇ, ਬਰਾਤਾਂ ਦਾ ਸਵਾਗਤ ਸਵੇਰੇ 9 ਵਜੇ ਅਤੇ ਬ੍ਰੇਕਫਾਸਟ ਬਰਾਤਾਂ ਦੇ ਲਈ ਸਵੇਰੇ 11 ਵਜੇ ਹੋਵੇਗਾ, ਉਪਰੰਤ ਆਨੰਦ ਕਾਰਜ ਦੀ ਰਸਮਾਂ ਸਾਢੇ 11 ਵਜੇ ਕਰਵਾਈਆਂ ਜਾਣਗੀਆਂ, ਦੁਪਹਿਰ ਦਾ ਖਾਣਾ ਦੁਪਹਿਰ ਡੇਢ ਵਜੇ ਲਗਾਇਆ ਜਾਵੇਗਾ। ਫੂਲਰਾਜ ਸਿੰਘ ਪ੍ਰਧਾਨ ਨੇ ਦੱਸਿਆ ਕਿ ਇਸ ਮੌਕੇ ਤੇ ਵਿਧਾਇਕ ਕੁਲਵੰਤ ਸਿੰਘ ਤੋਂ ਇਲਾਵਾ ਮਾਲਵਿੰਦਰ ਸਿੰਘ ਕੰਗ- ਮੈਂਬਰ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ, ਸਰਬਜੀਤ ਸਿੰਘ ਸਮਾਣਾ- ਮੇਅਰ ਮੋਹਾਲੀ ਨਗਰ ਨਿਗਮ, ਪ੍ਰਭਜੋਤ ਕੌਰ ਚੇਅਰਪਰਸਨ ਜ਼ਿਲ੍ਹਾ ਯੋਜਨਾ ਬੋਰਡ ਮੋਹਾਲੀ, ਦਮਨਦੀਪ ਕੌਰ -ਐਸ ਡੀ ਐਮ ਮੋਹਾਲੀ, ਹਰਸਿਮਰਨ ਸਿੰਘ ਬੱਲ -ਡੀ ਐਸ ਪੀ ਮੋਹਾਲੀ, ਆਰ ਪੀ ਸ਼ਰਮਾ, ਹਰਪਾਲ ਸਿੰਘ ਚੰਨਾ, ਡਾਕਟਰ ਐਸ ਪੀ ਸਿੰਘ-ਐਮ.ਡੀ. ਗਰੁੱਪ ਆਫ ਇੰਡਸ ਹੋਸਪਿਟਲ, ਗੁਰਮੀਤ ਸਿੰਘ -ਸਕੱਤਰ ਟਰਸਟੀ ਸੁਹਾਣਾ ਹਸਪਤਾਲ, ਹਰਮਿੰਦਰ ਬਜਾਜ ਪ੍ਰੋਪਰਾਈਟਰ ਤੋਂ ਇਲਾਵਾ ਡਾਕਟਰ ਐਸ ਐਸ ਭਵਰਾ- ਡਾਇਰੈਕਟਰ ਜੇ ਐਲ ਪੀ. ਐਲ, ਪਰਮਜੀਤ ਸਿੰਘ ਚੌਹਾਨ- ਡਾਇਰੈਕਟਰ- ਜੇ ਐਲ ਪੀ ਐਲ, ਡਾਕਟਰ ਲਖਵਿੰਦਰ ਸਿੰਘ, ਭਗਵਾਨ ਸਿੰਘ ਗਿੱਲ -ਐਮ.ਡੀ. ਕੁਲਦੀਪ ਸਿੰਘ ਸਮਾਣਾ, ਅਸ਼ਵਨੀ ਸ਼ਰਮਾ-ਮੈਨੇਜਿੰਗ ਡਾਇਰੈਕਟਰ ਰਬਾਬ ਮਿਊਜ਼ਿਕ ਪ੍ਰੋਡਕਸ਼ਨ ਮੋਹਾਲੀ, ਜਗਜੀਤ ਕੌਰ ਕਾਹਲੋਂ-ਚੇਅਰਪਰਸਨ ਹਰੀ ਸਿੰਘ ਮੈਮੋਰੀਅਲ ਚੈਰੀਟੇਬਲ ਸੁਸਾਇਟੀ ਮੋਹਾਲੀ, ਹਰਜਿੰਦਰ ਸਿੰਘ ਰੰਗੀ ਐਮ.ਡੀ. ਹਾਈਲੈਂਡ ਮੈ ਫੀਲਡ ਗੁਰਮੀਤ ਸਿੰਘ ਵਾਲੀਆ- ਪਰਾਈਡ ਕੇਟਰਜ, ਨੌਨਿਹਾਲ ਸਿੰਘ ਸੋਢੀ- ਸਮਾਜ ਸੇਵੀ ਅਤੇ ਦਮਨਦੀਪ ਸਿੰਘ ਔਜਲਾ ਉਚੇਚੇ ਤੌਰ ਤੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨਗੇ। ਪ੍ਰਧਾਨ-ਫੂਲਰਾਜ ਸਿੰਘ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਵਿੱਚ ਸ਼ਹੀਦ ਭਗਤ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਮੌਲੀ ਬੈਦਵਾਣ, ਲਾਇਨਸ ਕਲੱਬ ਪੰਚਕੂਲਾ ਪ੍ਰੀਮੀਅਰ, ਜੇ.ਐਲ. ਪ੍ਰੋਡਕਸ਼ਨ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

# ਮਾਸਟਰ ਕੇਡਰ ਯੂਨੀਅਨ ਦਾ ਸੂਬਾ ਪੱਧਰੀ ਇਜਲਾਸ ਪਹਿਲੀ ਨੂੰ

ਮੋਗਾ (ਇਕਬਾਲ ਸਿੰਘ ਖਹਿਰਾ) ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਧਾਲੀਵਾਲ, ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ, ਸੂਬਾ ਸਰਪ੍ਰਸਤ ਗੁਰਪ੍ਰੀਤ ਸਿੰਘ ਰਿਆੜ, ਸੀਨੀਅਰ ਆਗੂ ਮਨਜਿੰਦਰ ਸਿੰਘ ਤਰਨ ਤਾਰਨ ਹਰਮਿੰਦਰ ਸਿੰਘ ਉੱਪਲ ਤੇ ਜੁਆਇੰਟ ਸਕੱਤਰ ਦਲਜੀਤ ਸਿੰਘ ਸਬਰਵਾਲ, ਹਰਮਿੰਦਰ ਸਿੰਘ ਫਰੀਦਕੋਟ ਨੇ ਦੱਸਿਆ ਕਿ ਮਾਸਟਰ ਕੇਡਰ ਯੂਨੀਅਨ ਪੰਜਾਬ ਦਾ ਸੂਬਾ ਪੱਧਰੀ ਵਿਸ਼ਾਲ ਇਜਲਾਸ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਤੇ ਪੰਜਾਬ ਸਰਕਾਰ ਦੇ ਖਿਲਾਫ਼ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਤੇ ਸੰਘਰਸ਼ਾਂ ਦੀਆਂ ਰੂਪ-ਰੇਖਾ ਨੂੰ ਲੈ ਕੇ ਇੱਕ ਨਵੰਬਰ ਨੂੰ ਮੋਗਾ ਵਿਖੇ ਹੋਵੇਗਾ। ਸੂਬਾ ਪੱਧਰੀ ਇਜਲਾਸ ਵਿੱਚ ਸਾਂਝਾ ਮੁਲਾਜ਼ਮ ਮੰਚ ਤੇ ਫਰੰਟ ਦੇ ਦਿੱਤੇ ਗਏ ਸਰਕਾਰ ਖਿਲਾਫ ਐਕਸ਼ਨਾਂ ਅਤੇ ਸੰਘਰਸ਼ ਨੂੰ ਹੋਰ ਤਿੱਖੇ ਕਰਕੇ ਲੜਨ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ।ਮਾਸਟਰ ਕੇਡਰ ਯੂਨੀਅਨ ਦੇ ਸੂਬਾਈ ਆਗੂਆਂ ਨੇ ਹੋਰ ਵਿਸਥਾਰ ਵਿੱਚ ਦੱਸਿਆ ਕਿ ਜਥੇਬੰਦੀ ਦੇ ਸੰਘਰਸ਼ਸ਼ੀਲ ਅਧਿਆਪਕਾਂ ਨੂੰ ਨਵੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ ਤਾਂ ਜੁ ਜਥੇਬੰਦੀ ਦਾ ਵਿਸਥਾਰ ਕੀਤਾ ਜਾ ਸਕੇ। ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 4161 ਮਾਸਟਰ ਕਾਡਰ ਨਾਲ ਸੰਬੰਧਤ 253 ਅਧਿਆਪਕਾਂ ਨੂੰ ਟਰਮੀਨੇਟ ਕਰਕੇ ਅਧਿਆਪਕਾਂ ਦੇ ਘਰ ਦੇ ਚੁੱਲ੍ਹੇ ਬੁਝਾਏ ਹਨ, ਉਨ੍ਹਾਂ ਦਾ ਵੀ ਤਿੱਖਾ ਵਿਰੋਧ ਕੀਤਾ ਤੇ ਸਰਕਾਰ ਦੀ ਨਿਖੇਧੀ ਕੀਤੀ ਸਰਕਾਰ ਨੂੰ ਮੁਲਾਜ਼ਮ ਵਿਰੋਧੀ ਦੱਸਦੇ ਹੋਏ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸਾਢੇ ਚਾਰ ਸਾਲ ਵਿੱਚ ਪੰਜਾਬ ਸਰਕਾਰ ਵੱਲੋਂ ਹਮੇਸ਼ਾ ਹੀ ਮੁਲਾਜ਼ਮਾਂ ਤੇ ਕ੍ਰਮਚਾਰੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਆ ਰਿਹਾ ਹੈ।

# ਅੱਖਾਂ ਦਾ ਫਰੀ ਚੈੱਕਅਪ ਕੈਂਪ 1 ਨੂੰ

ਦੁਸਾਂਝ ਕਲਾਂ (ਸੁਰਿੰਦਰਪਾਲ ਕੁੱਕੂ)-ਪਿੰਡ ਕੋਟ ਗਰੇਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 12ਵਾਂ ਅੱਖਾਂ ਦਾ ਵਿਸ਼ਾਲ ਚੈੱਕਅਪ, ਅੱਖਾਂ ਦਾ ਆਪ੍ਰੇਸ਼ਨ ਮੁਫ਼ਤ ਚੈੱਕਅਪ ਅਤੇ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ ਐਨ ਆਰ ਆਈ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 1 ਨਵੰਬਰ ਦਿਨ ਐਤਵਾਰ ਨੂੰ ਲਗਾਇਆ ਜਾਵੇਗਾ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਜਸਵੀਰ ਸਿੰਘ ਯੂ. ਕੇ. ਨੇ ਦੱਸਿਆ ਕਿ ਐਨ ਆਰ ਆਈ ਦੇ ਸਹਿਯੋਗ ਨਾਲ ਡਾ. ਸੋਹ ਅੱਖਾਂ ਦਾ ਹਸਪਤਾਲ ਜਲੰਧਰ ਰੋਡ ਬੰਗਾ ਵਾਲੇ ਕੈਂਪ ਦੌਰਾਨ ਆਏ ਮਰੀਜ਼ਾਂ ਦਾ ਚੈੱਕਅਪ ਕਰਨਗੇ। ਉਨ੍ਹਾਂ ਕਿਹਾ ਕਿ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਆਪ੍ਰੇਸ਼ਨ ਵੀ ਕੀਤੇ ਜਾਣਗੇ ਅਤੇ ਮਰੀਜ਼ਾਂ ਨੂੰ ਐਨਕਾਂ ਤੇ ਦਵਾਈਆਂ ਵੀ ਦਿੱਤੀਆਂ ਜਾਣਗੀਆਂ ਅਤੇ ਆਪ੍ਰੇਸ਼ਨ ਲਈ ਮਰੀਜ਼ਾਂ ਨੂੰ ਲਿਆਉਣ ਤੇ ਛੱਡਣ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ। ਚੈੱਕਅਪ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਮੋਹਣ ਸਿੰਘ ਮਾਨ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ)

ਵਿਸ਼ਾ :- ਰਿਕਾਰਡ ਮਾਲ ਵਾਕਿਆ ਰਕਬਾ ਪਿੰਡ ਮਾਧੋਪੁਰ ਹ.ਬ. 21, ਸਬ-ਤਹਿਸੀਲ ਭੋਗਪੁਰ ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਵਿੱਚ ਪ੍ਰਾਰਥੀ ਦਾ ਨਾਂਅ ਕੁਲਦੀਪ ਸਿੰਘ ਪੁੱਤਰ ਅਮਰੀਕ ਸਿੰਘ ਪੁੱਤਰ ਮੇਹਰ ਸਿੰਘ ਦਰਜ ਹੈ ਜਿਸ ਦੀ ਦਰੁਸਤੀ ਰਿਕਾਰਡ ਮਾਲ ਵਿੱਚ ਗੁਰਦੀਪ ਸਿੰਘ ਪੁੱਤਰ ਅਮਰੀਕ ਸਿੰਘ ਪੁੱਤਰ ਮੇਹਰ ਸਿੰਘ ਦੇ ਨਾਂਅ ਦਾ ਇੰਦਰਾਜ਼ ਕਰਨ ਸੰਬੰਧੀ ਜਿਸ ਦੀ ਦਰੁਸਤੀ ਕਰਨ ਸੰਬੰਧੀ।

ਉਪਰੋਕਤ ਵਿਸ਼ੇ ਵਿੱਚ ਅੰਕਤ ਰਿਕਾਰਡ ਮਾਲ ਵਾਕਿਆ ਰਕਬਾ ਪਿੰਡ ਮਾਧੋਪੁਰ ਸਬ ਤਹਿ. ਭੋਗਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਵਿੱਚ ਪ੍ਰਾਰਥੀ ਦਾ ਨਾਂਅ ਵਾਕਿਆ ਪਿੰਡ ਮਾਧੋਪੁਰ ਵਿੱਚ ਕੁਲਦੀਪ ਸਿੰਘ ਪੁੱਤਰ ਅਮਰੀਕ ਸਿੰਘ ਪੁੱਤਰ ਮੇਹਰ ਸਿੰਘ ਦਰਜ ਹੈ ਜੋ ਕਿ ਰਿਕਾਰਡ ਮਾਲ ਵਿੱਚ ਨਾਂਅ ਦਾ ਇੰਦਰਾਜ਼ ਗਲਤ ਹੈ। ਜਿਸ ਦੀ ਦਰੁਸਤੀ ਰਿਕਾਰਡ ਮਾਲ ਵਿੱਚ ਕਰਨ ਸੰਬੰਧੀ ਦਰਖਾਸਤ ਨਿਮਨ ਹਸਤਾਖਰ ਦੇ ਦਫ਼ਤਰ ਵਿੱਚ ਵੱਲੋਂ ਕੌਂਸਲ ਸ੍ਰੀ ਅਮਰੀਕ ਸਿੰਘ ਸੈਣ ਵਾ ਜਸਕਰਨ ਬੀਰ ਸੈਣੀ ਦਾਇਰ ਕੀਤੀ ਹੈ, ਕਿ ਪ੍ਰਾਰਥੀ ਦਾ ਸਹੀ ਵਾ ਦਰੁਸਤ ਨਾਂਅ ਗੁਰਦੀਪ ਸਿੰਘ ਪੁੱਤਰ ਅਮਰੀਕ ਸਿੰਘ ਪੁੱਤਰ ਮੇਹਰ ਸਿੰਘ ਹੈ ਅਤੇ ਜਿਸ ਦੀ ਦਰੁਸਤੀ ਰਿਕਾਰਡ ਮਾਲ ਵਿੱਚ ਕੀਤੀ ਜਾਵੇ। ਇਸ ਸੰਬੰਧੀ ਉਸ ਨੇ ਪਰੂਫ ਵਜੋਂ ਅਧਾਰ ਕਾਰਡ, ਪੈਨ ਕਾਰਡ, ਪਾਸਪੋਰਟ ਦੀਆਂ ਫੋਟੋ ਕਾਪੀਆਂ, ਹਲਫੀਆ ਬਿਆਨ ਨਾਲ ਨੱਥੀ ਕੀਤੀ ਹੈ। ਇਸ ਸੰਬੰਧੀ ਅਖਬਾਰ ਵਿੱਚ ਪ੍ਰਕਾਸ਼ਨਾ ਕਰਵਾਈ ਜਾਂਦੀ ਹੈ ਕਿ ਉਕਤ ਨਾਂਅ ਦਰੁਸਤੀ ਸੰਬੰਧੀ ਪ੍ਰਕਾਸ਼ਨਾ ਉਪਰੰਤ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਮੁਕਾਮ ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਦੀ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਮਿਤੀ 19-11-2026 ਤੱਕ ਪੇਸ਼ ਕਰ ਸਕਦਾ ਹੈ।ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਇਹ ਨੋਟਿਸ ਅੱਜ ਨੰ. 451/ਰੀਡਰ ਮਿਤੀ 21.10.26 ਨੂੰ ਮੋਹਰ ਅਦਾਲਤ ਤੇ ਨਿਮਨ ਹਸਤਾਖਰ ਹੇਠ ਜਾਰੀ ਹੋਇਆ ਹੈ।

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ।

## ਚੋਣ ਸੰਬੰਧੀ

ਦੀ ਗਿਲਵਾਲੀ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮਟਿਡ ਦੀ ਚੋਣ ਮਿਤੀ 3.11.2026 ਅਤੇ 4.11.2026 ਨੂੰ ਸਭਾ ਦੇ ਦਫ਼ਤਰ ਵਿਚ ਕਰਵਾਈ ਜਾਣੀ ਹੈ। ਇਹ ਜਾਣਕਾਰੀ ਸਭਾ ਦੇ ਸਕੱਤਰ ਹਰਤੇਜ ਸਿੰਘ ਨੇ ਦਿੱਤੀ। ਮੋਬਾ : 98885-87765

## ਸ਼ਾਰਟ ਟਰਮ ਟੈਂਡਰ ਨੋਟਿਸ

ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਫਿਰੋਜ਼ਪੁਰ (ਪੰਜਾਬ) ਵੱਲੋਂ ਪੰਜਾਬ ਸਰਕਾਰ ਅਤੇ ਐਸ ਸੀ ਈ ਆਰ ਟੀ ਮੁਹਾਲੀ ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਡੀ.ਐਲ.ਐਡ ਫਿਰੋਜ਼ਪੁਰ ਦੇ 35-40 ਵਿਦਿਆਰਥੀਆ ਅਤੇ 5 ਅਧਿਆਪਕਾਂ ਦਾ ਵਿਦਿਅਕ ਟੂਰ ਨਵੰਬਰ ਮਹੀਨੇ ਦੇ ਦੂਜੇ ਹਫਤੇ ਅਜਮੇਰ ਅਤੇ ਉਦੈਪੁਰ ਆਦਿ ਸਥਾਨਾਂ 'ਤੇ ਲਿਜਾਣ ਦੀ ਯੋਜਨਾ ਹੈ। ਇਸ ਸੰਬੰਧੀ ਤਜਰਬੇਕਾਰ ਟੂਰ ਆਪਰੇਟਰਾਂ ਅਤੇ ਟਰੈਵਲ ਏਜੰਸੀਆਂ ਤੋਂ ਸੀਲਬੰਦ ਸ਼ਾਰਟ ਟਰਮ ਟੈਂਡਰ ਮੰਗੇ ਜਾਂਦੇ ਹਨ। ਟੂਰ ਸੰਬੰਧੀ ਵਿਸਤ੍ਰਿਤ ਸ਼ਰਤਾਂ ਅਤੇ ਨਿਯਮਾਂ ਦੀ ਜਾਣਕਾਰੀ ਸੰਸਥਾ ਤੋਂ ਕਿਸੇ ਵੀ ਕੰਮਕਾਜੀ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ। ਚਾਹਵਾਨ ਏਜੰਸੀਆਂ ਆਪਣੇ ਟੈਂਡਰ 02/11/2026 ਤੱਕ ਦਫ਼ਤਰ ਵਿਖੇ ਜਮ੍ਹਾਂ ਕਰਵਾ ਸਕਦੀਆਂ ਹਨ।

*ਸੰਸਥਾ ਮੁੱਖੀ    * ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਫਿਰੋਜ਼ਪੁਰ (ਪੰਜਾਬ)
dietferozepur@punjabeducation.gov.in

# ਲੋਕ ਅਦਾਲਤ 21 ਨਵੰਬਰ ਨੂੰ

ਬਲਾਚੌਰ (ਜਸਵਿੰਦਰ ਬੈਂਸ)- ਸ਼ਹੀਦ ਭਗਤ ਸਿੰਘ ਨਗਰ ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ 21 ਨਵੰਬਰ ਨੂੰ ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਨੇ ਦੱਸਿਆ ਕਿ ਇਹ ਵਿਸ਼ੇਸ਼ ਲੋਕ ਅਦਾਲਤ ਜ਼ਿਲ੍ਹਾ ਕੋਰਟ ਕੰਪਲੈਕਸ ਸ਼ਹੀਦ ਭਗਤ ਸਿੰਘ ਨਗਰ ਅਤੇ ਸਬ-ਡਵੀਜ਼ਨਲ ਕੋਰਟ ਬਲਾਚੌਰ ਵਿਖੇ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਲੋਕ ਅਦਾਲਤ ਦਾ ਮੁੱਖ ਉਦੇਸ਼ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਅਧੀਨ ਆਉਂਦੇ ਚੈੱਕ ਬਾਊਂਸ ਦੇ ਕੇਸਾਂ ਦਾ ਆਪਸੀ ਸਹਿਮਤੀ ਅਤੇ ਸਮਝੌਤੇ ਰਾਹੀਂ ਨਿਪਟਾਰਾ ਕਰਨਾ ਹੈ। ਲੋਕ ਅਦਾਲਤਾਂ ਰਾਹੀਂ ਕੇਸਾਂ ਦਾ ਨਿਪਟਾਰਾ ਹੋਣ ਨਾਲ ਜਿੱਥੇ ਲੋਕਾਂ ਨੂੰ ਲੰਬੀ ਕਾਨੂੰਨੀ ਪ੍ਰਕਿਰਿਆ ਤੋਂ ਰਾਹਤ ਮਿਲਦੀ ਹੈ, ਉੱਥੇ ਹੀ ਸਮੇਂ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਸਬੰਧਤ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਚੈੱਕ ਬਾਊਂਸ ਨਾਲ ਸਬੰਧਤ ਕੇਸਾਂ ਦਾ ਸੁਖਾਵੇਂ ਢੰਗ ਨਾਲ ਨਿਪਟਾਰਾ ਕਰਵਾਉਣ ਲਈ ਇਸ ਵਿਸ਼ੇਸ਼ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਲੋਕ ਅਦਾਲਤ ਵਿੱਚ ਆਪਣਾ ਕੇਸ ਲਗਵਾਉਣ ਸਬੰਧੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸੰਪਰਕ ਕਰ ਸਕਦਾ ਹੈ।

# ਹਾਈਵੇਅ 'ਤੇ ਬਣਿਆ ਖੱਡਾ ਦੇ ਰਿਹਾ ਹਾਦਸਿਆਂ ਨੂੰ ਸੱਦਾ

ਡੇਰਾ ਬੱਸੀ (ਵਿਨੈ ਕੁਮਾਰ ਜੈਨ)- ਅੰਬਾਲਾ-ਚੰਡੀਗੜ੍ਹ ਨੈਸ਼ਨਲ ਹਾਈਵੇਅ 'ਤੇ ਡੇਰਾਬੱਸੀ ਵਿਖੇ ਰਾਮਤਲਾਈ ਨੇੜੇ ਸੜਕ ਦੇ ਵਿਚਕਾਰ ਬਣਿਆ ਡੂੰਘਾ ਖੱਡਾ ਦੋ ਪਹੀਆ ਵਾਹਨ ਚਾਲਕਾਂ ਲਈ ਵੱਡਾ ਖ਼ਤਰਾ ਬਣਿਆ ਹੋਇਆ ਹੈ। ਇਸ ਖੱਡੇ ਕਾਰਨ ਇੱਕ ਐਕਟਿਵਾ ਸਵਾਰ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਦੀ ਸੱਜੀ ਬਾਂਹ ਅਤੇ ਮੋਢੇ ਵਿੱਚ ਫ੍ਰੈਕਚਰ ਆਇਆ ਹੈ। ਘਟਨਾ ਤੋਂ ਬਾਅਦ ਪੀੜਤ ਨੇ



ਨੈਸ਼ਨਲ ਹਾਈਵੇਅ ਅਥਾਰਟੀ ਅਤੇ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸੜਕ ਦੇ ਵਿਚਕਾਰ ਬਣਿਆ ਇਹ ਖੱਡਾ ਆਏ ਦਿਨ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ, ਪਰ ਇਸ ਦੇ ਬਾਵਜੂਦ ਇਸ ਦੀ ਮੁਰੰਮਤ ਨਹੀਂ ਕਰਵਾਈ ਜਾ ਰਹੀ। ਡਾ. ਅਸ਼ੋਕ ਕੁਮਾਰ ਨੇ ਸਬੰਧਤ ਵਿਭਾਗ ਤੋਂ ਤੁਰੰਤ ਖੱਡੇ ਦੀ ਮੁਰੰਮਤ ਕਰਵਾਉਣ ਅਤੇ ਹਾਈਵੇਅ 'ਤੇ ਵਾਹਨ ਚਾਲਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ।

# ਪਟਾਕਿਆਂ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਮੰਗ

ਅਲਾਵਲਪੁਰ (ਮਦਨ ਬੰਗੜ)-ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਸੋਸਾਇਟੀ ਸਿਕੰਦਰਪੁਰ-ਅਲਾਵਲਪੁਰ ਵੱਲੋਂ ਵਾਤਾਵਰਨ ਦੀ ਸੰਭਾਲ ਲਈ ਸਰਕਾਰ ਅਤੇ ਪ੍ਰਸ਼ਾਸਨ ਤੋਂ ਪਟਾਕਿਆਂ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ। ਸੋਸਾਇਟੀ ਦੇ ਨੁਮਾਇੰਦਿਆਂ ਨੇ ਕਿਹਾ ਕਿ ਪਟਾਕਿਆਂ ਤੋਂ ਨਿਕਲਣ ਵਾਲਾ ਧੂੰਆਂ ਵਾਤਾਵਰਨ ਨੂੰ ਦੂਸ਼ਿਤ ਕਰਨ ਦੇ ਨਾਲ-ਨਾਲ ਮਨੁੱਖੀ ਸਿਹਤ ਲਈ ਵੀ ਨੁਕਸਾਨਦੇਹ ਹੈ। ਇਸ ਤੋਂ ਇਲਾਵਾ ਪਟਾਕਿਆਂ ਦੀ ਤੇਜ਼ ਆਵਾਜ਼ ਕਾਰਨ ਬਜ਼ੁਰਗਾਂ, ਬੱਚਿਆਂ, ਬਿਮਾਰ ਵਿਅਕਤੀਆਂ ਅਤੇ ਪਸ਼ੂ-ਪੰਛੀਆਂ ਨੂੰ ਵੀ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸੋਸਾਇਟੀ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਪਟਾਕਿਆਂ ਦੀ ਵਿਕਰੀ ਅਤੇ ਵਰਤੋਂ 'ਤੇ ਮੁਕੰਮਲ ਪਾਬੰਦੀ ਲਗਾਉਣ ਲਈ ਠੋਸ ਕਦਮ ਚੁੱਕੇ ਜਾਣ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਵਾਤਾਵਰਨ ਮਿਲ ਸਕੇ।

## Change of Name

I Lakhwinder Kaur W/o Balwinderjit Singh Bhinder R/o 1215,Guru Nanak Colony Gali No.2 Jalandhar Road, Batala, Distt. Gurdaspur. Declare that I have changed my name Lakhwinder Kaur to Lakhwinder Kaur Bhinder and also my DOB wrongly enter some document 6-4-1965 But correct & actually DOB is 6-4-1964. Please concerned note.

I Balwinderjit Singh W/o Bahadur Singh Bhinder R/o 1215,Guru Nanak Colony Gali No.2 Jalandhar Road, Batala, Distt. Gurdaspur. I have changed my name Balwinderjit Singh to Balwinderjit Singh Bhinder. Please concerned note.

I, Muskan D/o Jasvir Singh R/o Village Saido Patti, Saido Patti, PO Bassi Kalan, Distt. Hoshiarpur 146102 Punjab have changed my name from Muskan to Muskan Kaur. Kaur is my surname. Concerned note.

I,Pawan Kumar Sharma S/O Inder Pal Sharma R/O S-1934,Near Railway Crossing,Verka,Amritsar,Punjab have changed my name from Pawan Kumar Sharma to Pawan Kumar .m Change of Name

I, Aditya S/o Vikas Narang R/o H. No. 11/A, Ashok Vihar, Nakoder,Punjab declare that I have changed my name from Adity to Aditya Narang. Please note. Concerned note.

I,Veena Sharma W/O Pawan Kumar R/O Near Railway Crossing, Verka, Amritsar, Punjab have changed my name from Veena Sharma to Veena . Concerned note.

I, Jatinder Kaur W/o Pardeep Singh R/o VPO Bhangali Kalan, Block Majitha, Amritsar have declare that Jatinder is my Given name and Kaur is my Surname

I, Monica W/o Sukhwinder Singh R/o H.No. 573, Thakur Ji Estate, (Main Lane) VPO Nangli Fatehgarh Churian Road, District Amritsar Punjab-143001 have changed my name from Monica to Monica Dua

I, Meena Kumari W/o Krishan Lal, R/o H.No. 16, Gali No. 10, Shaheed Babu Labh Singh Nagar, Jalandhar have changed my name from Bimala Kumari to Meena Kumari. All concerned may note.

I, Pushpa Azad D/o Raghbir Singh Dadwal R/o 231-A, VPO. Khusropur, Distt. Jalandhar, Punjab-144024 have changed my name to Pushpa Azad D/o Raghbir Singh Dadhwal. All concerned please note.

I, Pushpa Azad W/o Balbir Singh Azad R/o VPO. Khusropur, Distt. Jalandhar, Punjab-144024 have changed my name to Pushpa Azad W/o Balbir Singh. All concerned please note.

I, Karan Singh S/o Gian Singh residing at VPO. Umarpur, Tehsil Mukerian, Distt. Hoshiarpur, Punjab declare that my younger brother have changed name Kewal Singh to Kewal Salaria Attri (Gotar).

I, hitherto known as Davinder Kaur W/o Dilbag Singh residing at Patti Sarak, VPO. Bhagowal, District Gurdaspur, Punjab-143511 have changed my name and shall hereafter be known as Dalwinder Kaur.

I, Gurkirat Singh S/o Sarb Krishan Singh R/o Vill. Dhadiala, PO. Tanda, Teh. Dasuya, Distt. Hoshiarpur, Punjab 144203 Have Changed my name and shall hereafter be Known as Singh Gurkirat.

I, Navjot s/o Mangi Ram r/o Kala Sanghian Road, Pind Kot Sadiq, Jalandhar have changed my name from Navjot to Navjot Banger. All Please Note.

## Change of Name

I, Raj S/o Kharaiti Lal R/o H.No. 75/A, Near Danishmanda, Green Velley, Po. Basti Guzan, Distt. Jalandhar, Punjab have changed my name from Raj to Raj Kumar. All Please Note.

I, Balwinder Singh s/o Chanan Singh r/o Mohan Vihar, VPO.Ladhewali, Distt. Jalandhar, Punjab have changed my name from Balwinder Singh to Balwinder Singh Saini. All Please Note.

I, Amarjeet Kaur w/o Balwinder Singh Saini r/o Mohan Vihar, VPO. Ladhewali, Distt. Jalandhar, Punjab have changed my name from Amarjeet Kaur to Amarjeet Kaur Saini. All Please Note.

I, Ranjit Singh s/o Amarjit Singh r/o Village Kotla Jangan, Po. Gohir, Distt. Jalandhar, Punjab have changed my Given name as Ranjit & Surname as Singh. All Please Note.

I, Renu w/o Rajinder Kumar r/o Vill. Lallian Khurd, Po. Lambra, Distt. Jalandhar, Punjab, India have changed my name to Given name as Renu & Surname as Renu. All Please Note.

I, Shruti d/o Rakesh Kumar r/o Vill. Begumpura, Po. Patara, Distt. Jalandhar-144101, Punjab have changed my name to Shruti Arya (Surname as Arya) All Please Note.

I, Baldev Singh s/o Sarwan Dass r/o Vill. Mehsampur, Po. Kot Badal Khan, Tehsil Nakodar, Distt.Jalandhar, Punjab have changed my son his name from Jaskarnpreet to Jaskarnpreet Jaskarnpreet.

## REQUIRMENTS

KCL Institute of Laws,Jalandhar invites online applications for Assistant Professors Law 06 , Political Science 01 and Commerce 01 on regular basis (Un-aided) https://kcllaw.ac.in/jobs.php. Qualifications and Grade as UGC/BCI/Punjab Govt./GNDU norms. Reservation Policy as Punjab Govt. rules. Candidates must submit online application within 15 days from the advertisement and fill the Score Card Proforma ( Annexure-IV) available on CDC Portal www.gndu.ac.in and submit it along with application.0181-2233330 Principal

## PUBLIC NOTICE

We, Davinder Singh S/o Late S. Harbans Singh and Manjeet Kaur W/o S. Davinder Singh both R/o H.No.109/7, Deol Nagar, Jalandhar declare that our son Gurwinder Singh @ Mannu & his wife Manpreet Kaur are out of our control. We disinherit them from our moveable and immovable properties. We and our family shall not be held responsible for any of their acts, deeds and things. All please note.

## ਆਮ ਸੂਚਨਾ

ਮੈਂ, ਹਰਪ੍ਰੀਤ ਕੌਰ ਉਰਫ ਜਸਵਿੰਦਰ ਕੌਰ ਪਤਨੀ ਗੁਰਮੀਤ ਸਿੰਘ (ਪੁੱਤਰੀ ਲੇਟ ਹਜ਼ਾਰਾ ਸਿੰਘ) ਵਾਸੀ ਪਿੰਡ ਦੀਵਾਲੀ, ਡਾਕ. ਜਮਸ਼ੇਰ, ਤਹਿ. ਵਾ ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਵਿਆਹ ਤੋਂ ਪਹਿਲਾਂ ਨਾਂਅ ਜਸਵਿੰਦਰ ਕੌਰ ਸੀ ਅਤੇ ਵਿਆਹ ਤੋਂ ਬਾਅਦ ਮੈਂ ਆਪਣਾ ਨਾਂਅ ਬਦਲ ਕੇ ਹਰਪ੍ਰੀਤ ਕੌਰ ਰੱਖ ਲਿਆ ਹੈ। ਹਰਪ੍ਰੀਤ ਕੌਰ ਅਤੇ ਜਸਵਿੰਦਰ ਕੌਰ ਇਕ ਹੀ ਔਰਤ ਦਾ ਨਾਂਅ ਹੈ ਅਤੇ ਮੈਨੂੰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਮੈਂ, ਸੁੱਚਾ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਗਿੱਲ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੁਖਵਿੰਦਰ ਸਿੰਘ ਅਤੇ ਮੇਰੀ ਨੂੰਹ ਹਰਦੀਪ ਕੌਰ ਪਤਨੀ ਸੁਖਵਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਸੰਨ 2024 ਨੂੰ ਅਖ਼ਬਾਰ ਇਸ਼ਤਿਹਾਰ ਰਾਹੀਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਅਤੇ ਮੇਰੀ ਨੂੰਹ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਆਪਣੀ ਬੇਦਖਲੀ ਵਾਪਿਸ ਲੈਂਦਾ ਹਾਂ ਅਤੇ ਹੁਣ ਮੇਰਾ ਲੜਕਾ ਵਾ ਮੇਰੀ ਨੂੰਹ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਹੱਕਦਾਰ ਹੋਣਗੇ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਗੁਰਦੇਵ ਸਿੰਘ ਪੁੱਤਰ ਕਰਮ ਸਿੰਘ, ਵਾਸੀ ਖੱਬੇ ਰਾਜਪੂਤਾਂ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਜੋਗਰਾਜ ਸਿੰਘ ਉਰਫ ਜੋਗਾ, ਨੂੰਹ ਪਰਵੀਨ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਗੁਰਬਚਨ ਕੌਰ ਪਤਨੀ ਹਰਬੰਸ ਸਿੰਘ, ਵਾਸੀ ਠੱਠੀਆਂ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੀ ਨੂੰਹ ਮਨਪ੍ਰੀਤ ਕੌਰ ਵਿਧਵਾ ਜੋਗਾ ਸਿੰਘ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਜਸਵੀਰ ਸਿੰਘ ਪੁੱਤਰ ਸਰਵਣ ਦਾਸ ਵਾਸੀ ਪਿੰਡ ਤੇ ਡਾਕਖਾਨਾ ਟੋਡਰਪੁਰ ਤਹਿਸੀਲ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾਂ ਹਾਂ ਕਿ ਮੇਰਾ ਲੜਕਾ ਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਉਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ। ਉਹ ਆਪਣੇ ਕੀਤੇ ਚੰਗੇ ਮਾੜੇ ਕੰਮ ਦਾ ਖੁਦ ਜੁੰਮੇਵਾਰ ਹੋਵੇਗਾ। ਮੇਰੀ ਜਾ ਮੇਰੇ ਪਰਿਵਾਰ ਦੀ ਕੋਈ ਜੁੰਮੇਵਾਰੀ ਨਹੀ ਹੋਵੇਗੀ।

ਮੈਂ, ਬੂਟਾ ਸਿੰਘ ਪੁੱਤਰ ਹਰਦੇਵ ਸਿੰਘ, ਪਿੰਡ ਘਨੌਰੀ ਕਲਾਂ (ਸੰਗਰੂਰ) ਆਪਣੀ ਲੜਕੀ ਸਹਿਜਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁਦ ਜ਼ਿੰਮੇਵਾਰ ਹੋਣਗੇ।

ਮੈਂ, ਬੂਟਾ ਸਿੰਘ ਪੁੱਤਰ ਸ੍ਰੀ ਹਰਦੇਵ ਸਿੰਘ ਵਾਸੀ ਪਿੰਡ ਘਨੌਰੀ ਕਲਾਂ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸਹਿਜਪ੍ਰੀਤ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕਰਮ ਸਿੰਘ ਪੁੱਤਰ ਭਗਤ ਸਿੰਘ ਵਾਸੀ ਭਿੰਡਰ ਰੋਡ, ਪਿੰਡ ਜਲਾਲਾਬਾਦ, ਜਲਾਲਾਬਾਦ ਈਸਟ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਵਾ ਉਸ ਦੀ ਪਤਨੀ ਸਰਬਜੀਤ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਹਿਤੇਸ਼ ਮਲਹੋਤਰਾ ਪੁੱਤਰ ਓਮ ਪ੍ਰਕਾਸ਼ ਮਲਹੋਤਰਾ ਅਤੇ ਸਾਕਸ਼ੀ ਮਲਹੋਤਰਾ ਪਤਨੀ ਹਿਤੇਸ਼ ਮਲਹੋਤਰਾ ਵਾਸੀ ਮਕਾਨ ਨੰ: 11/1-ਏ, ਪ੍ਰੀਤ ਨਗਰ ਲਾਡੋਵਾਲੀ ਰੋਡ , ਜਲੰਧਰ ਸਿਟੀ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਹਿਜ ਮਲਹੋਤਰਾ, ਜੋ ਕੈਨੇਡਾ 'ਚ ਰਹਿ ਰਿਹਾ ਹੈ, ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਨਰੇਸ਼ ਕੁਮਾਰ ਪੁੱਤਰ ਪ੍ਰਕਾਸ਼ ਸਿੰਘ ਵਾਸੀ ਨੇੜੇ ਸਕੂਲ ਨੰਦੂ ਪੱਤੀ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਵਿੰਦਰ ਕੁਮਾਰ ਅਤੇ ਨੂੰਹ ਨੈਨਸੀ ਵਰਮਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ।

ਮੈਂ, ਅਮਰੀਕ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਮਕਾਨ ਨੰਬਰ 7, ਵਾਰਡ ਨੰਬਰ 38, ਗਲੀ ਜਾਮੁਨ ਵਾਲੀ, ਆਬਾਦੀ ਕੋਟ ਪਾਲਾ ਸਿੰਘ, ਤਰਨ ਤਾਰਨ ਰੋਡ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ, ਨੂੰਹ ਸੁਮਨਦੀਪ ਕੌਰ, ਪੋਤਰੀਆਂ ਪਵਨੀਤ ਕੌਰ, ਗੁਰਨੀਤ ਕੌਰ ਅਤੇ ਪੋਤਰਾ ਫਤਹਿਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ ਸੁਰਿੰਦਰ ਕੁਮਾਰ ਪੁੱਤਰ ਉਮ ਪ੍ਰਕਾਸ਼ ਵਾਸੀ ਮਕਾਨ ਨੰਬਰ 25/369, ਪੰਡਿਤ ਮੋਤੀ ਲਾਲ ਮਾਰਕੀਟ, ਪੁਰਾਣੀ ਸਬਜੀ ਮੰਡੀ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਸ਼ਿਲਪਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਉਸ ਨੇ ਆਪਣੀ ਮਰਜ਼ੀ ਨਾਲ ਸਾਹਿਲ ਨਾਲ ਸ਼ਾਦੀ ਕਰਵਾਈ ਹੈ। ਮੈਂ ਸ਼ਿਲਪਾ ਪਤਨੀ ਸਾਹਿਲ ਨੂੰ ਆਪਣੀ ਚੁਕਵੀ ਅਣਚੁਕਵੀ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਇਹਨਾਂ ਦੀ ਕਿਸੇ ਕਥਨੀ ਕਰਨੀ ਅਤੇ ਲੈਣ ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

ਮੈ, ਹਰਦੀਪ ਕੌਰ ਪਤਨੀ ਕਸ਼ਮੀਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਖਸੂਸਪੁਰ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ, ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਅਮ੍ਰਿਤਪਾਲ ਸਿੰਘ ਨੂੰ ਕਹਿਣੇਕਾਰ ਵਿਚ ਨਾ ਹੋਣ ਕਰਕੇ ਅਖਬਾਰ ਰਾਹੀ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਅਮ੍ਰਿਤਪਾਲ ਸਿੰਘ ਮੇਰੇ ਕਹਿਣੇਕਾਰ ਵਿਚ ਹੈ ਅਤੇ ਮੇਰਾ ਧਿਆਨ ਰੱਖਦਾ ਹੈ ਇਸ ਲਈ ਮੈਂ ਆਪਣੀ ਪੁਰੀ ਹੋਸ਼ ਹਵਾਸ ਵਿਚ ਅਤੇ ਬਿਨਾਂ ਕਿਸੇ ਦਬ-ਦਬਾਅ ਤੋਂ ਦਿਤੀ ਗਈ ਬੇਦਖਲੀ ਵਾਪਸ ਲੈਂਦੀ ਹਾਂ। ਮੇਰਾ ਲੜਕਾ ਅਮ੍ਰਿਤਪਾਲ ਸਿੰਘ ਮੇਰੀ ਹਰ ਤਰਾਂ ਦੀ ਚਲ-ਅਚਲ ਜਾਇਦਾਦ ਵਿਚ ਬਰਾਬਰ ਦਾ ਹਿਸੇਦਾਰ ਹੋਵੇਗਾ । ਸਾਰੇ ਸਬੰਧਤ ਨੋਟ ਕਰਨ ।

## ਨਾਂਅ ਦੀ ਬਦਲੀ

ਮੈਂ, ਪਤਰਸ ਪੁੱਤਰ ਯੂਨਸ ਵਾਸੀ ਪਿੰਡ ਮਨਸੂਰ, ਡਾਕਖਾਨਾ, ਸ਼ਾਹਜ਼ਾਦਾ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਨੇ ਆਪਣੀ ਨਾਂਅ ਪਤਰਸ ਤੋਂ ਬਦਲ ਕੇ ਬੰਟੀ ਲਿਓ ਗਿੱਲ (Bunty Leo Gill) ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਰੋਸ਼ਨ ਲਾਲ ਪੁੱਤਰ ਸ੍ਰੀ ਉਜਾਗਰ ਸਿੰਘ ਵਾਸੀ ਮਕਾਨ ਨੰ ਵਾਰਡ ਨੰ: 11, ਬੈਂਕ ਕਲੋਨੀ ਕੁਰਾਲੀ, ਤਹਿਸੀਲ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ, ਮੋਹਾਲੀ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਮ ਰੋਸ਼ਨ ਲਾਲ ਤੋਂ ਬਦਲ ਕੇ ਰੋਸ਼ਨ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਸੀਮਾ ਅਰੋੜਾ ਪਤਨੀ ਸੁਧੀਰ ਕੁਮਾਰ ਅਤੇ ਸੁਧੀਰ ਕੁਮਾਰ ਪੁੱਤਰ ਮੁਲਖ ਰਾਜ ਵਾਸੀਆਨ 88, ਓਲਡ ਫਗਵਾੜਾ ਰੋਡ, ਰੋਇਲ ਅਸਟੇਟ, ਨੰਗਲ ਕਰਾਰ ਖਾਂ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਆਸ਼ੀਸ਼ ਅਰੋੜਾ ਅਤੇ ਉਸਦੀ ਪਤਨੀ ਮਾਨਸੀ ਖੈਰਾ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਗੀਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਮਕਾਨ ਨੰਬਰ 1183/ਏ, ਨਰਾਇਣ ਨਗਰ, ਜਲੰਧਰ ਰੋਡ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਕੰਵਰ ਗੁੱਲਸ਼ਾਦ ਸਿੰਘ ਅਤੇ ਨੂੰਹ ਹਰਲੀਨ ਕੌਰ ਅਤੇ 2 ਪੋਤਰੀਆਂ ਜੈਨੂਰ ਕੌਰ ਅਤੇ ਇਨਾਇਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਮੋਹਮਦ ਜਹਾਂਗੀਰ ਪੁੱਤਰ ਸਗੀਰ ਅਹਿਮਦ ਅਤੇ ਜੀਨਤ ਪਰਵੀਨ ਪਤਨੀ ਮੋਹਮਦ ਜਹਾਂਗੀਰ ਵਾਸੀਆਨ ਮਕਾਨ ਨੰਬਰ 463, ਅਬਾਦੀ ਸੰਤ ਨਗਰ ਵੇਰਕਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੋਹਮਦ ਮੁਨੀਰ ਅਤੇ ਉਸ ਦੀ ਪਤਨੀ ਮਾਹੇ ਇਸ਼ਰਤ ਜਿਨ੍ਹਾਂ ਦਾ ਵਿਹਾਰ ਚੰਗਾ ਨਹੀਂ ਹੈ, ਸਾਨੂੰ ਅਤੇ ਸਾਡੇ ਦੂਸਰੇ ਲੜਕੇ ਮੋਹਮਦ ਮੁਨਸ਼ੀਰ ਨੂੰ ਹਰ ਵੇਲੇ ਗਾਲੀ-ਗਲੋਚ ਅਤੇ ਲੜਾਈ-ਝਗੜਾ ਕਰਦੇ ਰਹਿੰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੀਤ ਕੌਰ ਪੁੱਤਰੀ ਲੇਟ ਸੁਖਵਿੰਦਰ ਸਿੰਘ ਵਾਸੀ 7, ਗਲੀ ਨੰ: 5, ਕੋਟ ਮਿੱਤ ਸਿੰਘ, ਤਰਨ ਤਾਰਨ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਅਸੀਂ ਮਹਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਅਤੇ ਪਰਮਜੀਤ ਕੌਰ ਪਤਨੀ ਮਹਿੰਦਰ ਸਿੰਘ ਵਾਸੀਆਨ ਟਵਿੰਕਲ ਸਟਾਰ ਸਕੂਲ, ਮਕਾਨ ਨੰਬਰ ਡੀ-3/1828, ਗਲੀ ਨੰਬਰ 10, ਰਾਮ ਨਗਰ ਕਾਲੋਨੀ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਰਿੰਦਰਪਾਲ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਸ ਵਿਚ ਲੜਦੇ-ਝਗੜਦੇ ਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਅਤੇ ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਪਰਮਜੀਤ ਕੌਰ ਪਤਨੀ ਸਤਨਾਮ ਸਿੰਘ ਵਾਸੀ 1346/7, ਗਲੀ ਖਰਾਦਿਆਂ ਵਾਲੀ, ਚੌਕ ਜੈ ਸਿੰਘ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਪਾਲ ਸਿੰਘ ਉਰਫ ਭਾਲਾ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਤੰਗ-ਪ੍ਰੇਸ਼ਾਨ ਅਤੇ ਲੜਾਈ-ਝਗੜਾ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਉਂਕਾਰ ਸਿੰਘ ਪੁੱਤਰ ਲੇਟ ਅਮਰੀਕ ਸਿੰਘ ਵਾਸੀ ਮਕਾਨ ਨੰ. 603, ਕਰੋਲ ਬਾਗ, ਡਾਕਖਾਨਾ ਚੁਗਿੱਟੀ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਿੰਦਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

(U/o 5 Rule 20 CPC)
In the Court of Maitri Kakkar
Civil Judge (Junior Division), Kharar
CS/161/2024
CNR No. PBSAA0-001555-2026
Next Date:- 17-11-2026
Rajesh Chauhan
Vs.
Yuvraj Choudhari

Publication Issued To:

1. Yuvraj Choudhari, Director Teramax Ind. Pvt. Ltd Regd. Office at 201, Aurum Avenue, Baner Balewadi High Street Near Siemens Company Baner Pune Maharastra. 2nd Address-Banglow No. 3, Sehaj Lane No. 1, Veer Bhadhar Nagar Bidvewadi PS City Pune, Maharastra-411045.
2. Teramax Ind. Pvt. Ltd. Through its Director office at 201, Aurum Avenue, Baner Balewadi High Street Near Siemens Company Baner Pune Maharastra

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 17-11-2026 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division) Kharar
Dated, this day of 30-10-2026

## COURT NOTICE

(U/o 5 Rule 20 CPC)
In the Court of
Ms. Simranpreet Kaur
Civil Judge Junior Division - 5, Rajpura
CNR No. PBPTA0-000848-2025
Next Date:- 16-11-2026
State Bank Of India
Vs.
Amarjit Kaur
Suit For Recovery

Publication Issued To:
Amarjit Kaur Wife of Gurmeet Singh, R/O Village Bhateri, Tehsil Rajpura, District Patiala

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 16-11-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 5 Rajpura
Dated, this day of 30-10-2026

## COURT NOTICE

In The Court of 3rd Motor Accident Claims Tribunal Auxi.
Bardoli Distt-Surat State- Gujarat
Motor Accident Claim Case Petition No. 09/2024
Fixed On Date:-24-12-2026
Applicant : Sharda Birbal Yadav
VERSUS
Respondent : (1) Jagdishraj Jogindar Pal, Add.- C/o Basi Bahiladpur, Thana-Kanma, Post- Chashma, Distt.- Pathankot, Punjab-145025
(2) S.S. Goel Buildcon, PVT. LTD, HJ-530, Housing Board, Colony, Bhai-Randhir Singh Nagar, Distt. Ludhiana, Punjab-141012.

Public Notice :

The aforesaid Respondent No.1 and 2 is hereby informed that the above said Applicant have file this case against you, under Sec.166 of Motor Vehicles Act, 1939 for recovery of compensation to the fine of Rs. 30,00,000/- You are therefore hereby informed to remain present in person in this Tribunal on Date:- 24/12/2026 at 10-30 A.M. for filing your reply of the Claim. You are also hereby informed to remain present on this date with all your written documents upon which you rely.

You are hereby given this notice that if you will not remain present on the above said date, the matter will be heard and decided in your absence.

GIVEN under my hand and the seal of the court, this 22th day of October, 2026.

| Prepared by | Compared by | By Order |
|---|---|---|
| (P.D.Parmar) | (V.H.Bhavsar) | I/C Registrar |
| Assistant | Superintendent. | M.A.C.T.(Auxi) Branch |
| | | Bardoli, Distt. Surat Gujarat |

## CRIMINAL COURTS JALANDHAR

In The Court Of Sh. Pawanpreet Singh
Judicial Magistrate First Class Jalandhar

Next Date, Purpose of case, Orders and Judgments as well as other case information is available on http://ecourts.gov.in

Case No. : NACT/2342/2025
Amrit Malwa Capital Ltd. Vs Lovepreet Singh
Police Station/Fir No. Division 6//0
PBJL03-007071-2025, NEXT DATE : 18-11-2026
138, of Negotiable Instruments Act

Proclamation Requiring The Appearance of a Person Accused

Detail Of Offence:-

Notice To :

Lovepreet Singh S/o Chagar Singh R/o Ward No. 7, Talwandi Bhai, Ferozepur, Punjab, 142050

Whereas Complaint/Case Has Been Made Before Me That Lovepreet Singh S/o Chagar Singh R/o Ward No. 7, Talwandi Bhai, Ferozepur, Punjab, 142050 has committed (or is suspected to have committed) the offence punishable under section 138, of Negotiable Instruments Act and it has been returned to a warrant of arrest thereupon issued that the said LOVEPREET SINGH cannot be found, and whereas it has been shown to my satisfaction that the said LOVEPREET SINGH has absconded (or is concealing himself/herself to avoid the service of the said warrant); Proclamation is hereby made that the said LOVEPREET SINGH is required to appear before this Court (or before me) on 18-11-2026 to answer the said complaint/case.

Judicial Magistrate First Class Jalandhar
Dated, this day of 15-10-2026.

YES BANK

Registered Office: Yes Bank House, Western Express Highway, Santacruz (E), Mumbai, 400 055
AlsoAt:- Yes Bank Ltd., Ground Floor, B-XX 2427-928 Govind Nagar Firozpur Road Ludhiana 141007
Email: comminications@yesbank.in, CIN: L65190MH2003PLC143249 Website: www.yesbank.in

## [(ਰੂਲ-8 (1)] ਕਬਜ਼ਾ ਨੋਟਿਸ

ਜਦੋਂਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਨੂੰ ਹੇਠਾਂ ਦਿੱਤੇ ਖਾਤਿਆਂ 'ਚ ਹੇਠਾਂ ਵਰਣਿਤ ਰਕਮ ਅਤੇ ਇਸ ਉਪਰ ਵਿਆਜ ਸੈਕਸ਼ਨ 13(2) ਤਹਿਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਸੰਬੰਧਤ ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਸੰਬੰਧਤ ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਠੇਕਾ ਦਰ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰਾਂ, ਸਹਿ-ਕਰਜ਼ਦਾਰ ਅਤੇ ਰਹਿਣਕਾਰ ਦਾ ਨਾਂਅ | | ਅਚੱਲ ਜਾਇਦਾਦ ਦਾ ਵੇਰਵਾ |
|---|---|---|
| (1) ਹਰਵਿੰਦਰ ਸਿੰਘ ਪੁੱਤਰ ਸਵਰਨ ਸਿੰਘ (ਕਰਜ਼ਦਾਰ) ਪਤਾ : ਵਾਸੀ ਵਾਰਡ #12, ਮੁਹੱਲਾ ਅਜ਼ਾਦ ਨਗਰ ਸ਼ਾਹਕੋਟ, ਜਲੰਧਰ, ਪੰਜਾਬ-144702 (2) ਸਵਰਨ ਸਿੰਘ ਪੁੱਤਰ ਗੁਰਬਚਨ ਸਿੰਘ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਪਤਾ : ਵਾਸੀ ਵਾਰਡ #12, ਮੁਹੱਲਾ ਅਜ਼ਾਦ ਨਗਰ, ਸ਼ਾਹਕੋਟ, ਜਲੰਧਰ, ਪੰਜਾਬ-144702 (3) ਸ੍ਰੀਮਤੀ ਕੁਲਵਿੰਦਰ ਕੌਰ ਪੁੱਤਰੀ ਮਹਿੰਦਰ ਸਿੰਘ (ਗਰੰਟਰ) ਵਾਸੀ ਮਕਾਨ ਨੰ. 2751, ਮੁਹੱਲਾ ਅਜ਼ਾਦ ਨਗਰ, ਸੈਦਪੁਰ ਰੋਡ, ਸ਼ਾਹਕੋਟ, ਜਲੰਧਰ-144702 (ਗਰੰਟਰ) ਖਾਤਾ ਨੰ. ਐੱਮ ਆਈ ਸੀ 007101307386 | | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਰਕਬਾ 1 ਮਰਲਾ 3 ਸਰਸਾਈ, ਖਸਰਾ #31//1/1/2/2 ਡੇਰੀਆਂ ਨਕੋਦਰ ਵਿਖੇ ਸਥਿਤ ਤਹਿਸੀਲ ਤੇ ਜ਼ਿਲ੍ਹਾ ਜਲੰਧਰ-144702 ਪੂਰਬ : ਖਾਲੀ ਰੋਡ, ਪੱਛਮ : ਰਸਤਾ, ਉੱਤਰ : ਸਰੂਪ ਸਿੰਘ, ਦੱਖਣ : ਰਾਜਿੰਦਰ ਸਿੰਘ। ਰਹਿਣਕਾਰ : ਸਵਰਨ ਸਿੰਘ ਪੁੱਤਰ ਗੁਰਬਚਨ ਸਿੰਘ |
| ਸੈਕਸ਼ਨ 13(2) ਅਧੀਨ ਨੋਟਿਸ ਦੀ ਮਿਤੀ 23.04.2026 | ਕਬਜ਼ੇ ਦੀ ਮਿਤੀ 28 ਅਕਤੂਬਰ 2026 | ਨੋਟਿਸ 'ਚ ਰਕਮ : 11.04.2026 ਨੂੰ ਰੁਪਏ 9,06,677.45/- (ਨੌ ਲੱਖ ਛੇ ਹਜ਼ਾਰ ਛੇ ਸੌ ਸਤੱਤਰ ਰੁਪਏ ਅਤੇ ਪੰਜਤਾਲੀ ਪੈਸੇ ਕੇਵਲ) |
| (1) ਸ੍ਰੀ ਅਨਿਲ ਕੁਮਾਰ ਪੁੱਤਰ ਅਮਰਜੀਤ ਕੁਮਾਰ ਵਾਸੀ ਪਿੰਡ ਖਰਲ ਕਲਾਂ, ਨੇੜੇ ਰਵਿਦਾਸ ਧਰਮਸ਼ਾਲਾ, ਜਲੰਧਰ-144201, ਪੰਜਾਬ, ਨਾਲ ਹੀ : ਦਫ਼ਤਰ ਘੁੰਮਣ ਮਾਰਕਿਟ ਨੇੜੇ ਅਧਾਰ ਮਾਲ ਭੋਗਪੁਰ, ਜਲੰਧਰ, ਪੰਜਾਬ-144201 (ਕਰਜ਼ਦਾਰ ਅਤੇ ਰਹਿਣਕਾਰ) (2) ਸ੍ਰੀਮਤੀ ਰੇਸ਼ਮ ਕੌਰ ਪਤਨੀ ਅਨਿਲ ਕੁਮਾਰ ਵਾਸੀ ਪਿੰਡ ਖਰਲ ਕਲਾਂ, ਨੇੜੇ ਰਵਿਦਾਸ ਧਰਮਸ਼ਾਲਾ, ਜਲੰਧਰ, ਪੰਜਾਬ-144201 ("ਸਹਿ-ਕਰਜ਼ਦਾਰ") ਖਾਤਾ ਨੰ. ਐੱਮ ਆਈ ਸੀ 007101249861 | | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਜੋ ਕਿ ਮਕਾਨ ਰਕਬਾ 7 ਮਰਲਾ, ਖੱਤਾ # 304/329, ਖਸਰਾ #13//3/1 (4-4), ਜਮ੍ਹਾਂਬੰਦੀ ਸਾਲ 2026-2027, ਪਿੰਡ ਖਰਲ ਕਲਾਂ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਜਲੰਧਰ। ਹੱਦਾਂ ਹੇਠ ਅਨੁਸਾਰ : ਪੂਰਬ : ਮਕਾਨ #346-ਸੀ ਗੋਬਿੰਦ ਰਾਮ, ਪੱਛਮ : ਮਕਾਨ # 346-ਏ, ਗੁਰਦਿੱਤ। ਰਹਿਣਕਾਰ : ਅਨਿਲ ਕੁਮਾਰ ਪੁੱਤਰ ਅਮਰਜੀਤ ਕੁਮਾਰ |
| ਸੈਕਸ਼ਨ 13(2) ਅਧੀਨ ਨੋਟਿਸ ਦੀ ਮਿਤੀ 04.08.2026 | ਕਬਜ਼ੇ ਦੀ ਮਿਤੀ 28 ਅਕਤੂਬਰ 2026 | ਨੋਟਿਸ 'ਚ ਰਕਮ : 30 ਜੁਲਾਈ 2026 ਨੂੰ ਰੁਪਏ 16,04,410.80/- (ਸੋਲਾਂ ਲੱਖ ਚਾਰ ਹਜ਼ਾਰ ਚਾਰ ਸੌ ਦਸ ਰੁਪਏ ਅਤੇ ਅੱਸੀ ਪੈਸੇ ਕੇਵਲ) |

ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਅਧੀਨ ਜੇਕਰ ਸਾਰੇ ਬਕਾਏ ਸਮੇਤ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਜਨਤਕ ਨਿਲਾਮੀ/ਵਿਕਰੀ ਲਈ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਜਮ੍ਹਾਂ ਕਰਵਾਏ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਦੀ ਵਿਕਰੀ ਨਹੀਂ ਕੀਤੀ ਜਾਵੇਗੀ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਸਾਡੇ ਵੱਲੋਂ ਉਸ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਦੀਲੀ ਲਈ ਹੋਰ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

ਮਿਤੀ : 31.10.2026 ਸਥਾਨ : ਜਲੰਧਰ    ਸਹੀ/- (ਅਧਿਕਾਰਤ ਅਫਸਰ) ਵਾਸਤੇ ਯੈੱਸ ਬੈਂਕ ਲਿਮਟਿਡ

# ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀ ਸਨਮਾਨਤ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਈ-ਸੇਵਾ ਪੋਰਟਲ 'ਤੇ ਲੰਬਿਤ ਅਰਜ਼ੀਆਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਅਤੇ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਨਮਾਨਤ ਕੀਤਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਬਿਹਤਰ ਸੇਵਾਵਾਂ ਸਮੇਂ ਸਿਰ ਮੁਹੱਈਆ ਕਰਵਾਉਣਾ ਜ਼ਿਲ੍ਹਾ ਪ੍ਰਸ਼ਾਸਨ ਦੀ ਪਹਿਲ ਹੈ ਅਤੇ ਇਸ ਦਿਸ਼ਾ ਵਿੱਚ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ ਕਿ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਈ-ਸੇਵਾ ਪੋਰਟਲ 'ਤੇ ਲੰਬਿਤ ਅਰਜ਼ੀਆਂ ਦੇ ਨਿਪਟਾਰੇ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ। ਇਸ ਮੁਹਿੰਮ ਤਹਿਤ 1 ਲੱਖ 22 ਹਜ਼ਾਰ ਤੋਂ ਵੱਧ ਲੰਬਿਤ ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ। ਇਸ ਪ੍ਰਭਾਵਸ਼ਾਲੀ ਕਾਰਵਾਈ ਦੇ ਨਤੀਜੇ ਵਜੋਂ ਈ-ਸੇਵਾ ਪੋਰਟਲ ਦੀ ਰੈਂਕਿੰਗ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਨੇ ਜ਼ਿਕਰਯੋਗ ਸੁਧਾਰ ਕਰਦਿਆਂ 18ਵੇਂ ਸਥਾਨ ਤੋਂ ਦੂਜਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮਿਹਨਤ, ਸਮਰਪਣ ਅਤੇ ਬਿਹਤਰ ਤਾਲਮੇਲ ਦਾ ਨਤੀਜਾ ਹੈ। ਉਨ੍ਹਾਂ ਸਾਰੇ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਭਵਿੱਖ ਵਿੱਚ ਵੀ ਇਸੇ ਲਗਨ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਆਸ਼ਿਕਾ ਜੈਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਨਵੇਂ ਸੇਵਾ ਪੋਰਟਲ 'ਤੇ ਵੀ ਅਰਜ਼ੀਆਂ ਦਾ ਨਿਪਟਾਰਾ ਈ-ਸੇਵਾ ਪੋਰਟਲ ਦੀ ਤਰਜ਼ 'ਤੇ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਇਆ ਜਾਵੇਗਾ। ਇਸ ਦਾ ਉਦੇਸ਼ ਲੋਕਾਂ ਨੂੰ ਸਰਕਾਰੀ ਸੇਵਾਵਾਂ ਸਰਲ, ਸੁਚਾਰੂ ਅਤੇ ਸਮਾਂਬੱਧ ਢੰਗ ਨਾਲ ਮੁਹੱਈਆ ਕਰਵਾਉਣਾ ਹੈ, ਤਾਂ ਜੋ ਉਨ੍ਹਾਂ ਨੂੰ ਆਪਣੇ ਕੰਮਾਂ ਲਈ ਬੇਲੋੜੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਕੈਪਟਨ ਗੁਰਪ੍ਰੀਤ ਕੌਰ ਪੀ ਸੀ ਐੱਸ, ਇਨੋਵੇਸ਼ਨ ਅਮਨਦੀਪ ਕੌਰ ਪੀ ਸੀ ਐੱਸ, ਜ਼ਿਲ੍ਹਾ ਆਈ ਟੀ ਮੈਨੇਜਰ ਕਰਮਜੀਤ ਸਿੰਘ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ ਨਰੇਸ਼ ਕੁਮਾਰ, ਤਹਿਸੀਲਦਾਰ ਹੁਸ਼ਿਆਰਪੁਰ ਮਨਦੀਪ ਸਿੰਘ, ਤਹਿਸੀਲਦਾਰ ਗੜ੍ਹਸ਼ੰਕਰ ਲਵਦੀਪ ਸਿੰਘ, ਨਾਇਬ ਤਹਿਸੀਲਦਾਰ ਹੁਸ਼ਿਆਰਪੁਰ ਕੁਲਵਿੰਦਰ ਸਿੰਘ, ਨਾਇਬ ਤਹਿਸੀਲਦਾਰ ਮੁਕੇਰੀਆਂ ਤਰਸੇਮ ਲਾਲ, ਤਹਿਸੀਲਦਾਰ ਦਫ਼ਤਰ ਹੁਸ਼ਿਆਰਪੁਰ ਤੋਂ ਕੁਲਦੀਪ ਸਿੰਘ, ਤਹਿਸੀਲਦਾਰ ਦਫ਼ਤਰ ਗੜ੍ਹਸ਼ੰਕਰ ਤੋਂ ਕੁਲਤਾਰ ਸਿੰਘ, ਪਟਵਾਰੀ ਅਮਨਦੀਪ ਸਿੰਘ ਅਤੇ ਮਨਪ੍ਰੀਤ ਸਿੰਘ ਅਤੇ ਸੀ ਐੱਸ ਓ ਮਨਦੀਪ ਕਮਲ ਸਮੇਤ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਸਿਵਲ ਸਰਜਨ ਦਫ਼ਤਰ ਤੋਂ ਕਪਿਲ ਕੁਮਾਰ, ਜ਼ਿਲ੍ਹਾ ਰਜਿਸਟਰਾਰ ਤੇਜਿੰਦਰ ਪਾਲ ਸਿੰਘ, ਸੁਪਰਡੈਂਟ ਸ਼ਹਿਰ ਅਤੇ ਮਨਦੀਪ ਪਾਲ ਨੂੰ ਵੀ ਲੰਬਿਤ ਅਰਜ਼ੀਆਂ ਦੇ ਨਿਪਟਾਰੇ ਵਿੱਚ ਬਿਹਤਰ ਕਾਰਗੁਜ਼ਾਰੀ ਦਿਖਾਉਣ ਲਈ ਸਨਮਾਨਤ ਕੀਤਾ ਗਿਆ।

# ਚੋਰੀ ਦੇ ਦੋ ਮੋਟਰਸਾਈਕਲਾਂ ਸਮੇਤ ਇੱਕ ਕਾਬੂ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਜ਼ਿਲ੍ਹਾ ਐਸ ਏ ਐਸ ਨਗਰ ਪੁਲਸ ਵੱਲੋਂ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਡੇਰਾਬੱਸੀ ਪੁਲਿਸ ਨੇ ਚੋਰੀ ਦੇ ਦੋ ਮੋਟਰਸਾਈਕਲਾਂ ਸਮੇਤ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦਿਆਂ ਉਪ ਕਪਤਾਨ ਪੁਲਿਸ (ਸਬ ਡਵੀਜ਼ਨ ਡੇਰਾਬੱਸੀ) ਰਾਜੇਸ਼ ਹਸਤੀਰ ਨੇ ਦੱਸਿਆ ਕਿ ਪੁਲਸ ਪਾਰਟੀ ਦੇ ਏ ਐਸ ਆਈ ਅਵਤਾਰ ਸਿੰਘ ਦੀ ਅਗਵਾਈ ਹੇਠ ਓਲਡ ਅੰਬਾਲਾ-ਕਾਲਕਾ ਰੋਡ 'ਤੇ ਘੱਗਰ ਪੁਲ ਮੁਬਾਰਿਕਪੁਰ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਚੈਕਿੰਗ ਵਾਲੀ ਪਾਸਿਓਂ ਆ ਰਹੇ ਇੱਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਜਦੋਂ ਪੜਤਾਲ ਕੀਤੀ ਗਈ ਤਾਂ ਉਸ ਪਾਸੋਂ ਚੋਰੀ ਦਾ ਇੱਕ ਮੋਟਰਸਾਈਕਲ ਬਰਾਮਦ ਹੋਇਆ। ਇਸ ਤੋਂ ਬਾਅਦ ਪੁਲਿਸ ਵੱਲੋਂ ਅਗਲੀ ਪੁੱਛਗਿੱਛ ਦੌਰਾਨ ਉਸ ਦੀ ਨਿਸ਼ਾਨਦੇਹੀ 'ਤੇ ਚੋਰੀ ਦਾ ਇੱਕ ਹੋਰ ਮੋਟਰਸਾਈਕਲ ਵੀ ਬਰਾਮਦ ਹੋਇਆ। ਦੋਸ਼ੀ ਦੀ ਪਛਾਣ ਮੁਹੱਲਾ, ਡੇਰਾਬੱਸੀ ਵਜੋਂ ਹੋਈ। ਪੁਲਸ ਵੱਲੋਂ ਮੁਲਜ਼ਮ ਦਾ ਅਦਾਲਤ ਤੋਂ ਰਿਮਾਂਡ ਹਾਸਲ ਕਰਕੇ ਕੀਤੀ ਗਈ ਪੁੱਛਗਿੱਛ ਦੌਰਾਨ ਉਸ ਦੀ ਨਿਸ਼ਾਨਦੇਹੀ 'ਤੇ ਚੋਰੀ ਕੀਤਾ ਗਿਆ ਇੱਕ ਹੋਰ ਮੋਟਰਸਾਈਕਲ (ਹੌਂਡਾ, ਰੰਗ ਕਾਲਾ) ਵੀ ਬਰਾਮਦ ਕੀਤਾ ਗਿਆ ਹੈ।

# ਸਰਕਲ ਸਟਾਈਲ ਕਬੱਡੀ ਦੀ ਸੁਧਾਰ ਪ੍ਰਕਿਰਿਆ ਸ਼ੁਰੂ

**ਜਲੰਧਰ (ਲਖਵਿੰਦਰ ਸਿੰਘ ਆਹੀ)**- ਸਰਕਲ ਸਟਾਈਲ ਕਬੱਡੀ ਨੂੰ ਹੋਰ ਰੌਚਕ ਬਣਾਉਣ ਅਤੇ ਕਬੱਡੀ ਖਿਡਾਰੀਆਂ ਨੂੰ ਖੇਡ ਵਿੱਚ ਸੱਟਾਂ ਫੇਟਾਂ ਤੋਂ ਬਚਾਉਣ ਲਈ ਪੁਰਾਣੇ ਵਾਰ ਵਿਚਾਰਾਂ ਵਾਲੇ ਨਿਯਮਾਂ ਨੂੰ ਸੋਧ ਕੇ ਸਪਸ਼ਟ ਫ਼ੈਸਲਿਆਂ ਵਾਲੇ ਨਵੀਂ ਰੂਲ ਬੁੱਕ ਤਿਆਰ ਕਰਨ ਲਈ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨ ਆਫ ਫੈਡਰੇਸ਼ਨਜ਼ ਐਂਡ ਐਸੋਸੀਏਸ਼ਨਜ਼ ਦੀ ਜਿਸ ਦੇ ਮੁਖੀ ਸ਼ੀਰਾ ਅਟਵਾਲ ਯੂ ਕੇ ਹਨ ਪਹਿਲਕਦਮੀ ਨਾਲ ਇੱਕ ਕਮੇਟੀ ਦੀ ਪਹਿਲੀ ਮੀਟਿੰਗ ਜਲੰਧਰ ਵਿਖੇ ਹੋਈ ਜਿਸ ਵਿੱਚ ਰੂਲ ਬੁੱਕ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸੰਬੰਧੀ ਫੈਡਰੇਸ਼ਨ ਦੇ ਆਗੂ ਜਸਵੰਤ ਵਿਰਲੀ ਨੇ ਕਿਹਾ ਕਿ ਇਸ ਕਮੇਟੀ ਵਿੱਚ ਕਬੱਡੀ ਕੋਚ ਸਰਦੂਲ ਸਿੰਘ ਰੰਧਾਵਾ, ਮੱਖਣ ਸਿੰਘ ਚੜਿੱਕ, ਪਰਮਜੀਤ ਸਿੰਘ ਪੰਮੀ, ਮਦਨ ਲਾਲ ਡਡਵਿੰਡੀ ਅਤੇ ਹਾਕਮ ਸਿੰਘ ਬਰਾੜ ਹੋਨਾ ਮੈਂਬਰਾਨ ਨੇ ਆਪਣੇ ਸੁਝਾਵਾਂ ਅਤੇ ਸੋਧਾਂ ਨੂੰ ਫਿਰਵਾ ਅੰਤਰਰਾਸ਼ਟਰੀ ਬਾਡੀ ਨੂੰ ਭੇਜਣ ਦਾ ਐਲਾਨ ਕੀਤਾ। ਸਹਿਮਤੀ ਉਪਰੰਤ ਕਬੱਡੀ ਰੂਲ ਬੁੱਕ ਪੰਜਾਬੀ,ਅੰਗਰੇਜ਼ੀ ਅਤੇ ਹਿੰਦੀ ਵਿੱਚ ਛਪਵਾਈ ਜਾਵੇਗੀ। ਇਸ ਲਈ ਕਬੱਡੀ ਦੇ ਹੋਰ ਪ੍ਰਮੋਟਰ,ਕੋਚ ਸਾਹਿਬਾਨ, ਕਬੱਡੀ ਤੇ ਲੇਖ ਜਗਤ ਦੀਆਂ ਹੋਰ ਹਸਤੀਆਂ,ਡਾਕਟਰ ਵੈਟਰੀਨ,ਫ਼ਜ਼ੀਓਥੈਰੇਪੀ ਅਤੇ ਨਵੇਂ ਅਤੇ ਪੁਰਾਣੇ ਖਿਡਾਰੀਆਂ ਨਾਲ ਖੁੱਲ੍ਹੀ ਅਤੇ ਭਰਵੀਂ ਮੀਟਿੰਗ ਕੀਤੀ ਜਾਵੇਗੀ।

# ਪੋਕਸੋ ਕਾਨੂੰਨ ਬਾਰੇ ਬੱਚਿਆਂ ਨੂੰ ਦਿੱਤੀ ਜਾਣਕਾਰੀ

**ਜਲੰਧਰ (ਰਾਜੇਸ਼ ਥਾਪਾ)** ਸੀ ਬੀ ਐਸ ਈ ਤੋਂ ਮਾਨਤਾ ਪ੍ਰਾਪਤ ਏ ਜੀ ਆਈ ਗਲੋਬਲ ਸਕੂਲ ਵਿੱਚ ਸੁਰੱਖਿਅਤ ਬਚਪਨ ਮੁਹਿੰਮ ਤਹਿਤ ਬੱਚਿਆਂ ਦੀ ਸੁਰੱਖਿਆ ਬਾਰੇ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਐਡਵੋਕੇਟ ਪ੍ਰਾਰਥਨਾ ਦੁੱਗਲ ਨੇ ਛੇਵੀਂ ਤੋਂ ਨੌਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਹੱਕਾਂ ਬਾਰੇ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਬੱਚਿਆਂ ਨੂੰ ਆਪਣੀ ਸੁਰੱਖਿਆ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਬਾਰੇ ਦੱਸਣਾ ਸੀ। ਇਸ ਦੌਰਾਨ ਬੋਲੋ, ਦੱਸੋ, ਬਚਾਓ ਦਾ ਸੁਨੇਹਾ ਦਿੱਤਾ ਗਿਆ। ਬੱਚਿਆਂ ਨੂੰ ਸਮਝਾਇਆ ਗਿਆ ਕਿ ਉਹ ਚੰਗੇ ਅਤੇ ਮਾੜੇ ਸਪਰਸ਼ ਵਿੱਚ ਫ਼ਰਕ ਪਛਾਣਨ। ਉਨ੍ਹਾਂ ਨੂੰ ਆਪਣੇ ਸਰੀਰ ਦੀਆਂ ਹੱਦਾਂ ਬਾਰੇ ਸਮਝਾਇਆ ਗਿਆ ਅਤੇ ਦੱਸਿਆ ਗਿਆ ਕਿ ਜੇ ਕਿਸੇ ਗੱਲ ਜਾਂ ਹਰਕਤ ਕਾਰਨ ਉਹ ਬੇਚੈਨ ਜਾਂ ਅਸਹਿਜ ਮਹਿਸੂਸ ਕਰਨ, ਤਾਂ ਉਨ੍ਹਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਐਡਵੋਕੇਟ ਪ੍ਰਾਰਥਨਾ ਦੁੱਗਲ ਨੇ ਬੱਚਿਆਂ ਨੂੰ ਦੱਸਿਆ ਕਿ ਜੇ ਉਨ੍ਹਾਂ ਨਾਲ ਕੋਈ ਗਲਤ ਗੱਲ ਜਾਂ ਘਟਨਾ ਵਾਪਰੇ, ਤਾਂ ਉਹ ਡਰਨ ਜਾਂ ਚੁੱਪ ਰਹਿਣ ਦੀ ਬਜਾਏ ਆਪਣੇ ਮਾਪਿਆਂ, ਅਧਿਆਪਕਾਂ ਜਾਂ ਕਿਸੇ ਭਰੋਸੇਯੋਗ ਵੱਡੇ ਵਿਅਕਤੀ ਨੂੰ ਇਸ ਬਾਰੇ ਦੱਸਣ। ਬੱਚਿਆਂ ਨੂੰ ਪੋਕਸੋ ਕਾਨੂੰਨ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਹ ਕਾਨੂੰਨ ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਬਚਾਉਣ ਲਈ ਬਣਾਇਆ ਗਿਆ ਹੈ। ਉਨ੍ਹਾਂ ਨੂੰ ਸਮਝਾਇਆ ਗਿਆ ਕਿ ਜੇ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ, ਤਾਂ ਮਦਦ ਮੰਗਣ ਤੋਂ ਨਹੀਂ ਘਬਰਾਉਣਾ ਚਾਹੀਦਾ। ਇਹ ਪ੍ਰੋਗਰਾਮ ਬੱਚਿਆਂ ਵਿੱਚ ਸੁਰੱਖਿਆ ਬਾਰੇ ਸਮਝ ਅਤੇ ਆਤਮ-ਵਿਸ਼ਵਾਸ ਵਧਾਉਣ ਵੱਲ ਇੱਕ ਚੰਗਾ ਕਦਮ ਰਿਹਾ।

# 2027 'ਚ 'ਆਪ' ਦੀ ਸਰਕਾਰ ਬਣੇਗੀ : ਸਿੱਧੂ

**ਬੰਗਾ (ਅਵਤਾਰ ਕਲੇਰ)** ਪੰਜਾਬ ਦੇ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਖੁਸ਼ ਹਨ ਤੇ 2027 'ਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਬਣਾਉਣਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਸੰਗਠਨ ਇੰਚਾਰਜ ਪਰਜਨੀਤ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਆਮ ਆਦਮੀ ਕਲੀਨਿਕਾ 'ਤੇ ਲੱਖਾਂ ਲੋਕ ਆਪਣੇ ਮੁਫ਼ਤ ਦੇ ਟੈਸਟ ਕਰਵਾ ਕੇ ਆਪਣਾ ਇਲਾਜ ਕਰਵਾ ਰਹੇ ਹਨ। 10 ਲੱਖ ਰੁਪਏ ਤੱਕ ਆਪਣੇ ਮੁਫ਼ਤ ਅਪਰੇਸ਼ਨ ਕਰਵਾ ਰਹੇ ਹਨ। ਐਸ ਸੀ ਬੀਬੀਆਂ ਦੇ ਖਾਤੇ 4500 ਰੁਪਏ ਅਤੇ ਜਨਰਲ ਬੀਬੀਆਂ ਦੇ ਖਾਤੇ 3000 ਰੁਪਏ ਆ ਰਹੇ ਹਨ। 90ਫ਼ੀਸਦੀ ਲੋਕਾਂ ਦੇ ਘਰਾਂ ਦੇ ਬਿਜਲੀ ਦੇ ਬਿੱਲ ਨਹੀਂ ਆ ਰਹੇ। 'ਆਪ' ਸਰਕਾਰ ਬਣਨ ਨਾਲ ਸਰਕਾਰੀ ਸਕੂਲਾਂ ਦੀ ਦਸ਼ਾ ਸੁਧਰੀ ਹੈ। ਸਰਕਾਰੀ ਸਕੂਲਾਂ ਦੇ ਬੱਚੇ ਮੈਰਿਟ ਸੂਚੀ ਵਿਚ ਸ਼ਾਮਲ ਹੋ ਰਹੇ ਹਨ। ਉਹਨਾਂ ਕਿਹਾ ਕਿ 2027 'ਚ ਦੋਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਅਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਬਣਨਗੇ।



# ਕਿਡਜ਼ ਕਾਰਨੀਵਲ ਤੇ ਮੈਜਿਕ ਸ਼ੋਅ ਕਰਵਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਗਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਹਬਾਜ਼ਪੁਰ ਵਿੱਚ ਕੇ ਜੀ ਅਤੇ ਪ੍ਰਾਇਮਰੀ ਵਿੰਗ ਦੇ ਬੱਚਿਆਂ ਦੇ ਲਈ ਕਿਡਜ਼ ਕਾਰਨੀਵਲ ਅਤੇ ਮੈਜਿਕ ਸ਼ੋਅ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮਨੀਸ਼ਾ ਸੰਗਰ ਦੀ ਅਗਵਾਈ ਵਿੱਚ ਇਹ ਕਾਰਨੀਵਲ ਅਤੇ ਮੈਜਿਕ ਸ਼ੋਅ ਆਯੋਜਿਤ ਕੀਤੇ ਗਏ। ਇਸ ਵਿੱਚ ਨਰਸਰੀ, ਐਲ ਕੇ ਜੀ, ਯੂ ਕੇ ਜੀ, ਪਹਿਲੀ, ਦੂਜੀ ਅਤੇ ਤੀਸਰੀ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਇਸ ਕਾਰਨੀਵਲ ਦੌਰਾਨ ਬੱਚਿਆਂ ਦੇ ਲਈ ਅਲੱਗ ਅਲੱਗ ਤਰੀਕੇ ਦੀਆਂ ਰਾਈਡ ਅਤੇ ਝੂਲੇ ਮੁੱਖ ਆਕਰਸ਼ਣ ਦਾ ਕੇਂਦਰ ਰਹੇ। ਬੱਚਿਆਂ ਨੇ ਇਹਨਾਂ ਰਾਈਡ ਅਤੇ ਝੂਲਿਆਂ ਦੇ ਉੱਤੇ ਖੂਬ ਆਨੰਦ ਮਾਣਿਆ। ਇਸ ਦੇ ਨਾਲ ਨਾਲ ਕਈ ਐਡਵੈਂਚਰ ਗੇਮਾਂ ਦਾ ਵੀ ਆਯੋਜਨ ਕੀਤਾ ਗਿਆ ਸੀ। ਇਸ ਉਪਰੰਤ ਬੱਚਿਆਂ ਨੂੰ ਸ਼ਾਨਦਾਰ ਮੈਜਿਕ ਸ਼ੋਅ ਦਿਖਾਇਆ ਗਿਆ ਜਿਸ ਦਾ ਬੱਚਿਆਂ ਨੇ ਭਰਪੂਰ ਆਨੰਦ ਮਾਣਿਆ। ਇਸ ਕਾਰਨੀਵਲ ਦਾ ਮਜ਼ਾ ਲੈ ਕੇ ਅਖੀਰ ਬੱਚਿਆਂ ਦੇ ਲਈ ਖਾਸ ਤੌਰ ਤੇ ਵਧੀਆ ਰਿਫਰੈਸ਼ਮੈਂਟ ਦਾ ਇੰਤਜ਼ਾਮ ਕੀਤਾ ਹੋਇਆ ਸੀ। ਜੋ ਕਿ ਬੱਚਿਆਂ ਵੱਲੋਂ ਬਹੁਤ ਹੀ ਪਸੰਦ ਕੀਤੀ ਗਈ ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਦੱਸਿਆ ਕਿ ਬੱਚਿਆਂ ਦੇ ਮਿਡ ਟਰਮ ਪ੍ਰੀਖਿਆ ਤੋਂ ਬਾਅਦ ਉਹਨਾਂ ਦੇ ਦਿਮਾਗ ਨੂੰ ਤਾਜ਼ਗੀ ਦੇਣ ਲਈ ਇਸ ਕਾਰਨੀਵਲ ਦਾ ਆਯੋਜਨ ਕੀਤਾ ਗਿਆ ਸੀ ਤੇ ਬੱਚਿਆਂ ਨੇ ਇਸ ਕਾਰਨੀਵਲ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਪੂਰਾ ਦਿਨ ਇਸ ਕਿਵੇਂ ਦੌਰਾਨ ਬੱਚਿਆਂ ਨੇ ਖੂਬ ਮਸਤੀ ਕੀਤੀ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਨੀਨਾ, ਰੁਪਿੰਦਰ, ਮਨੀਸ਼ਾ, ਅਨੁਰਾਧਾ, ਪੁਸ਼ਪਾ, ਅਮਨਜੋਤ, ਅਮਰਪ੍ਰੀਤ, ਰਜਿੰਦਰ, ਆਸ਼ਾ, ਪ੍ਰਵੀਨ, ਪ੍ਰਭਜੀਤ, ਸ਼ਵੇਤਾ, ਪੂਜਾ, ਚੇਤਨਾ, ਮਨਦੀਪ, ਅਮਨ, ਸੁਮਿੰਦਰ, ਪੂਨਮ, ਪ੍ਰੀਆ, ਹਿਨਾ, ਤਰਨ, ਤਨਵੀਰ, ਈਸ਼ਾ ਅਤੇ ਬਾਕੀ ਸਟਾਫ ਮੌਜੂਦ ਸੀ।

# ਸੈਮੀਨਾਰ 'ਕੁਦਰਤਿ ਦੇ ਸਭ ਬੰਦੇ' ਕਰਵਾਇਆ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਮੀਰ ਵਿਰਸੇ, ਸਾਂਝੀਵਾਲਤਾ, ਭਾਈਚਾਰਕ ਸਾਂਝ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਸਮੁੱਚੀ ਮਾਨਵਤਾ ਤੱਕ ਪਹੁੰਚਾਉਣ ਦੇ ਇਰਾਦੇ ਨਾਲ ਮਾਤਾ ਸਾਹਿਬ ਕੌਰ ਕਾਲਜ ਆਫ ਨਰਸਿੰਗ ਮੋਹਾਲੀ ਅਤੇ ਸਰਬ ਸਾਂਝੀ ਫੋਰਮ (ਰਜਿ.), ਚੰਡੀਗੜ੍ਹ ਵੱਲੋਂ ਸਾਂਝੇ ਉਪਰਾਲੇ ਸਦਕਾ, ਨਰਸਿੰਗ ਕਾਲਜ ਵਿਖੇ ਇੱਕ ਵਿਸ਼ੇਸ਼ ਸੈਮੀਨਾਰ 'ਕੁਦਰਤਿ ਕੇ ਸਭ ਬੰਦੇ' ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਦਾ ਮੁੱਖ ਉਦੇਸ਼ ਪੰਜਾਬੀ ਸਭਿਆਚਾਰ ਦੀਆਂ ਮਾਨਵਵਾਦੀ ਕਦਰਾਂ-ਕੀਮਤਾਂ, ਆਪਸੀ ਪਿਆਰ, ਸਤਿਕਾਰ, ਏਕਤਾ ਅਤੇ ਸਰਬ-ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸ਼ਿਵਾਨੀ ਸ਼ਰਮਾ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਸੈਮੀਨਾਰ ਦੇ ਵਿਸ਼ੇ ਬਾਰੇ ਸੰਖੇਪ, ਪਰ ਬਹੁਤ ਹੀ ਭਾਵਪੂਰਤ ਜਾਣਕਾਰੀ ਦਿੰਦਿਆਂ, ਸਮੁੱਚੇ ਸੈਮੀਨਾਰ ਦੇ ਵਿਸ਼ੇ ਨੂੰ ਕੇਂਦਰ ਬਿੰਦੂ ਵਿੱਚ ਲਿਆਂਦਾ, ਜਿਸ ਨਾਲ ਦਰਸ਼ਕਾਂ ਦਾ ਮਨ, ਸੈਮੀਨਾਰ ਦੇ ਵਿਸ਼ੇ ਨਾਲ ਡੂੰਘੀ ਤਰ੍ਹਾਂ ਜੁੜਿਆ ਰਿਹਾ। ਸਮਾਗਮ ਦੇ ਸਫਲ ਆਯੋਜਨ ਵਿੱਚ ਮੈਨੇਜਮੈਂਟ ਵੱਲੋਂ ਜਸਵਿੰਦਰ ਕੌਰ ਵਾਲੀਆ, ਚੇਅਰਮੈਨ ਤੇਗਬੀਰ ਸਿੰਘ ਵਾਲੀਆ, ਸੀ ਏ ਗੁਰਦੀਪ ਸਿੰਘ ਦੇ ਵਿਸ਼ੇਸ਼ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਸੈਮੀਨਾਰ ਦੇ ਮੁੱਖ ਬੁਲਾਰਿਆਂ ਵਜੋਂ ਡਾ. ਹਰਦੀਪ ਸਿੰਘ ਰਾਮਤਿਵਾਰੀ ਨੇ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਦੇ ਕਈ ਪ੍ਰਸੰਗਾਂ ਦੀ ਗੱਲ ਕਰਦਿਆਂ ਪੰਜਾਬੀਅਤ ਦੇ ਮਹਾਨ ਵਿਰਸੇ ਬਾਰੇ ਚਾਨਣਾ ਪਾਇਆ। ਡਾ. ਗੁਰਦੇਵ ਸਿੰਘ ਨੇ ਕੁਦਰਤ ਦੀ ਕਾਦਰ ਨਾਲ ਜੋੜ ਵਿਦਵਤਾਪੂਰਨ ਗੱਲਾਂ ਨਾਲ ਕਿਹਾ ਕਿ ਬਾਬਾ ਨਾਨਕ, ਮਲਿਕ ਭਾਗੋ ਦੀ ਬਜਾਏ, ਭਾਈ ਲਾਲੋ ਦੇ ਦਰਵਾਜ਼ੇ ਆਉਂਦੇ ਹਨ, ਜੋ ਕਿਰਤ ਦੀ ਅਸਲ ਤੇ ਸੱਚੀ ਪਛਾਣ ਹੈ। ਬਾਬਾ ਨਾਨਕ ਨੇ ਭਾਈ ਲਾਲੋ ਨੂੰ ਮੁਸਾਫ਼ਰਾਂ ਨੂੰ ਆਪਣੇ ਹਮਸਫ਼ਰ ਬਣਾਇਆ। ਡਾ. ਜੁਪਿੰਦਰ ਸਿੰਘ ਨੇ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਸਭਿਆਚਾਰਕ ਵਿਰਸੇ ਨੂੰ ਬਚਾਉਣ ਲਈ ਵੱਧ ਵੱਧ ਉਦਾਹਰਨਾਂ ਦੇ ਕੇ ਆਪਣੇ ਜੀਵਨ ਨੂੰ ਉਤਸ਼ਾਹਤ ਦੇਣ ਲਈ ਆਧੁਨਿਕ ਤਕਨੀਕ ਦੇ ਦੌਰ ਵਿੱਚ ਗੁਰੂਆਂ ਨਾਲੋਂ ਆਪਣੇ ਵੱਡੇ-ਵਡੇਰਿਆਂ ਵੱਲ ਦੇਖਣ ਲਈ ਕਿਹਾ ਉਨ੍ਹਾਂ ਗੁਰਬਾਣੀ ਆਧਾਰਤ ਸਿੱਖਿਆ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਪ੍ਰਬੰਧਕਾਂ ਵੱਲੋਂ ਸਮੂਹ ਬੁਲਾਰਿਆਂ ਤੇ ਹਾਜ਼ਰ ਮਹਿਮਾਨਾਂ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਿਆ। ਇਸ ਮੌਕੇ ਚੰਡੀਗੜ੍ਹ ਮੋਹਾਲੀ ਦੀਆਂ ਧਾਰਮਿਕ ਸੰਸਥਾਵਾਂ ਦੇ ਮੁਖੀ, ਉੱਘੇ ਵਿਦਵਾਨ, ਚਿੰਤਕ ਅਤੇ ਲੇਖਕ ਹਾਜ਼ਰ ਸਨ। ਲੇਖਕਾਂ ਵਿੱਚੋਂ ਪ੍ਰਿੰ. ਬਹਾਦਰ ਸਿੰਘ ਗੋਸ਼ਲ, ਭੁਪਿੰਦਰ ਸਿੰਘ ਭਾਗੋਮਾਜਰੀਆ, ਰਾਜ ਕੁਮਾਰ ਸਾਹੋਵਾਲੀਆ, ਬਲਜਿੰਦਰ ਕੌਰ ਸ਼ੇਰਗਿੱਲ, ਸੁਰਜੀਤ ਸੁਮਨ, ਮੰਦਰ ਗਿੱਲ, ਪਿਆਰਾ ਸਿੰਘ ਰਾਹੀ, ਜਗਤਾਰ ਸਿੰਘ ਜੋਗ ਆਦਿ ਸ਼ਾਮਲ ਸਨ।

# ਭੁੰਗਰਨੀ ਵਿਖੇ ਮੈਡੀਕਲ ਤੇ ਨਸ਼ਾ ਛੁਡਾਉ ਕਾਊਂਸਲਿੰਗ ਕੈਂਪ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਉੱਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੈਡੀਕਲ ਕੈਂਪ ਅਤੇ ਨਸ਼ਾ ਛੁਡਾਉ ਕਾਊਂਸਲਿੰਗ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਨਸ਼ਾ ਪੀੜਤ ਵਿਅਕਤੀਆਂ ਨੂੰ ਇਲਾਜ ਦੀਆਂ ਸਹੂਲਤਾਂ ਨਾਲ ਜੋੜਨਾ ਸੀ। ਕੈਂਪ ਦੌਰਾਨ ਮੈਡੀਕਲ ਟੀਮ ਵੱਲੋਂ ਮਰੀਜ਼ਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਨਸ਼ਾ ਛੱਡਣ ਲਈ ਉਪਲਬਧ ਇਲਾਜ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਾਊਂਸਲਿੰਗ ਰਾਹੀਂ ਨਸ਼ਾ ਪੀੜਤ ਵਿਅਕਤੀਆਂ ਨੂੰ ਨਸ਼ਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਨੁਕਸਾਨਾਂ ਬਾਰੇ ਸਮਝਾਇਆ ਗਿਆ ਅਤੇ ਨਸ਼ਾ ਮੁਕਤ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਡਾ. ਉਦਿਤ ਸ਼ਰਮਾ (ਮੈਡੀਕਲ ਅਫ਼ਸਰ), ਡਾ. ਸਰਬਜੀਤ ਸਿੰਘ (ਏ ਐਮ ਓ), ਰਣਜੀਤ ਸਿੰਘ (ਹੈਲਥ ਇੰਸਪੈਕਟਰ), ਪ੍ਰਭਦਿਆਲ ਸਿੰਘ (ਕਾਊਂਸਲਰ, ਓ ਓ ਏ ਟੀ ਕਲੀਨਿਕ ਭੁੰਗਰਨੀ), ਸਰਬਜੀਤ ਕੌਰ (ਐਲ ਐਚ ਵੀ), ਹਰਮਿੰਦ ਸਿੰਘ (ਐਮ ਪੀ ਐਚ ਡਬਲਯੂ) ਅਤੇ ਅਲਕਾ (ਏ ਐਨ ਐਮ) ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਕੈਂਪ ਦਾ ਮੁੱਖ ਮਕਸਦ ਨਸ਼ਿਆਂ ਵਿਰੁੱਧ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨਾ, ਨਸ਼ਾ ਪੀੜਤ ਵਿਅਕਤੀਆਂ ਨੂੰ ਇਲਾਜ ਨਾਲ ਜੋੜਨਾ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਯਤਨਾਂ ਵਿੱਚ ਯੋਗਦਾਨ ਪਾਉਣਾ ਸੀ।

# ਚੌਧਰੀ ਸ਼ਿਆਮ ਲਾਲ ਗੁੱਜਰ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ (ਸੁਰਜੀਤ ਸੁਮਨ)**- ਨਿਊ ਚੰਡੀਗੜ੍ਹ ਨੇੜੇ ਹਲਕਾ ਖਰੜ ਦੇ ਬਲਾਕ ਮਾਜਰੀ ਇਲਾਕੇ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਉਦੋਂ ਬਲ ਮਿਲਿਆ, ਜਦੋਂ ਭਾਜਪਾ ਸੂਬਾ ਮੀਤ ਪ੍ਰਧਾਨ ਰਣਜੀਤ ਸਿੰਘ ਗਿੱਲ ਦੀ ਪ੍ਰੇਰਨਾ ਸਦਕਾ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਹਾਜ਼ਰੀ ਵਿੱਚ, ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ ਮੋਹਾਲੀ ਦੇ ਜ਼ਿਲ੍ਹਾ ਪ੍ਰਧਾਨ ਚੌਧਰੀ ਸ਼ਿਆਮ ਲਾਲ ਗੁੱਜਰ ਆਪਣੇ ਸੈਂਕੜੇ ਸਾਥੀਆਂ ਨਾਲ ਭਾਜਪਾ ਵਿੱਚ ਸ਼ਾਮਲ ਹੋ ਗਏ। ਹਲਕੇ ਦੇ ਪਿੰਡ ਗੁੜੀ ਵਿੱਚ ਰੱਖੇ ਸਮਾਗਮ ਦੌਰਾਨ ਭਾਜਪਾ ਦੇ ਇਨ੍ਹਾਂ ਦੋਵਾਂ ਸਿਰਮੌਰ ਆਗੂਆਂ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ, ਓਮ ਪ੍ਰਕਾਸ਼ ਚੇਅਰਮੈਨ ਹਰਿਆਣਾ ਸਰਕਾਰ, ਆਭਾ ਬਾਂਸਲ ਸੂਬਾ ਮੀਤ ਪ੍ਰਧਾਨ ਮਹਿਲਾ ਮੋਰਚਾ, ਸੀਨੀਅਰ ਆਗੂ ਸੁਖਵਿੰਦਰ ਸਿੰਘ ਗੋਲਡੀ, ਐੱਸ ਜੀ ਪੀ ਸੀ ਮੈਂਬਰ ਚਰਨਜੀਤ ਸਿੰਘ ਕਾਲੇਵਾਲ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਸੀਨੀਅਰ ਲੀਡਰਸ਼ਿਪ ਹਾਜ਼ਰ ਸੀ।

# ਦਿਮਾਗੀ ਦੌਰੇ ਤੋਂ ਬਚਾਅ ਲਈ ਜ਼ਰੂਰੀ ਸਾਵਧਾਨੀਆਂ ਵਰਤੀਆਂ ਜਾਣ : ਸਿਵਲ ਸਰਜਨ

**ਮੋਹਾਲੀ (ਗੁਰਜੀਤ ਬਿੱਲਾ)**- ਵਿਸ਼ਵ ਸਟ੍ਰੋਕ ਦਿਵਸ ਮੌਕੇ ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਜਾਗਰੂਕਤਾ ਸਰਗਰਮੀਆਂ ਕੀਤੀਆਂ ਗਈਆਂ। ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ ਨੇ ਦਸਿਆ ਕਿ ਇਸ ਦਿਨ ਦਾ ਮੁੱਖ ਉਦੇਸ਼ ਲੋਕਾਂ ਨੂੰ ਦਿਮਾਗੀ ਦੌਰੇ (ਸਟ੍ਰੋਕ) ਦੇ ਕਾਰਨਾਂ, ਲੱਛਣਾਂ, ਬਚਾਅ ਅਤੇ ਸਮੇਂ ਸਿਰ ਇਲਾਜ ਦੀ ਮਹੱਤਤਾ ਬਾਰੇ ਜਾਣਕਾਰੀ ਦੇਣਾ ਸੀ। ਡਾ. ਜੈਨ ਨੇ ਕਿਹਾ ਕਿ ਸਟ੍ਰੋਕ ਸਬੰਧੀ ਜਾਗਰੂਕਤਾ ਅਤੇ ਸਮੇਂ ਸਿਰ ਇਲਾਜ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਟ੍ਰੋਕ ਦੇ ਲੱਛਣਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਕਿਸੇ ਵੀ ਤਰ੍ਹਾਂ ਦੇ ਲੱਛਣ ਦਿਖਾਈ ਦੇਣ ਤੇ ਘਰੇਲੂ ਇਲਾਜ ਜਾਂ ਉਡੀਕ ਕਰਨ ਦੀ ਬਜਾਏ ਤੁਰੰਤ ਹਸਪਤਾਲ ਪਹੁੰਚਣ। ਉਨ੍ਹਾਂ ਕਿਹਾ ਕਿ ਜ਼ਰੂਰੀ ਸਾਵਧਾਨੀਆਂ ਵਰਤਦਿਆਂ ਸਮੇਂ ਸਿਰ ਇਲਾਜ ਨਾਲ ਮਰੀਜ਼ ਦੀ ਜਾਨ ਬਚਾਉਣ ਅਤੇ ਸਰੀਰਕ ਅਪੰਗਤਾ ਦੇ ਖ਼ਤਰੇ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ। ਜ਼ਿਲ੍ਹਾ ਹਸਪਤਾਲ ਮੋਹਾਲੀ ਵਿਚ ਮਰੀਜ਼ਾਂ ਨੂੰ ਸੰਬੋਧਨ ਕਰਦਿਆਂ ਮੈਡੀਸਨ ਮਾਹਰ ਡਾ. ਈਸ਼ਾ ਅਰੋੜਾ ਨੇ ਵਿਸਥਾਰ ਸਹਿਤ ਦਸਿਆ ਕਿ ਸਟ੍ਰੋਕ ਇੱਕ ਗੰਭੀਰ ਮੈਡੀਕਲ ਐਮਰਜੈਂਸੀ ਹੈ, ਜਿਸ ਵਿੱਚ ਦਿਮਾਗ ਦੇ ਕਿਸੇ ਹਿੱਸੇ ਤੱਕ ਖ਼ੂਨ ਦੀ ਸਪਲਾਈ ਰੁਕ ਜਾਂਦੀ ਹੈ ਜਾਂ ਦਿਮਾਗ ਦੀ ਕੋਈ ਨਾੜੀ ਫਟ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਮਰੀਜ਼ ਨੂੰ ਤੁਰੰਤ ਡਾਕਟਰੀ ਸਹਾਇਤਾ ਮਿਲਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦਸਿਆ ਕਿ ਅਚਾਨਕ ਚਿਹਰੇ ਦਾ ਇੱਕ ਪਾਸਾ ਲਟਕਣਾ, ਬਾਂਹ ਜਾਂ ਲੱਤ ਵਿੱਚ ਕਮਜ਼ੋਰੀ ਜਾਂ ਸੁੰਨਾਪਣ ਮਹਿਸੂਸ ਹੋਣਾ, ਬੋਲਣ ਜਾਂ ਗੱਲ ਸਮਝਣ ਵਿੱਚ ਮੁਸ਼ਕਲ ਆਉਣਾ, ਅਚਾਨਕ ਨਜ਼ਰ ਧੁੰਦਲੀ ਹੋਣਾ, ਚੱਕਰ ਆਉਣਾ ਜਾਂ ਸਰੀਰ ਦਾ ਸੰਤੁਲਨ ਵਿਗੜਨਾ ਸਟ੍ਰੋਕ ਦੇ ਮੁੱਖ ਲੱਛਣ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੱਛਣ ਦਿਖਾਈ ਦੇਣ ਤੇ ਬਿਲਕੁਲ ਵੀ ਦੇਰੀ ਨਹੀਂ ਕਰਨੀ ਚਾਹੀਦੀ ਅਤੇ ਮਰੀਜ਼ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ ਜਾਂ ਐਂਬੂਲੈਂਸ ਸੇਵਾ 108 ਦੀ ਮਦਦ ਲੈਣੀ ਚਾਹੀਦੀ ਹੈ।

# ਬੱਚਿਆਂ ਨੇ ਲਗਾਈ ਮੋਮਬੱਤੀਆਂ ਦੀ ਪ੍ਰਦਰਸ਼ਨੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜੇ ਐੱਸ ਐੱਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦੇ ਬੱਚਿਆਂ ਵੱਲੋਂ ਜੇਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਵਿਖੇ ਸਜਾਵਟੀ ਮੋਮਬੱਤੀਆਂ ਦੀ ਪ੍ਰਦਰਸ਼ਨੀ ਲਗਾਈ ਗਈ।ਇਸ ਪ੍ਰਦਰਸ਼ਨੀ ਦਾ ਉਦਘਾਟਨ ਮੁੱਖ ਕਾਰਜਕਾਰੀ ਅਧਿਕਾਰੀ ਰਾਘਵ ਵਾਂਸਲ ਨੇ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੰਗੀਤਾ ਨਿਸਤੰਦਰਾ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਨੇ ਦੱਸਿਆ ਕਿ ਸਪੈਸ਼ਲ ਬੱਚਿਆਂ ਨੇ ਆਪਣੇ ਹੱਥਾਂ ਨਾਲ ਸੁੰਦਰ ਅਤੇ ਆਕਰਸ਼ਕ ਸਜਾਵਟੀ ਮੋਮਬੱਤੀਆਂ ਤਿਆਰ ਕੀਤੀਆਂ ਹਨ। ਰਾਘਵ ਵਾਂਸਲ ਅਤੇ ਪ੍ਰਿੰਸੀਪਲ ਸੰਗੀਤਾ ਨਿਸਤੰਦਰਾ ਨੇ ਬੱਚਿਆਂ ਵੱਲੋਂ ਤਿਆਰ ਕੀਤੀਆਂ ਮੋਮਬੱਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਕਲਾ ਅਤੇ ਹੁਨਰ ਨੂੰ ਉਤਸ਼ਾਹਿਤ ਕਰਨਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬੱਚਿਆਂ ਵਿੱਚ ਵੀ ਅਥਾਹ ਪ੍ਰਤਿਭਾ ਅਤੇ ਹੁਨਰ ਹੁੰਦਾ ਹੈ। ਜੇਕਰ ਉਨ੍ਹਾਂ ਨੂੰ ਢੁਕਵੇਂ ਮੌਕੇ ਅਤੇ ਹੌਸਲਾ-ਅਫ਼ਜ਼ਾਈ ਮਿਲੇ ਤਾਂ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਿਆਂ ਜੀਵਨ ਵਿੱਚ ਅੱਗੇ ਵਧ ਸਕਦੇ ਹਨ। ਇਸ ਮੌਕੇ ਪ੍ਰਿੰਸੀਪਲ ਸ਼ੈਲੀ ਸ਼ਰਮਾ, ਰਾਮ ਆਸਰਾ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਇੰਦੂ ਬਾਲਾ, ਮਿਸਿਜ਼ ਸੁਮਿਤ, ਰਾਜਵਿੰਦਰ ਕੌਰ, ਮਿਸਿਜ਼ ਅਮਿਤਾ ਰਾਣੀ, ਮਿਸਟਰ ਕਰਮਜੀਤ ਕੌਰ, ਮਣੀ ਕੁਮਾਰ, ਵਿਸ਼ੇਸ਼ ਅਧਿਆਪਕਾਂ ਤੋਂ ਇਲਾਵਾ ਜਗਜੋਤ, ਆਰੀਅਨ, ਰੋਹਿਤ, ਕੁਲਦੀਪ, ਗੁਲਸ਼ਨ ਅਤੇ ਹਰਸ਼ ਆਦਿ ਹਾਜ਼ਰ ਸਨ।

# ਡੈਮੋਕਰੇਟਿਕ ਭਾਰਤੀਯ ਲੋਕ ਦਲ ਚੋਣਾਂ 'ਚ 117 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ : ਖੋਸਲਾ

**ਕਪੂਰਥਲਾ (ਮਨਜੀਤ ਮਾਨ)**- ਪਿੰਡ ਡਡਵਾਂ ਵਿਖੇ ਡੈਮੋਕਰੇਟਿਕ ਭਾਰਤੀ ਲੋਕ ਦਲ ਦੀ ਇੱਕ ਅਹਿਮ ਮੀਟਿੰਗ ਅਮਿਤ ਕੁਮਾਰ ਦੇ ਗ੍ਰਹਿ ਵਿਖੇ ਸੁਖਦੇਵ ਮਸੀਹ ਜਨਰਲ ਸਕੱਤਰ ਕ੍ਰਿਸਚਨ ਸੈੱਲ ਪੰਜਾਬ ਦੀ ਅਗਵਾਈ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ ਡੈਮੋਕਰੇਟਿਕ ਭਾਰਤੀਯ ਲੋਕ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਵੀ ਉਚੇਚੇ ਤੌਰ 'ਤੇ ਪਹੁੰਚੇ। ਗੁਰਮੁਖ ਸਿੰਘ ਖੋਸਲਾ ਨੇ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਦੇਸ਼ ਅੰਦਰ ਦਿਨ ਪ੍ਰਤੀ ਦਿਨ ਵੱਧ ਰਹੀ ਮਹਿੰਗਾਈ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਇਸ ਵੱਲ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਸੂਬਾ ਸਰਕਾਰ ਕੋਈ ਧਿਆਨ ਦੇ ਰਹੀ ਹੈ। ਗੁਰਮੁਖ ਸਿੰਘ ਖੋਸਲਾ ਨੇ ਕਿਹਾ ਕਿ ਡੈਮੋਕਰੇਟਿਕ ਭਾਰਤੀ ਲੋਕ ਦਲ ਆਉਣ ਵਾਲੀਆਂ ਪੰਜਾਬ ਚ ਵਿਧਾਨ ਸਭਾ ਚੋਣਾਂ ਦੀ ਤਿਆਰੀ ਪੂਰੇ ਜ਼ੋਰਾਂ ਨਾਲ ਕਰ ਰਹੀ ਹੈ ਅਤੇ ਪੰਜਾਬ ਦੀਆਂ 117 ਸੀਟਾਂ ਤੇ ਆਪਣੇ ਉਮੀਦਵਾਰ ਖੜੇ ਕਰੇਗੀ। ਇਸ ਮੌਕੇ ਡੈਮੋਕਰੇਟਿਕ ਭਾਰਤੀਯ ਲੋਕ ਦਲ ਵਿੱਚ ਨਵੀਆਂ ਨਿਯੁਕਤੀਆਂ ਕਰਦੇ ਹੋਏ ਅਮਿਤ ਕੁਮਾਰ ਨੂੰ ਪ੍ਰਧਾਨ ਕ੍ਰਿਸਚਨ ਸੈੱਲ ਜਿਲਾ ਗੁਰਦਾਸਪੁਰ, ਵਿਜੇ ਕੁਮਾਰ ਪ੍ਰਧਾਨ ਯੂਥ ਵਿੰਗ ਕ੍ਰਿਸਚਨ ਸੈੱਲ ਜਿਲਾ ਗੁਰਦਾਸਪੁਰ, ਸੰਜੀਵ ਕੁਮਾਰ ਪ੍ਰਧਾਨ ਕ੍ਰਿਸਚਨ ਸੈੱਲ ਬਲਾਕ ਧਾਰੀਵਾਲ ਅਤੇ ਰਵੀ ਕੁਮਾਰ ਨੂੰ ਯੂਨਿਟ ਪ੍ਰਧਾਨ ਕ੍ਰਿਸਚਨ ਸੈੱਲ ਪਿੰਡ ਡਡਵਾਂ ਤੋਂ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹਰਵਿੰਦਰ ਲਾਡੀ ਗਰੋਆ ਇਨਚਾਰਜ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਜਿਲ੍ਹਾ ਹੁਸ਼ਿਆਰਪੁਰ ਡੈਮੋਕਰੇਟਿਕ ਭਾਰਤੀਯ ਲੋਕ ਦਲ ਮੌਜੂਦ ਸਨ।

# ਭਗਵਾਨ ਵਾਲਮੀਕ ਦਾ ਪ੍ਰਗਟ ਦਿਵਸ ਮਨਾਇਆ

**ਦਸੂਹਾ (ਕਰਨੈਲ ਮਾਂਗਟ)**- ਐਸ ਵੀ ਐਨ ਡੀ ਏ ਵੀ.ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸਕੂਲ ਦੇ ਡਾਇਰੈਕਟਰ ਚੈਨ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਤੇ ਹਵਨ ਯੱਗ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਕਮਲੇਸਵਰ ਵਾਲਮੀਕ ਐਜੂਕੇਸਨਲ ਟਰੱਸਟ ਭੁੱਲਾ ਰਾਮ ਤੇਜੀ ਲਮੀਨ ਮੁੱਖ ਮਹਿਮਾਨ ਵੱਜੋ ਸ਼ਾਮਿਲ ਹੋਏ। ਮੁੱਖ ਮਹਿਮਨ ਜਿਲਾ ਪ੍ਰਧਾਨ ਭੁੱਲਾ ਰਾਮ ਤੇਜੀ ਨੇ ਭਗਵਾਨ ਸ੍ਰੀ ਵਾਲਮੀਕ ਮਹਾਰਾਜ ਜੀ ਦੇ ਜੀਵਨੀ ਤੇ ਚਾਨਣਾ ਪਾਇਆ ਅਤੇ ਕਿਹਾ ਕਿ ਭਗਵਾਨ ਸ੍ਰੀ ਵਾਲਮੀਕ ਮਹਾਰਾਜ ਜੀ ਦੀਆ ਸਿੱਖਿਆਵਾਂ ਤੇ ਚੱਲਣ ਦੀ ਜਰੂਰਤ ਹੈ। ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਚੈਨ ਸਿੰਘ ਨੇ ਭਗਵਾਨ ਵਾਲਮੀਕ ਦੀ ਜੀਵਨੀ ਤੇ ਚਾਨਣਾ ਪਾਇਆ । ਇਸ ਮੌਕੇ ਤੇ ਅਜੈ ਕੁਮਾਰ ਥਾਪਰ, ਸਕੂਲ ਕਮੇਟੀ ਦੇ ਪ੍ਰਧਾਨ ਦਲਜੀਤ ਸਿੰਘ, ਪ੍ਰਿੰਸੀਪਲ ਕਿਰਨ ਬਾਲਾ, ਰਾਜਨ, ਸੁਖਦੇਵ ਸਿੰਘ, ਸਕੂਲ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਤੇ ਸਕੂਲ ਪ੍ਰਬੰਧਕਾਂ ਵੱਲੋ ਮੁੱਖ ਮਹਿਮਾਨ ਨੰਬਰਦਾਰ ਭੁੱਲਾ ਰਾਮ ਤੇਜੀ ਤੇ ਐਡਵੋਕੇਟ ਅਜੈ ਕੁਮਾਰ ਤੇ ਸ਼ਖਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਤੇ ਪ੍ਰਿੰਸੀਪਲ ਕਿਰਨ ਬਾਲਾ ਨੇ ਸਭ ਦਾ ਧੰਨਵਾਦ ਕੀਤਾ।



# ਐਕਵਾਇਰ ਕੀਤੀ ਜ਼ਮੀਨ ਦਾ ਮੁਆਵਜ਼ਾ ਲੈਣ ਲਈ ਐੱਸ ਡੀ ਐੱਮ ਵੱਲੋਂ ਅਪੀਲ

**ਆਦਮਪੁਰ (ਪਰਮਜੀਤ ਸਿੰਘ)** ਐਸ.ਡੀ.ਐਮ ਆਦਮਪੁਰ ਵੱਲੋਂ ਤਹਿਸੀਲ ਆਦਮਪੁਰ ਦੇ ਪਿੰਡ ਦਮੁੰਡਾ ਅਤੇ ਕੰਡੋਲਾ ਦੇ ਉਨ੍ਹਾਂ ਸਮੂਹ ਜ਼ਮੀਨ ਮਾਲਕਾਂ ਨੂੰ ਅਪੀਲ ਕੀਤੀ ਗਈ ਹੈ, ਜਿਨ੍ਹਾਂ ਦੀ ਜ਼ਮੀਨ ਪੰਜਾਬ ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਵੱਲੋਂ ਬਣਾਈ ਜਾਣ ਵਾਲੀ ਏਅਰਪੋਰਟ ਬਾਈਪਾਸ ਰੋਡ ਲਈ ਐਕਵਾਇਰ ਕੀਤੀ ਗਈ ਹੈ। ਉਨ੍ਹਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਜ਼ਮੀਨ ਦਾ ਬਣਦਾ ਮੁਆਵਜ਼ਾ ਦਫ਼ਤਰ ਕਲੈਕਟਰ ਲੈਂਡ ਐਕੁਜ਼ੀਸ਼ਨ-ਕਮ-ਐਸ ਡੀ ਐਮ ਆਦਮਪੁਰ ਤੋਂ ਜਲਦ ਤੋਂ ਜਲਦ ਪ੍ਰਾਪਤ ਕਰਨ। ਐਸ ਡੀ ਐਮ ਵੱਲੋਂ ਕਿਹਾ ਗਿਆ ਹੈ ਕਿ ਕਿਉਂਕਿ ਫ਼ਸਲਾਂ ਦੀ ਕਟਾਈ ਦਾ ਸੀਜ਼ਨ ਖ਼ਤਮ ਹੋ ਚੁੱਕਾ ਹੈ, ਇਸ ਲਈ ਕਿਸਾਨ ਸੂਬੇ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਐਕਵਾਇਰ ਕੀਤੀ ਗਈ ਜ਼ਮੀਨ ਦਾ ਕਬਜ਼ਾ ਦੇਣ ਵਿੱਚ ਸਹਿਯੋਗ ਕਰਨ। ਉਨ੍ਹਾਂ ਦੱਸਿਆ ਕਿ ਏਅਰਪੋਰਟ ਬਾਈਪਾਸ ਰੋਡ ਦੇ ਕੁੱਲ 1250 ਮੀਟਰ ਲੰਬੇ ਹਿੱਸੇ ਵਿੱਚੋਂ ਲਗਭਗ 700 ਮੀਟਰ ਜ਼ਮੀਨ ਦਾ ਕਬਜ਼ਾ ਲੋਕ ਨਿਰਮਾਣ ਵਿਭਾਗ ਵੱਲੋਂ ਪਹਿਲਾਂ ਹੀ ਪ੍ਰਾਪਤ ਕੀਤਾ ਜਾ ਚੁੱਕਾ ਹੈ। ਬਾਕੀ ਰਹਿੰਦੇ ਹਿੱਸੇ ਦੇ ਜ਼ਮੀਨ ਮਾਲਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਮੁਆਵਜ਼ੇ ਸਬੰਧੀ ਦਸਤਾਵੇਜ਼ ਅਤੇ ਫਾਈਲਾਂ ਐਸ.ਡੀ.ਐਮ. ਦਫ਼ਤਰ ਵਿੱਚ ਜਮ੍ਹਾਂ ਕਰਵਾਉਣ ਅਤੇ ਬਣਦਾ ਮੁਆਵਜ਼ਾ ਜਲਦ ਪ੍ਰਾਪਤ ਕਰਨ, ਤਾਂ ਜੋ ਸੜਕ ਦੇ ਬਾਕੀ ਰਹਿੰਦੇ ਕੰਮ ਨੂੰ ਅੱਗੇ ਵਧਾਇਆ ਜਾ ਸਕੇ।



# ਗੋਲਡੀ ਵੱਲੋਂ ਝੁੱਗੀਆਂ ਰੋਡ ਦਾ ਨਿਰਮਾਣ ਕਾਰਜ ਸ਼ੁਰੂ

**ਖਰੜ (ਹਰਨਾਮ ਸਿੰਘ ਡੱਲਾ)**- ਖਰੜ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦਿਆਂ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਵੱਲੋਂ ਝੁੱਗੀਆਂ ਰੋਡ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ ਗਈ। ਇਸ ਵਿਕਾਸ ਕਾਰਜ 'ਤੇ ਕੁੱਲ 3 ਕਰੋੜ 98 ਲੱਖ ਰੁਪਏ ਦੀ ਲਾਗਤ ਆਵੇਗੀ। ਇਸ ਮੌਕੇ ਮਠਿਆਈ ਵੰਡ ਕੇ ਹਾਜ਼ਰ ਲੋਕਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਪਰਮਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਲੋਕਾਂ ਨੂੰ ਬਿਹਤਰ ਸੜਕੀ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਇਲਾਕੇ ਦਾ ਸਰਬਪੱਖੀ ਵਿਕਾਸ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਝੁੱਗੀਆਂ ਰੋਡ ਦੇ ਨਿਰਮਾਣ ਨਾਲ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ। ਸੜਕ ਦੇ ਨਵੀਨੀਕਰਨ ਨਾਲ ਆਵਾਜਾਈ ਹੋਰ ਸੁਖਾਲੀ ਹੋਵੇਗੀ ਅਤੇ ਨਵੀਆਂ ਸਟਰੀਟ ਲਾਈਟਾਂ ਲੱਗਣ ਨਾਲ ਰਾਤ ਸਮੇਂ ਵੀ ਲੋਕਾਂ ਨੂੰ ਆਉਣ-ਜਾਣ ਵਿੱਚ ਸਹੂਲਤ ਮਿਲੇਗੀ। ਕਾਰਜ ਸਾਧਕ ਅਫ਼ਸਰ ਅਸ਼ੋਕ ਪਥਰੀਆ ਨੇ ਦੱਸਿਆ ਕਿ ਇਸ ਸੜਕ ਦੀ ਕੁੱਲ ਲੰਬਾਈ ਲਗਭਗ 6 ਕਿਲੋਮੀਟਰ ਹੋਵੇਗੀ, ਜਿਸ ਵਿੱਚ ਚੰਡੀਗੜ੍ਹ ਰੋਡ ਵੱਲੋਂ ਪਹਿਲਾਂ ਬਣਾਈ ਗਈ ਸੜਕ ਦਾ ਹਿੱਸਾ ਵੀ ਸ਼ਾਮਲ ਹੈ। ਸੜਕ 'ਤੇ ਲੁੱਕ ਪਾਈ ਜਾਵੇਗੀ। ਇਸ ਦੇ ਨਾਲ ਹੀ ਸੜਕ ਦੇ ਦੋਵੇਂ ਪਾਸੇ ਬਰਮਾਂ ਨੂੰ ਪੇਵਰ ਬਲਾਕਾਂ ਨਾਲ ਤਿਆਰ ਕੀਤਾ ਜਾਵੇਗਾ ਅਤੇ ਲੋਕਾਂ ਦੀ ਸਹੂਲਤ ਲਈ ਨਵੇਂ ਬਿਜਲੀ ਦੇ ਖੰਭੇ ਲਗਾਉਣ ਦੇ ਨਾਲ-ਨਾਲ ਨਵੀਆਂ ਸਟਰੀਟ ਲਾਈਟਾਂ ਵੀ ਲਗਾਈਆਂ ਜਾਣਗੀਆਂ। ਇਸ ਮੌਕੇ ਕਾਰਜ ਸਾਧਕ ਅਫ਼ਸਰ ਅਸ਼ੋਕ ਪਥਰੀਆ, ਨਗਰ ਕੌਂਸਲ ਦਾ ਦਫ਼ਤਰੀ ਸਟਾਫ਼, ਗੁਰਸ਼ਰਨ ਸਿੰਘ ਹਲਕਾ ਸੰਗਠਨ ਇੰਚਾਰਜ, ਗੋਵਿੰਦਰ ਚੀਮਾ, ਪ੍ਰਭਜੋਤ ਸਿੰਘ ਖਾਲਸਾ, ਜਤਿੰਦਰ ਸਿੰਘ ਈ ਐੱਮ ਈ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕਰਨ ਦਾ ਸੱਦਾ

**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂੰ ਅਤੇ ਸਟੇਟ ਆਬਜ਼ਰਵਰ ਅਸਿਤ ਕੁਮਾਰ ਵਲੋਂ ਚੰਡੀਗੜ੍ਹ ਵਿਖੇ ਨਸ਼ਾ ਮੁਕਤੀ ਮੋਰਚਾ ਦੇ ਅਧਿਕਾਰੀਆਂ ਨੂੰ ਸਿਖਲਾਈ ਪ੍ਰਦਾਨ ਕਰਨ ਲਈ ਵਿਸ਼ੇਸ਼ ਸਿਖਲਾਈ ਸੈਸ਼ਨ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਦੋਆਬਾ ਜ਼ੋਨ ਦੇ ਇੰਚਾਰਜ ਅਤਿਨ ਅਗਨੀਹੋਤਰੀ ਨੇ ਦੱਸਿਆ ਕਿ ਉਹਨਾਂ ਨੂੰ ਨਸ਼ਾ ਮੁਕਤੀ ਮੋਰਚਾ ਦੀ ਇਸ ਮਹੱਤਵਪੂਰਨ ਮੀਟਿੰਗ ਤੇ ਸਿਖਲਾਈ ਸੈਸ਼ਨ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ। ਉਨ੍ਹਾਂ ਦੱਸਿਆ ਕਿ ਸਿਖਲਾਈ ਸੈਸ਼ਨ ਦੌਰਾਨ ਨਸ਼ਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੱਥ ਪਾਉਣ ਲਈ ਸੰਗਠਨ ਨੂੰ ਹੋਰ ਮਜ਼ਬੂਤ ਕਰਨ, ਤਾਲਮੇਲ ਵਿੱਚ ਸੁਧਾਰ ਕਰਨ, ਜ਼ਮੀਨੀ ਪੱਧਰ 'ਤੇ ਜਾਗਰੂਕਤਾ ਵਧਾਉਣ ਅਤੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਸਮੂਹਿਕ ਯਤਨਾਂ ਨੂੰ ਤੇਜ਼ ਕਰਨ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਅਗਵਾਹੀ ਲੀਹਾਂ ਜਾਰੀ ਕੀਤੀਆਂ ਗਈਆਂ। ਦੋਆਬਾ ਜ਼ੋਨ ਦੇ ਇੰਚਾਰਜ ਅਤਿਨ ਅਗਨੀਹੋਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸੂਬੇ ਨੂੰ ਨਸ਼ਾ ਮੁਕਤ ਤੇ ਸਿਹਤਮੰਦ ਪੰਜਾਬ ਬਣਾਉਣ ਦੇ ਦ੍ਰਿੜ ਸਕੰਲਪ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਵਾਰਡ ਡਿਫੈਂਸ ਕਮੇਟੀਆਂ ਤੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਵਲੋਂ ਸੂਬਾ ਵਾਸੀਆਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸ਼ਹਿਰਾਂ ਤੇ ਪਿੰਡਾਂ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਬਣਾਈਆਂ ਗਈਆਂ ਇਹਨਾਂ ਕਮੇਟੀਆਂ ਦੇ ਮੈਂਬਰਾਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਕੇ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਨਿਕਲਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਅਤਿਨ ਅਗਨੀਹੋਤਰੀ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਜਲੰਧਰ ਵਿਖੇ ਵੀ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ਹੈ।

# ਚੱਬੇਵਾਲ ਨੇ ਛੱਠ ਪੂਜਾ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਆਉਣ ਵਾਲੇ ਛੱਠ ਪੂਜਾ ਦੇ ਤਿਉਹਾਰ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਅਤੇ ਸ਼ਰਧਾਲੂਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਫਗਵਾੜਾ ਦੇ ਅਰਬਨ ਅਸਟੇਟ ਅਤੇ ਓਂਕਾਰ ਨਗਰ ਵਿਖੇ ਛੱਠ ਪੂਜਾ ਦੇ ਸਥਾਨਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਮੇਅਰ ਰਾਮਪਾਲ ਉੱਪਲ, ਡਿਪਟੀ ਮੇਅਰ ਵਿੱਕੀ ਸੂਦ, ਏ ਡੀ ਸੀ ਫਗਵਾੜਾ ਰਣਦੀਪ ਸਿੰਘ ਹੀਰ, ਹੋਰ ਪ੍ਰਸ਼ਾਸਨਿਕ ਅਧਿਕਾਰੀ, ਸਥਾਨਕ ਵਸਨੀਕ ਅਤੇ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ। ਦੌਰੇ ਦੌਰਾਨ ਡਾ. ਚੱਬੇਵਾਲ ਨੇ ਪ੍ਰਬੰਧਕਾਂ ਅਤੇ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਕੇ ਧਾਰਮਿਕ ਸਮਾਗਮਾਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਦੋਵਾਂ ਸਥਾਨਾਂ 'ਤੇ ਲੋੜੀਂਦੀਆਂ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਇਸ ਗੱਲ 'ਤੇ ਵਿਚਾਰ-ਵਟਾਂਦਰਾ ਕੀਤਾ ਕਿ ਸ਼ਰਧਾਲੂਆਂ ਨੂੰ ਸੁਰੱਖਿਅਤ, ਸਾਫ਼-ਸੁਥਰਾ ਅਤੇ ਸੁਚੱਜਾ ਮਾਹੌਲ ਮੁਹੱਈਆ ਕਰਵਾਇਆ ਜਾ ਸਕੇ, ਤਾਂ ਜੋ ਉਹ ਬਿਨਾਂ ਕਿਸੇ ਮੁਸ਼ਕਲ ਦੇ ਪੂਜਾ-ਅਰਚਨਾ ਕਰ ਸਕਣ। ਤਿਉਹਾਰ ਤੋਂ ਪਹਿਲਾਂ ਢੁੱਕਵੇਂ ਪ੍ਰਬੰਧ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਡਾ. ਚੱਬੇਵਾਲ ਨੇ ਸਬੰਧਤ ਅਧਿਕਾਰੀਆਂ ਨੂੰ ਛੱਠ ਪੂਜਾ ਦੇ ਸਥਾਨਾਂ 'ਤੇ ਸਾਫ਼-ਸਫ਼ਾਈ, ਢੁੱਕਵੀਂ ਰੌਸ਼ਨੀ, ਪਾਣੀ ਦੀ ਸਪਲਾਈ, ਸੁਰੱਖਿਆ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਾਰੇ ਪ੍ਰਬੰਧ ਤਿਉਹਾਰ ਤੋਂ ਕਾਫ਼ੀ ਪਹਿਲਾਂ ਮੁਕੰਮਲ ਕੀਤੇ ਜਾਣ, ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਪ੍ਰਧਾਨ ਵਨੀਤਾ ਕੁਮਾਰੀ ਵੱਲੋਂ ਵਿਸ਼ਾਲ ਖੂਨਦਾਨ ਕੈਂਪ

**ਬੰਗਾ (ਅਵਤਾਰ ਕਲੇਰ)**- ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਕਲੱਬ ਐਡਮਨਿਸਟ੍ਰੇਟਰ ਲਾਇਨ ਧੀਰਜ ਮੱਕੜ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕਲੱਬ ਪ੍ਰਧਾਨ ਲਾਇਨ ਵਨੀਤਾ ਕੁਮਾਰੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਰੀਜਨ ਪੱਧਰ 'ਤੇ ਦੂਜਾ ਵਿਸ਼ਾਲ ਖੂਨਦਾਨ ਕੈਂਪ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਬੰਗਾ ਵਿਖੇ ਲਗਾਇਆ ਗਿਆ। ਇਹ ਵਿਸ਼ੇਸ਼ ਕੈਂਪ ਹਸਪਤਾਲ ਵਿੱਚ ਰੱਖੇ ਗਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਕੇ ਕਰਵਾਇਆ ਗਿਆ। 62 ਯੂਨਿਟ ਬਲੱਡ ਬੈਂਕ ਵਲੋਂ ਇਕੱਠਾ ਕੀਤਾ ਗਿਆ। ਜਿਸ ਮੌਕੇ ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਪਰਮਜੀਤ ਸਿੰਘ ਚਾਵਲਾ, ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਹਰੀਸ਼ ਬੰਗਾ, ਜੋਨ ਚੇਅਰਪਰਸਨ ਮੀਨੂੰ ਭੁੱਟਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪਰਮਜੀਤ ਸਿੰਘ ਚਾਵਲਾ ਨੇ ਪ੍ਰਧਾਨ ਵਨੀਤਾ ਕੁਮਾਰੀ ਨੂੰ ਇਸ ਵਿਸ਼ੇਸ਼ ਪ੍ਰੋਜੈਕਟ ਦੀ ਵਧਾਈ ਦਿੱਤੀ। ਹਰੀਸ਼ ਬੰਗਾ ਨੇ ਕਿਹਾ ਕਿ ਕਲੱਬ ਪ੍ਰਧਾਨ ਵਨੀਤਾ ਕੁਮਾਰੀ ਵੱਲੋਂ ਲਗਾਏ ਗਏ ਖੂਨਦਾਨ ਕੈਂਪ ਦੀ ਸੇਵਾ ਸ਼ਲਾਘਾਯੋਗ ਕਦਮ ਹੈ। ਰੀਜਨ 9 ਵਿੱਚੋਂ ਲਾਇਨਜ਼ ਕਲੱਬ ਬੰਗਾ ਮਹਿਕ, ਲਾਇਨਜ਼ ਕਲੱਬ ਬੰਗਾ ਸਿਮਰਨ, ਲਾਇਨਜ਼ ਕਲੱਬ ਮੁਕੰਦਪੁਰ, ਲਾਇਨਜ਼ ਕਲੱਬ ਨਵਾਂਸ਼ਹਿਰ ਗੋਲਡ ਬੰਦਗੀ, ਲਾਇਨਜ ਕਲੱਬ ਗੜ੍ਹਸ਼ੰਕਰ ਸਟਾਰ, ਲਾਇਨਜ਼ ਕਲੱਬ ਸ੍ਰੀ ਅਨੰਦਪੁਰ ਸਾਹਿਬ ਤੋਂ ਸਾਰੇ ਸੀਨੀਅਰ ਲਾਇਨ ਮੈਂਬਰ ਅਤੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਸੁਸਾਇਟੀ ਬੰਗਾ ਦੇ ਮੈਂਬਰ ਸ਼ਾਮਲ ਹੋਏ।

# ਸ੍ਰੀ ਹਨੁਮਤ ਇੰਸਟੀਚਿਊਟ ਵਿਖੇ ਖੇਡ ਮੇਲਾ ਕਰਵਾਇਆ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੁਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਵੱਲੋਂ ਸੰਸਥਾ ਦੇ ਹੋਸਟਲ ਮੈਦਾਨ ਵਿਖੇ ਦੋ ਰੋਜ਼ਾ ਖੇਡ ਮੇਲਾ-2026 ਉਤਸ਼ਾਹ ਅਤੇ ਖੇਡ ਭਾਵਨਾ ਨਾਲ ਕਰਵਾਇਆ ਗਿਆ। ਇਸ ਦੌਰਾਨ ਸੰਸਥਾ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਭਾਗ ਲਿਆ।

ਇਸ ਖੇਡ ਮੇਲੇ ਦੌਰਾਨ ਲੜਕੇ ਅਤੇ ਲੜਕੀਆਂ ਦੇ 100 ਮੀਟਰ ਅਤੇ 200 ਮੀਟਰ ਦੌੜ ਮੁਕਾਬਲੇ, ਨਿੰਬੂ ਦੌੜ, ਬੈਡਮਿੰਟਨ, ਵਾਲੀਬਾਲ ਅਤੇ ਰੱਸਾਕਸ਼ੀ ਸਮੇਤ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਆਪਣੀ ਖੇਡ ਪ੍ਰਤਿਭਾ, ਮਿਹਨਤ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ। ਲੜਕਿਆਂ ਦੇ 100 ਮੀਟਰ ਦੌੜ ਮੁਕਾਬਲੇ ਵਿੱਚ ਬੀ ਐੱਚ ਐੱਮ ਸੀ ਟੀ ਦੇ 7ਵੇਂ ਸਮੈਸਟਰ ਦੇ ਨਵੀਨ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਬੀ ਸੀ ਏ ਦੇ 5ਵੇਂ ਸਮੈਸਟਰ ਦੇ ਸੁਖਜੀਤ ਨੇ ਦੂਜਾ ਅਤੇ ਬੀ ਐੱਚ ਐੱਮ ਸੀ ਟੀ ਦੇ 7ਵੇਂ ਸਮੈਸਟਰ ਦੇ ਜਸ਼ਨਦੀਪ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਇਸੇ ਮੁਕਾਬਲੇ ਵਿੱਚ ਬੀ ਬੀ ਏ ਦੇ 5ਵੇਂ ਸਮੈਸਟਰ ਦੀ ਤਰਨਪ੍ਰੀਤ ਕੌਰ ਪਹਿਲੇ, ਬੀ ਬੀ ਏ ਦੇ ਪਹਿਲੇ ਸਮੈਸਟਰ ਦੀ ਗੁਰਲੀਨ ਕੌਰ ਦੂਜੇ ਅਤੇ ਬੀ.ਕਾਮ ਦੇ ਤੀਜੇ ਸਮੈਸਟਰ ਦੀ ਬਲਜੋਤ ਕੌਰ ਤੀਜੇ ਸਥਾਨ 'ਤੇ ਰਹੀ। ਇਸੇ ਤਰ੍ਹਾਂ 200 ਮੀਟਰ ਦੌੜ ਮੁਕਾਬਲੇ ਵਿੱਚ ਲੜਕਿਆਂ ਦੇ ਵਰਗ ਵਿੱਚ ਬੀ ਸੀ ਏ ਦੇ 5ਵੇਂ ਸਮੈਸਟਰ ਦੇ ਗੁਰਦਿਆਲ ਨੇ ਪਹਿਲਾ, ਬੀ ਐੱਚ ਐੱਮ ਸੀ ਟੀ ਦੇ 7ਵੇਂ ਸਮੈਸਟਰ ਦੇ ਨਵੀਨ ਨੇ ਦੂਜਾ ਅਤੇ ਬੀ ਬੀ ਏ ਦੇ ਪਹਿਲੇ ਸਮੈਸਟਰ ਦੇ ਸਵਨਪ੍ਰੀਤ ਨੇ ਤੀਜਾ ਸਥਾਨ ਹਾਸਲ ਕੀਤਾ। ਲੜਕੀਆਂ ਦੇ ਵਰਗ ਵਿੱਚ ਬੀ ਬੀ ਏ ਦੇ ਪਹਿਲੇ ਸਮੈਸਟਰ ਦੀਆਂ ਗੁਰਲੀਨ ਕੌਰ ਅਤੇ ਮਨਵੀਰ ਕੌਰ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ।

ਨਿੰਬੂ ਦੌੜ ਦੇ ਲੜਕਿਆਂ ਵਾਲੇ ਮੁਕਾਬਲੇ ਵਿੱਚ ਬੀ ਐੱਚ ਐੱਮ ਸੀ ਟੀ ਦੇ ਪਹਿਲੇ ਸਮੈਸਟਰ ਦੇ ਬਲਰਾਜ ਨੇ ਪਹਿਲਾ ਸਥਾਨ ਹਾਸਲ ਕੀਤਾ। ਲੜਕੀਆਂ ਦੇ ਵਰਗ ਵਿੱਚ ਬੀ ਸੀ ਏ ਦੇ ਪਹਿਲੇ ਸਮੈਸਟਰ ਦੀ ਹਰਜੋਤ ਕੌਰ ਪਹਿਲੇ, ਬੀ ਸੀ ਏ ਦੇ 5ਵੇਂ ਸਮੈਸਟਰ ਦੀ ਜੋਤੀ ਦੂਜੇ ਅਤੇ ਬੀ ਸੀ ਏ ਦੇ ਪਹਿਲੇ ਸਮੈਸਟਰ ਦੀ ਜਾਫ਼ਰੀਨ ਤੀਜੇ ਸਥਾਨ 'ਤੇ ਰਹੀ। ਲੜਕੀਆਂ ਦੇ ਬੈਡਮਿੰਟਨ ਮੁਕਾਬਲੇ ਵਿੱਚ ਬੀ ਬੀ ਏ ਦੇ 5ਵੇਂ ਸਮੈਸਟਰ ਦੀ ਤਰਨਪ੍ਰੀਤ ਕੌਰ ਨੇ ਜੇਤੂ ਬਣਨ ਦਾ ਮਾਣ ਹਾਸਲ ਕੀਤਾ, ਜਦਕਿ ਬੀ.ਐੱਚ.ਐੱਮ.ਸੀ.ਟੀ. ਦੇ ਪਹਿਲੇ ਸਮੈਸਟਰ ਦੀ ਦਿਲਪ੍ਰੀਤ ਕੌਰ ਉਪ-ਜੇਤੂ ਰਹੀ।

ਵਾਲੀਬਾਲ ਮੁਕਾਬਲੇ ਵਿੱਚ ਸੁਖਜੀਤ (ਬੀ ਸੀ ਏ , 5ਵਾਂ ਸਮੈਸਟਰ), ਸਾਹਿਲ (ਬੀ ਸੀ ਏ, ਤੀਜਾ ਸਮੈਸਟਰ), ਗੁਰਜੋਤਬੀਰ ਸਿੰਘ (ਬੀ ਸੀ ਏ, ਤੀਜਾ ਸਮੈਸਟਰ), ਕਰਨਵੀਰ (ਬੀ ਸੀ ਏ, ਤੀਜਾ ਸਮੈਸਟਰ), ਸਵਨਪ੍ਰੀਤ (ਬੀ ਬੀ ਏ, ਪਹਿਲਾ ਸਮੈਸਟਰ) ਅਤੇ ਹਰਕੀਰਤ ਸਿੰਘ (ਬੀ ਐੱਚ ਐੱਮ ਸੀ ਟੀ, 5ਵਾਂ ਸਮੈਸਟਰ) ਦੀ ਟੀਮ ਜੇਤੂ ਰਹੀ। ਟੀਮ ਦੇ ਖਿਡਾਰੀਆਂ ਨੇ ਸ਼ਾਨਦਾਰ ਤਾਲਮੇਲ, ਰਣਨੀਤੀ ਅਤੇ ਆਪਸੀ ਸਹਿਯੋਗ ਦਾ ਪ੍ਰਦਰਸ਼ਨ ਕੀਤਾ। ਲੜਕਿਆਂ ਦੇ ਰੱਸਾਕਸ਼ੀ ਮੁਕਾਬਲੇ ਵਿੱਚ ਬਲਰਾਜ (ਬੀ ਐੱਚ ਐੱਮ ਸੀ ਟੀ, ਪਹਿਲਾ ਸਮੈਸਟਰ), ਰਵੀ ਕੁਮਾਰ (ਬੀ ਬੀ ਏ, ਪਹਿਲਾ ਸਮੈਸਟਰ), ਸੁਖਜੀਤ (ਬੀ ਸੀ ਏ, 5ਵਾਂ ਸਮੈਸਟਰ), ਸਰਬਜੀਤ ਹੀਰ (ਬੀ ਸੀ ਏ, ਪਹਿਲਾ ਸਮੈਸਟਰ), ਸਵਨਪ੍ਰੀਤ (ਬੀ ਬੀ ਏ, ਪਹਿਲਾ ਸਮੈਸਟਰ), ਕਰਨ ਢੇਸੀ (ਏ ਐੱਚ ਐੱਲ ਈ ਆਈ), ਭੁਪਿੰਦਰ (ਬੀ ਐੱਚ ਐੱਮ ਸੀ ਟੀ, ਪਹਿਲਾ ਸਮੈਸਟਰ) ਅਤੇ ਦਿਵਾਂਸ਼ (ਬੀ ਬੀ ਏ, ਤੀਜਾ ਸਮੈਸਟਰ) ਦੀ ਟੀਮ ਨੇ ਜਿੱਤ ਦਰਜ ਕੀਤੀ।

ਲੜਕੀਆਂ ਦੇ ਰੱਸਾਕਸ਼ੀ ਮੁਕਾਬਲੇ ਵਿੱਚ ਪ੍ਰਿਆ (ਬੀ ਸੀ ਏ, 5ਵਾਂ ਸਮੈਸਟਰ), ਜਾਨਵੀ (ਬੀ ਸੀ ਏ, ਪਹਿਲਾ ਸਮੈਸਟਰ), ਗੁਰਵਿੰਦਰ ਕੌਰ (ਬੀ ਐੱਚ ਐੱਮ ਸੀ ਟੀ, 5ਵਾਂ ਸਮੈਸਟਰ), ਰਮਨਦੀਪ ਕੌਰ (ਬੀ ਐੱਚ ਐੱਮ ਸੀ ਟੀ, 5ਵਾਂ ਸਮੈਸਟਰ), ਦਿਲਪ੍ਰੀਤ ਕੌਰ (ਬੀ ਐੱਚ ਐੱਮ ਸੀ ਟੀ, ਪਹਿਲਾ ਸਮੈਸਟਰ), ਤਮੰਨਾ (ਬੀ ਐੱਚ ਐੱਮ ਸੀ ਟੀ, ਪਹਿਲਾ ਸਮੈਸਟਰ) ਅਤੇ ਹਰਦੀਪ ਕੌਰ ਮੱਲ (ਬੀ ਐੱਚ ਐੱਮ ਸੀ ਟੀ, ਪਹਿਲਾ ਸਮੈਸਟਰ) ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਦੋਵਾਂ ਮੁਕਾਬਲਿਆਂ ਨੇ ਏਕਤਾ, ਤਾਕਤ, ਦ੍ਰਿੜ੍ਹ ਇਰਾਦੇ ਅਤੇ ਸਾਂਝੇ ਯਤਨਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ।ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਹਿਮ-ਸ਼ਿਮਟ ਇੰਸਟੀਚਿਊਟ ਦੇ ਪ੍ਰਿੰਸੀਪਲ ਪ੍ਰੋ. (ਡਾ.) ਪਲਵਿੰਦਰ ਕੁਮਾਰ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਸੰਜੀਵ ਕੁਮਾਰ ਮਿੰਟੂ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ



**ਪੋਜੇਵਾਲ (ਰਾਮ ਲਾਲ)**- ਭਾਰਤੀ ਜਨਤਾ ਪਾਰਟੀ ਮੰਡਲ ਬਲਾਚੌਰ ਸ਼ਹਿਰੀ ਦੇ ਮੰਡਲ ਪ੍ਰਧਾਨ ਪਰਵੀਨ ਕੁਮਾਰ ਪੁਰੀ (ਪੱਪਾ) ਵੱਲੋਂ ਪਾਰਟੀ ਪ੍ਰਤੀ ਸੇਵਾਵਾਂ, ਲਗਨ ਅਤੇ ਸਮਰਪਣ ਨੂੰ ਮੁੱਖ ਰੱਖਦਿਆਂ ਸੰਜੀਵ ਕੁਮਾਰ ਮਿੰਟੂ ਨੂੰ ਮੰਡਲ ਬਲਾਚੌਰ ਸ਼ਹਿਰੀ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।

ਇਸ ਮੌਕੇ ਮੰਡਲ ਪ੍ਰਧਾਨ ਪਰਵੀਨ ਕੁਮਾਰ ਪੁਰੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸੰਜੀਵ ਕੁਮਾਰ ਮਿੰਟੂ ਆਪਣੀ ਨਵੀਂ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਪਾਰਟੀ ਦੀਆਂ ਨੀਤੀਆਂ ਤੇ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਸਰਗਰਮ ਯੋਗਦਾਨ ਪਾਉਣਗੇ।

ਗੁਰਦੇਵ ਸਿੰਘ ਪੁੱਤਰ ਬੂਟਾ ਰਾਮ ਪਿੰਡ ਰਜਾਪੁਰ ਥਾਣਾ ਸਦਰ ਕਪੂਰਥਲਾ ਜਿਸ ਦਾ ਮੋਬਾਈਲ ਫੋਨ ਡਿੱਗ ਪਿਆ ਸੀ, ਨੂੰ ਲੱਭ ਕੇ ਉਸ ਦੇ ਅਸਲ ਮਾਲਕ ਗੁਰਦੇਵ ਸਿੰਘ ਪੁੱਤਰ ਬੂਟਾ ਰਾਮ ਪਿੰਡ ਰਜਾਪੁਰ ਦੇ ਥਾਣਾ ਸਦਰ ਕਪੂਰਥਲਾ ਦੇ ਮੁਖੀ ਐਸ ਐਚ ਓ ਸ੍ਰ ਮੇਜ਼ਰ ਸਿੰਘ ਵੱਲੋਂ ਹਵਾਲੇ ਕੀਤਾ ਗਿਆ। (ਫੋਟੋ ਤੇ ਵੇਰਵਾ : ਮਨਜੀਤ ਮਾਨ ਕਪੂਰਥਲਾ)

# ਵਿਦਿਆਰਥਣ ਦੀ ਸ਼ੱਕੀ ਹਾਲਾਤ ਵਿੱਚ ਹੱਤਿਆ, ਘਟਨਾ ਤੋਂ ਬਾਅਦ ਪਿਤਾ ਘਰੋਂ ਗਾਇਬ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਧੂਤ ਕਲਾਂ ਵਿੱਚ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ, ਜਿੱਥੇ 12ਵੀਂ ਜਮਾਤ ਵਿੱਚ ਪੜ੍ਹਦੀ ਵਿਦਿਆਰਥਣ ਇੰਦਰਪ੍ਰੀਤ ਕੌਰ ਦੀ ਸ਼ੱਕੀ ਹਾਲਾਤ ਵਿੱਚ ਹੱਤਿਆ ਕਰ ਦਿੱਤੀ ਗਈ। ਮੁੱਢਲੀ ਜਾਣਕਾਰੀ ਅਨੁਸਾਰ ਇਸ ਵਾਰਦਾਤ ਵਿੱਚ ਉਸ ਦੇ ਪਿਤਾ ਅਮਰਜੀਤ ਸਿੰਘ ਦੀ ਸ਼ਮੂਲੀਅਤ ਹੋਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ। ਘਟਨਾ ਤੋਂ ਬਾਅਦ ਪਿਤਾ ਦੇ ਘਰੋਂ ਗਾਇਬ ਹੋਣ ਕਾਰਨ ਮਾਮਲਾ ਹੋਰ ਗੰਭੀਰ ਬਣ ਗਿਆ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇੰਦਰਪ੍ਰੀਤ ਕੌਰ ਦੇਸ਼ ਭਗਤਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਧੂਤ ਕਲਾਂ ਵਿੱਚ 12ਵੀਂ ਜਮਾਤ ਦੀ ਵਿਦਿਆਰਥਣ ਸੀ ਅਤੇ ਆਪਣੇ ਮਾਤਾ-ਪਿਤਾ ਨਾਲ ਰਹਿੰਦੀ ਸੀ। ਦੱਸਿਆ ਜਾ ਰਿਹਾ ਹੈ ਕਿ ਸਵੇਰੇ ਕਰੀਬ 6:30 ਤੋਂ 7 ਵਜੇ ਦੇ ਵਿਚਕਾਰ ਉਸ ਦੀ ਮਾਤਾ ਬਲਜੀਤ ਕੌਰ ਦੁੱਧ ਚੋਣ ਲਈ ਘਰ ਤੋਂ ਹਵੇਲੀ ਗਈ ਹੋਈ ਸੀ। ਕਰੀਬ ਇੱਕ ਘੰਟੇ ਬਾਅਦ ਜਦੋਂ ਉਹ ਵਾਪਸ ਘਰ ਪਰਤੀ ਤਾਂ ਕਮਰੇ ਵਿੱਚ ਆਪਣੀ ਧੀ ਨੂੰ ਖੂਨ ਨਾਲ ਲੱਥਪੱਥ ਹਾਲਤ ਵਿੱਚ ਬੈੱਡ ਦੇ ਹੇਠਾਂ ਪਿਆ ਦੇਖ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਜਾਣਕਾਰੀ ਮੁਤਾਬਕ ਵਿਦਿਆਰਥਣ ਦੇ ਗਲੇ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤੇ ਜਾਣ ਦੇ ਨਿਸ਼ਾਨ ਸਨ। ਘਟਨਾ ਦਾ ਪਤਾ ਲੱਗਦਿਆਂ ਹੀ ਮ੍ਰਿਤਕਾ ਦੀ ਮਾਤਾ ਨੇ ਰੌਲਾ ਪਾਇਆ, ਜਿਸ 'ਤੇ ਆਂਢ-ਗੁਆਂਢ ਦੇ ਲੋਕ ਇਕੱਠੇ ਹੋ ਗਏ। ਇਸ ਤੋਂ ਬਾਅਦ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਘਟਨਾ ਦੀ ਖ਼ਬਰ ਫੈਲਦਿਆਂ ਹੀ ਪਿੰਡ ਵਿੱਚ ਸੋਗ ਅਤੇ ਸਹਿਮ ਦਾ ਮਾਹੌਲ ਬਣ ਗਿਆ। ਸੂਚਨਾ ਮਿਲਣ 'ਤੇ ਡੀ ਐੱਸ ਪੀ (ਆਰ.) ਨਰਿੰਦਰ ਸਿੰਘ, ਥਾਣਾ ਹਰਿਆਣਾ ਦੇ ਐੱਸ ਐੱਚ ਓ ਐੱਸ.ਆਈ. ਗੁਰਚਰਨ ਸਿੰਘ ਅਤੇ ਪੁਲਿਸ ਚੌਕੀ ਭੂੰਗਾ ਦੇ ਇੰਚਾਰਜ ਐੱਸ.ਆਈ. ਅਜਮੇਰ ਸਿੰਘ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ। ਪੁਲਸ ਵੱਲੋਂ ਘਟਨਾ ਸਥਾਨ ਦੀ ਜਾਂਚ ਕਰਦਿਆਂ ਸਬੂਤ ਇਕੱਠੇ ਕਰਨ ਅਤੇ ਮਾਮਲੇ ਨਾਲ ਜੁੜੇ ਤੱਥਾਂ ਦੀ ਪੜਤਾਲ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ। ਫਿਲਹਾਲ ਪੁਲਿਸ ਵੱਲੋਂ ਮਾਮਲੇ ਦੇ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਵਿਦਿਆਰਥਣ ਦੀ ਹੱਤਿਆ ਦੇ ਅਸਲ ਕਾਰਨਾਂ ਅਤੇ ਘਟਨਾ ਵਿੱਚ ਕੌਣ-ਕੌਣ ਸ਼ਾਮਲ ਹੈ, ਇਸ ਬਾਰੇ ਪੁਲਸ ਜਾਂਚ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋ ਸਕੇਗੀ।

# 'ਦੀਵਾਲੀ ਦਾ ਤਿਉਹਾਰ ਪ੍ਰਦੂਸ਼ਣ ਰਹਿਤ ਮਨਾਉਣਾ ਚਾਹੀਦੈ'

**ਮੋਰਿੰਡਾ (ਨਿਹਾਲ ਸਿੰਘ ਕਲਸੀ)-** ਦੀਵਾਲੀ ਦਾ ਤਿਉਹਾਰ ਜ਼ਿਆਦਾਤਰ ਸਾਨੂੰ ਪ੍ਰਦੂਸ਼ਣ ਰਹਿਤ ਮਨਾਉਣਾ ਚਾਹੀਦਾ ਹੈ ਇਹ ਵਿਚਾਰ ਭਾਈ ਸੁਖਬੀਰ ਸਿੰਘ ਕਧੋਲੇ ਵਾਲਿਆਂ ਦੀਵਾਲੀ

ਮੌਕੇ 'ਤੇ ਸੰਗਤ ਨੂੰ ਅਪੀਲ ਕਰਦਿਆਂ ਪ੍ਰਗਟ ਕੀਤੇ ਕਿ ਇਸ ਮੌਕੇ ਉਹਨਾਂ ਕਿਹਾ ਕਿ ਇਹ ਤਿਉਹਾਰ ਸਾਡੇ ਵਿੱਚ ਆਪਸੀ ਭਾਈਚਾਰਕ ਦੀ ਸਾਂਝ ਵਧਾਉਂਦਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਇਹ ਤਿਉਹਾਰ ਪ੍ਰਦੂਸ਼ਣ ਰਹਿਤ ਮਨਾਇਆ ਜਾਵੇ। ਉਨ੍ਹਾਂ ਕਿਹਾ ਕਿ ਦਿਵਾਲੀ ਰੌਸ਼ਨੀਆਂ ਦਾ ਤਿਉਹਾਰ ਹੈ, ਨਾ ਕਿ ਪ੍ਰਦੂਸ਼ਣ ਫੈਲਾਉਣ ਦਾ,ਪਟਾਕਿਆਂ ਦੇ ਧੂੰਆਂ ਸਾਡੀ ਹਵਾ ਨੂੰ ਬਹੁਤ ਜਿਆਦਾ ਪ੍ਰਦੂਸ਼ਿਤ ਕਰਦਾ ਹੈ, ਜਿਸ ਨਾਲ ਬਜ਼ੁਰਗਾਂ, ਬੱਚਿਆਂ ਅਤੇ ਦਮੇ ਦੇ ਮਰੀਜ਼ਾਂ ਨੂੰ ਬੜੀ ਵੱਡੀ ਪਰੇਸ਼ਾਨੀ ਹੁੰਦੀ ਹੈ।ਇਸ ਮੌਕੇ ਭਾਈ ਸੁਖਬੀਰ ਸਿੰਘ ਕੰਧੋਲੇ ਵਾਲਿਆ ਨੇ ਨੌਜਵਾਨਾਂ ਨੂੰ ਖਾਸ ਅਪੀਲ ਕਰਦਿਆਂ ਕਿਹਾ ਕਿ ਪਟਾਕਿਆਂ 'ਤੇ ਖਰਚ ਕੀਤੇ ਪੈਸਿਆਂ ਦੀ ਥਾਂ ਲੋੜਵੰਦ ਪਰਵਾਰਾਂ ਦੀ ਮਦਦ ਕੀਤੀ ਜਾਵੇ।

# ਡਾ. ਇਸ਼ਾਂਕ ਨੇ ਸ਼ੇਰਪੁਰ ਤੇ ਜੰਡਿਆਲਾ ਦੇ 310 ਪਰਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡੇ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)-** ਘਰ ਸਿਰਫ਼ ਇੱਟਾਂ ਅਤੇ ਸੀਮਿੰਟ ਨਾਲ ਬਣਿਆ ਢਾਂਚਾ ਨਹੀਂ ਹੁੰਦਾ, ਸਗੋਂ ਇਹ ਕਿਸੇ ਪਰਿਵਾਰ

ਦੀ ਪਛਾਣ, ਯਾਦਾਂ ਅਤੇ ਜ਼ਿੰਦਗੀ ਭਰ ਦੇ ਸੁਪਨਿਆਂ ਦਾ ਪ੍ਰਤੀਕ ਹੁੰਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ 'ਮੇਰਾ ਘਰ ਮੇਰੇ ਨਾਮ' ਯੋਜਨਾ ਤਹਿਤ ਸ਼ੇਰਪੁਰ ਅਤੇ ਜੰਡਿਆਲਾ ਪਿੰਡਾਂ ਵਿੱਚ ਲਾਲ ਲਕੀਰ ਦੇ ਅੰਦਰ ਰਹਿੰਦੇ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡੇ ਅਤੇ ਕਿਹਾ ਕਿ ਇਸ ਪਹਿਲਕਦਮੀ ਨਾਲ ਲੋਕਾਂ ਨੂੰ ਆਪਣੇ ਘਰਾਂ ਸਬੰਧੀ ਵਧੇਰੇ ਸੁਰੱਖਿਆ ਅਤੇ ਭਰੋਸੇ ਦੀ ਭਾਵਨਾ ਮਿਲੇਗੀ। ਇਸ ਯੋਜਨਾ ਤਹਿਤ ਕੁੱਲ 310 ਪਰਵਾਰਾਂ ਨੂੰ ਲਾਭ ਮਿਲਿਆ, ਜਿਨ੍ਹਾਂ ਵਿੱਚ ਸ਼ੇਰਪੁਰ ਦੇ 92 ਅਤੇ ਜੰਡਿਆਲਾ ਦੇ 218 ਪਰਵਾਰ ਸ਼ਾਮਲ ਹਨ। ਜਿਹੜੇ ਪਰਵਾਰ ਪੀੜ੍ਹੀਆਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਹਨ, ਉਨ੍ਹਾਂ ਲਈ ਇਹ ਪ੍ਰਾਪਰਟੀ ਕਾਰਡ ਸਿਰਫ਼ ਸਰਕਾਰੀ ਦਸਤਾਵੇਜ਼ ਨਹੀਂ, ਸਗੋਂ ਉਨ੍ਹਾਂ ਦੇ ਘਰਾਂ ਨੂੰ ਮਿਲੀ ਪਛਾਣ, ਭਰੋਸੇ ਅਤੇ ਆਪਣੇ ਬੱਚਿਆਂ ਦੇ ਵਧੇਰੇ ਸੁਰੱਖਿਅਤ ਭਵਿੱਖ ਦੀ ਉਮੀਦ ਦਾ ਪ੍ਰਤੀਕ ਹਨ। ਇਹ ਪਹਿਲਕਦਮੀ ਆਮ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਦੀ ਮਹੱਤਤਾ ਨੂੰ ਦਰਸਾਉਂਦੀ ਹੈ। 'ਮੇਰਾ ਘਰ ਮੇਰੇ ਨਾਮ' ਯੋਜਨਾ ਦਾ ਮੁੱਖ ਉਦੇਸ਼ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਸਬੰਧੀ ਪਛਾਣ ਅਤੇ ਸੁਰੱਖਿਆ ਦੀ ਵਧੇਰੇ ਭਾਵਨਾ ਪ੍ਰਦਾਨ ਕਰਨਾ ਹੈ।

# ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸਜਾਈ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪਿੰਡ ਮੋਨਾ ਕਲਾਂ ਵਿਖੇ ਮਹਾਂਰਿਸ਼ੀ ਭਗਵਾਨ ਵਾਲਮੀਕਿ ਮੰਦਰ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਂਰਿਸ਼ੀ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਮੌਕੇ ਵਿਸ਼ਾਲ ਸ਼ੋਭਾ ਧੂਮਧਾਮ ਨਾਲ ਯਾਤਰਾ ਸਜਾਈ ਗਈ।

ਇਸ ਮੌਕੇ ਮੰਦਿਰ ਦੇ ਕਮੇਟੀ ਦੇ ਪ੍ਰਧਾਨ ਅਸ਼ੋਕ ਕੁਮਾਰ, ਹੰਸ ਰਾਜ ਉਪ ਪ੍ਰਧਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਇਸ ਵਿਸ਼ਾਲ ਸ਼ੋਭਾ ਯਾਤਰਾ ਦੋਰਾਨ ਮਹਾਂਰਿਸ਼ੀ ਭਗਵਾਨ ਵਾਲਮੀਕਿ ਦੇ ਜੀਵਨ ਕਾਲ ਸੰਬੰਧਿਤ ਸੁੰਦਰ ਝਾਕੀਆਂ ਕੱਢੀਆਂ ਗਈਆਂ।ਇਹ ਵਿਸ਼ਾਲ ਸ਼ੋਭਾ ਯਾਤਰਾ ਭਗਵਾਨ ਵਾਲਮੀਕਿ ਮੰਦਰ ਤੋਂ ਆਰੰਭ ਹੋ ਕੇ ਪਿੰਡ ਮੋਨਾ ਕਲਾਂ, ਮੋਨਾ ਖੁਰਦ ਤੋਂ ਹੁੰਦੀ ਹੋਈ ਨਗਰ ਦੀ ਪਰਿਕਰਮਾ ਕਰਦੀ ਹੋਈ ਸ਼ਾਮ ਨੂੰ ਸਮਾਪਤੀ ਹੋਈ।

ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਵਿਸ਼ਾਲ ਸ਼ੋਭਾ ਯਾਤਰਾ ਵੱਖ ਵੱਖ ਪੜਾਵਾਂ ਤੇ ਸੰਗਤਾਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਵੱਖ ਵੱਖ ਮੁਹੱਲਿਆਂ ਵਿੱਚ ਲੰਗਰ ਲਗਾਏ ਗਏ। ਇਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਮੌਕੇ ਸੰਗਤਾਂ ਵੱਲੋਂ ਮਹਾਰਿਸ਼ੀ ਭਗਵਾਨ ਵਾਲਮੀਕ ਦੇ ਭਜਨ ਗਾਇਨ ਕੀਤੇ ਗਏ।

ਇਸ ਮੌਕੇ ਸਲਾਨਾ ਵਿਸ਼ਾਲ ਸ਼ੋਭਾ ਯਾਤਰਾ ਮੌਕੇ ਕਮੇਟੀ ਪ੍ਰਧਾਨ ਅਸ਼ੋਕ ਕੁਮਾਰ ਨੇ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਸਹਿਯੋਗ ਦੇਣ ਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਦੌਰਾਨ ਪ੍ਰਧਾਨ ਅਸ਼ੋਕ ਕੁਮਾਰ, ਹੰਸਰਾਜ ਮੰਗਾ ਉਪ ਪ੍ਰਧਾਨ, ਸੁਰਿੰਦਰ ਪਾਲ ਜਨਰਲ ਸਕੱਤਰ, ਸਰਪੰਚ ਗੁਰਮੀਤ ਸਿੰਘ ਮੋਨਾ ਕਲਾਂ, ਕੁਲਦੀਪ ਸਿੰਘ ਮਾਣਕ, ਨੰਬਰਦਾਰ ਗੋਰਵ, ਚਰਨਜੀਤ ਸਿੰਘ ਸਾਬਕਾ ਸਰਪੰਚ, ਸੁਰਿੰਦਰ ਪਾਲ ਸਿੰਘ ਕਵੀ ਸਾਬਕਾ ਸਰਪੰਚ, ਬਲਵੀਰ ਸਿੰਘ, ਜਤਿੰਦਰ ਕੁਮਾਰ, ਰਾਧਾ ਪੰਚ,ਕਰਨ ਮੱਟੂ ਪੰਚ, ਸਾਹਿਲ ਲਾਹੌਰੀਆ ਖਜਾਨਚੀ, ਚਰਨਜੀਤ ਕੁਮਾਰ, ਜਗਜੀਤ ਕੁਮਾਰ, ਕਰਨ ਕੁਮਾਰ, ਵਿਜੈ ਕੁਮਾਰ, ਕ੍ਰਿਸ਼ਨ ਕੁਮਾਰ, ਸਰਵਣ ਕੁਮਾਰ, ਅਸ਼ੋਕ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕਿਸਾਨਾਂ ਨੂੰ ਡੇਅਰੀ ਵਿਭਾਗ ਦੀਆਂ ਸਕੀਮਾਂ ਤੇ ਸਬਸਿਡੀਆਂ ਦਾ ਲਾਭ ਉਠਾਉਣ ਦਾ ਸੱਦਾ

**ਜਲੰਧਰ (ਸੁਰਿੰਦਰ ਕੁਮਾਰ)-** ਡਿਪਟੀ ਡਾਇਰੈਕਟਰ ਡੇਅਰੀ ਕਪਲਮੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਡੇਅਰੀ ਕਿੱਤੇ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਲਗਾਤਾਰ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਡੇਅਰੀ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਨਵੀਨਤਮ ਤਕਨੀਕਾਂ ਸਬੰਧੀ ਸਮੇਂ-ਸਮੇਂ 'ਤੇ ਜਾਗਰੂਕਤਾ ਮੁਹਿੰਮਾਂ ਕਰਵਾਈਆਂ ਜਾ ਰਹੀਆਂ ਹਨ। ਡਿਪਟੀ ਡਾਇਰੈਕਟਰ ਡੇਅਰੀ ਨੇ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਵਰਿਆਮ ਸਿੰਘ ਗਿੱਲ ਦੀ ਅਗਵਾਈ ਵਿੱਚ ਡੇਅਰੀ ਕਿਸਾਨਾਂ ਨੂੰ ਡੇਅਰੀ ਮਸ਼ੀਨਰੀ, ਦੁਧਾਰੂ ਪਸ਼ੂਆਂ, ਵਿਭਾਗ ਦੇ ਮਾਪਦੰਡਾਂ ਅਨੁਸਾਰ ਬਣਾਏ ਗਏ ਆਧੁਨਿਕ ਕੈਟਲ ਸ਼ੈੱਡਾਂ, ਚਾਰੇ ਦੀ ਕਟਾਈ ਲਈ ਸਿੰਗਲ ਚੌਪ ਫੋਡਰ ਹਾਰਵੈਸਟਰ ਅਤੇ ਦੁੱਧ ਚੁਆਈ ਵਾਲੀਆਂ ਮਸ਼ੀਨਾਂ 'ਤੇ ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੇ ਫੋਡਰ ਹਾਰਵੈਸਟਰ ਮਸ਼ੀਨਾਂ ਲਗਾਈਆਂ ਹੋਈਆਂ ਹਨ ਜਾਂ ਵਿਭਾਗ ਦੇ ਨਿਰਧਾਰਤ ਮਾਪਦੰਡਾਂ ਅਨੁਸਾਰ ਆਧੁਨਿਕ ਕੈਟਲ ਸ਼ੈਡ ਬਣਾਏ ਹੋਏ ਹਨ, ਉਹ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਲਈ ਜਲਦ ਤੋਂ ਜਲਦ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ, ਲਾਡੋਵਾਲੀ ਰੋਡ, ਆਰ ਡੀ ਡੀ ਐੱਲ ਕੰਪਲੈਕਸ ਜਲੰਧਰ ਵਿਖੇ ਸੰਪਰਕ ਕਰਨ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਡੇਅਰੀ ਫਾਰਮਰਾਂ ਨੂੰ ਪੰਜਾਬ ਸਰਕਾਰ ਵਲੋਂ ਡੇਅਰੀ ਕਿੱਤੇ ਨੂੰ ਹੋਰ ਲਾਹੇਵੰਦ ਬਣਾਉਣ ਲਈ ਦਿੱਤੀਆਂ ਜਾ ਰਹੀਆਂ ਸਕੀਮਾਂ ਤੇ ਸਬਸਿਡੀਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਵਿਭਾਗ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ।

# ਮਹਾਰਿਸ਼ੀ ਵਾਲਮੀਕਿ ਦਾ ਪ੍ਰਕਾਸ਼ ਪੁਰਬ ਮਨਾਇਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)-** ਸੈਂਟਰਲ ਵਾਲਮੀਕਿ ਸਭਾ ਇੰਡੀਆ, ਜ਼ਿਲ੍ਹਾ ਰੂਪਨਗਰ ਵੱਲੋਂ ਮੋਰਿੰਡਾ ਵਿਖੇ ਮਹਾਰਿਸ਼ੀ ਵਾਲਮੀਕਿ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਨਗਰ ਖੇੜਾ, ਮੋਰਿੰਡਾ ਦੇ ਨੇੜੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਅਤੇ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਂਟਰਲ ਵਾਲਮੀਕਿ ਸਭਾ ਇੰਡੀਆ ਦੇ ਜ਼ਿਲ੍ਹਾ ਪ੍ਰਧਾਨ ਰਮਨ ਮੱਟੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਮਾਗਮ ਸੈਂਟਰਲ ਵਾਲਮੀਕਿ ਸਭਾ ਰੂਪਨਗਰ ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਕੁਲਵਿੰਦਰ ਕੈਲੀ ਤੇ ਗੁਰਲੇਜ਼ ਅਖ਼ਤਰ ਨੇ ਆਪਣੀ ਪੰਜਾਬੀ ਲੋਕ ਗਾਇਕੀ ਰਾਹੀਂ ਦਰਸ਼ਕਾਂ ਖੂਬ ਮਨੋਰੰਜਨ ਕੀਤਾ। ਇਸ ਮੌਕੇ ਭਾਜਪਾ ਦੀ ਸੀਨੀਅਰ ਆਗੂ ਮੈਡਮ ਅੰਜੂ ਬਾਲਾ ਸਿੰਘ ਮੈਡਮ ਅਮਨਪ੍ਰੀਤ ਕੌਰ ਰਾਏ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਇਸ ਮੌਕੇ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਸੈਂਟਰਲ ਵਾਲਮੀਕਿ ਸਭਾ ਇੰਡੀਆ ਦੇ ਕੌਮੀ ਪ੍ਰਧਾਨ ਗੇਜਾ ਰਾਮ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਭਗਵਾਨ ਮਹਾਰਿਸ਼ੀ ਵਾਲਮੀਕਿ ਦੀਆਂ ਸਿੱਖਿਆਵਾਂ ਅਤੇ ਵਿਚਾਰਧਾਰਾ 'ਤੇ ਚੱਲਣ ਦਾ ਸੱਦਾ ਦਿੰਦਿਆਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਆਪਸੀ ਭਾਈਚਾਰੇ, ਸਾਂਝੀਵਾਲਤਾ ਅਤੇ ਏਕਤਾ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਰਮਨ ਕੁਮਾਰ ਮੱਟੂ ਦੀ ਟੀਮ ਵੱਲੋਂ ਮੈਡਮ ਅੰਜੂ ਬਾਲਾ ਸਿੰਘ ਮੈਡਮ ਅਮਨਪ੍ਰੀਤ ਕੌਰ ਰਾਏ ਅਤੇ ਪੰਜਾਬ ਦੇ ਪ੍ਰਸਿੱਧ ਗਾਇਕ ਜੋੜੀ ਦਾ ਵੀ ਸਨਮਾਨ ਚਿੰਨ ਤੇ ਸਿਰ ਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬੀ ਅਦਾਕਾਰ ਹੌਬੀ ਧਾਲੀਵਾਲ, ਜਗਦੀਪ ਸਿੰਘ ਦੀਪਾ ਮੰਡਲ ਪ੍ਰਧਾਨ ਸ੍ਰੀ ਚਮਕੌਰ ਸਾਹਿਬ ਕਰਮਜੀਤ ਸਿੰਘ ਭੱਗੂ ਮੰਡਲ ਪ੍ਰਧਾਨ ਮੋਰਿੰਡਾ, ਹਰਨੇਕ ਸਿੰਘ ਕਲਾਰਾ, ਸੁਖਪਾਲ ਸਿੰਘ ਪੰਜਾਬ ਟਾਇਰ ਮੋਰਿੰਡਾ, ਜਤਿੰਦਰ ਗੁੰਬਰ, ਜਗਜੀਤ ਸਿੰਘ ਜੱਗਾ ਮੜੌਲੀ ਕਲਾਂ ਕੁਲਦੀਪ ਸੂਦ ਆਜ਼ਾਦੀ ਮੋਰਿੰਡਾ ਐਡਵੋਕੇਟ ਚੌਧਰੀ ਕੌਂਸਲਰ ਹਰਜੀਤ ਸਿੰਘ ਸੋਢੀ ਅਤੇ ਸਮਾਜ ਸੇਵੀ ਸੰਗਤ ਸਿੰਘ ਭਾਮੀਆਂ, ਕੌਂਸਲਰ ਹਰਜੀਤ ਸਿੰਘ ਸੋਢੀ, ਅਰਵਿੰਦ ਸੋਨੀ ਕਾਂਝਲਾ, ਸੰਜੀਵ ਮੱਟੂ, ਆਕਾਸ਼ ਮੱਟੂ, ਮਾਨਵ ਮੱਟੂ, ਧਰਮਪਾਲ ਬੱਲੀ, ਹੋਰੀ ਲਾਲ, ਰੋਹਨ ਮੱਟੂ, ਵਿਨੋਦ ਮੱਟੂ, ਹਨੀ ਮੱਟੂ, ਰੋਹਿਤ ਮੱਟੂ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਸਮਾਜ ਸੇਵਾ ਦੇ ਖੇਤਰ 'ਚ ਸ਼ਾਨਦਾਰ ਯੋਗਦਾਨ ਲਈ ਸੰਜੀਵ ਅਰੋੜਾ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਭਾਰਤ ਵਿਕਾਸ ਪਰਿਸ਼ਦ ਦੇ ਪ੍ਰਧਾਨ ਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੂੰ ਪੰਜਾਬ ਯੂਨੀਵਰਸਿਟੀ ਦੇ ਯੂਥ ਅਤੇ ਵਿਰਾਸਤੀ ਮੇਲੇ-2026 ਦੇ ਮੌਕੇ 'ਤੇ ਸਮਾਜਿਕ ਗਤੀਵਿਧੀਆਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਡੀ ਏ ਵੀ ਕਾਲਜ ਆਫ਼ ਐਜੂਕੇਸ਼ਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਅਨੂਪ ਕੁਮਾਰ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਡਾ. ਵਿਧੀ ਭੱਲਾ ਅਤੇ ਸੈਨੇਟਰ ਡਾ. ਪ੍ਰਦੀਪ ਅਰੋੜਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਪ੍ਰਿੰਸੀਪਲ ਡਾ. ਵਿਧੀ ਭੱਲਾ ਨੇ ਕਿਹਾ ਕਿ ਸੰਜੀਵ ਅਰੋੜਾ ਲੋੜਵੰਦਾਂ ਦੀ ਸਹਾਇਤਾ ਕਰਨ ਅਤੇ ਵੱਖ-ਵੱਖ ਸਮਾਜਿਕ ਤੇ ਲੋਕ ਭਲਾਈ ਦੇ ਕਾਰਜਾਂ ਰਾਹੀਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਹਨ। ਭਾਰਤ ਵਿਕਾਸ ਪਰਿਸ਼ਦ ਰਾਹੀਂ ਉਨ੍ਹਾਂ ਦੀ ਅਗਵਾਈ ਹੇਠ ਲੋੜਵੰਦ ਪਰਿਵਾਰਾਂ ਦੀ ਮਦਦ, ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਸਹਿਯੋਗ, ਸਿਹਤ ਅਤੇ ਨੇਤਰਦਾਨ ਪ੍ਰਤੀ ਜਾਗਰੂਕਤਾ, ਵਾਤਾਵਰਣ ਦੀ ਸੰਭਾਲ, ਪੌਦੇ ਲਗਾਉਣ, ਪਾਣੀ ਦੀ ਸੰਭਾਲ, ਨਸ਼ਿਆਂ ਵਿਰੁੱਧ ਜਾਗਰੂਕਤਾ ਅਤੇ ਹੋਰ ਸੇਵਾ ਕਾਰਜਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਸੰਜੀਵ ਅਰੋੜਾ ਨੇ ਇਸ ਸਨਮਾਨ ਲਈ ਡੀ ਏ ਵੀ. ਕਾਲਜ ਆਫ਼ ਐਜੂਕੇਸ਼ਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਅਨੂਪ ਕੁਮਾਰ, ਪ੍ਰਿੰਸੀਪਲ ਡਾ. ਵਿਧੀ ਭੱਲਾ ਅਤੇ ਸਮੁੱਚੇ ਕਾਲਜ ਪ੍ਰਬੰਧਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਆਰ ਐੱਮ ਭੱਲਾ, ਹਰੀਸ਼ ਸ਼ਰਮਾ, ਆਰ ਸੀ ਮਹਿਤਾ, ਵਿਜੇ ਅਰੋੜਾ, ਅਸ਼ਵਨੀ ਦੱਤਾ, ਅਜੈ ਚਾਵਲਾ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

# ਸਾਲਾਨਾ ਜੋੜ ਮੇਲਾ 8 ਨੂੰ

**ਮਾਹਿਲਪੁਰ (ਸਫਰੀ)-** ਬਾਬਾ ਕਰੜਾ ਦੀ ਯਾਦ ਵਿੱਚ ਸਲਾਨਾ ਚਾਹ ਪਕੌੜਿਆਂ ਤੇ ਲੰਗਰ ਦਿਵਾਲੀ ਸ੍ਰੀ ਮਹਾਂਲਕਸ਼ਮੀ ਪੂਜਾ 8 ਨਵੰਬਰ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਰੜਾ ਗੋਤ ਦੇ ਜਠੇਰਿਆਂ ਦਾ ਮੇਲਾ ਪਿੰਡ ਵਿੰਜੋ ਤਹਿਸੀਲ ਗੜ੍ਹਸ਼ੰਕਰ ਵਿਖੇ ਕਰਵਾਇਆ ਜਾਵੇਗਾ। ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਪ੍ਰਧਾਨ ਹੁਸਨ ਲਾਲ ਸੇਵਾ ਮੁਕਤ ਡਿਪਟੀ ਰਜਿਸਟਰ ਪੰਜਾਬ ਹਰਿਆਣਾ ਹਾਈਕੋਰਟ, ਉਪ ਪ੍ਰਧਾਨ ਰਸ਼ਪਾਲ ਸੈਕਟਰੀ ਮਹਿੰਦਰ ਪਾਲ, ਕੈਸ਼ੀਅਰ ਰਾਜ ਕੁਮਾਰ, ਜਨਰਲ ਸੈਕਟਰੀ ਤਰਸੇਮ, ਗਿਆਨ ਸਿੰਘ ਅਪਰਾ, ਜੰਡਾਗਰ ਰਾਮ, ਕੁਲਦੀਪ, ਜਸਵੀਰ ਰਾਮ, ਧਰਮਪਾਲ, ਅਟਾਰੀ ਰਾਮ, ਮੁਕੰਦਰ ਕਰੜਾ, ਰਮੇਸ਼ ਮੁਜਾਰੀ, ਬਲਜੀਤ ਠੰਡਾ, ਗੁਰਮੀਤ ਹਰਮੇਸ਼ ਵਿੰਜੋ, ਹਰਜਿੰਦਰ ਠੰਡਾ,ਲਸ਼ਮਣ ਸਿੰਘ ਨੇ ਦੱਸਿਆ ਕਿ ਕਰੜਾ ਗੋਤਰ ਸਮੂਹ ਸੰਗਤ ਵੱਲੋਂ ਦਿਵਾਲੀ 8 ਨਵੰਬਰ ਪਿੰਡ ਵਿੰਜੋ ਵਿਖੇ ਸ਼ਰਧਾ ਨੂੰ ਸਭ ਤੋਂ ਪਹਿਲਾਂ ਰੋਸ਼ਨ ਚਿਰਾਗ ਕੀਤੇ ਜਾਣਗੇ, ਅਰਦਾਸ ਰਚਨਾ ਬੇਨਤੀ ਕੀਤੀ ਜਾਵੇਗੀ ਤੇ ਗੁਰੂ ਕਾ ਅੱਤੁਟ ਚਾਹ ਪਕੌੜੇ ਦਾ ਲੰਗਰ ਵੀ ਚਲਾਇਆ ਜਾਵੇਗਾ।

# ਭਗਵਾਨ ਵਾਲਮੀਕਿ ਮੰਦਿਰ ਪ੍ਰਬੰਧਕ ਕਮੇਟੀ ਨੇ ਪੁਲਿਸ-ਪ੍ਰਸ਼ਾਸਨ ਤੇ ਸੰਗਤਾਂ ਦਾ ਕੀਤਾ ਧੰਨਵਾਦ

**ਫਗਵਾੜਾ (ਜਸਵਿੰਦਰ ਢੱਡਾ)-** ਭਗਵਾਨ ਵਾਲਮੀਕਿ ਮੰਦਿਰ ਪ੍ਰਬੰਧਕ ਕਮੇਟੀ ਪਲਾਹੀ ਗੇਟ ਫਗਵਾੜਾ ਵੱਲੋਂ ਭਗਵਾਨ ਵਾਲਮੀਕਿ ਮਹਾਰਾਜ ਦੇ ਪ੍ਰਗਟ ਦਿਵਸ ਮੌਕੇ ਸਜਾਈ ਗਈ ਵਿਸ਼ਾਲ ਸ਼ੋਭਾ ਯਾਤਰਾ ਅਤੇ ਧਾਰਮਿਕ ਸਮਾਗਮ ਦੌਰਾਨ ਪਤਵੰਤਿਆਂ ਅਤੇ ਸੰਗਤਾਂ ਵਲੋਂ ਮਿਲੇ ਵਡਮੁੱਲੇ ਸਹਿਯੋਗ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਕੀਤੇ ਸੁਰੱਖਿਆ ਦੇ ਪੁਖਤਾ ਪ੍ਰਬੰਧਾਂ ਲਈ ਧੰਨਵਾਦ ਪ੍ਰਗਟ ਕੀਤਾ ਗਿਆ। ਇਸ ਸਬੰਧੀ ਕਮੇਟੀ ਦੇ ਪ੍ਰਧਾਨ ਪਵਨ ਕੁਮਾਰ ਪੰਮ ਲਹੌਰੀਆ, ਚੇਅਰਮੈਨ ਅਸ਼ੋਕ ਕੁਮਾਰ ਜੱਗਾ, ਵਾਈਸ ਚੇਅਰਮੈਨ ਨਿਰਮਲ ਕੁਮਾਰ ਨਿੰਮਾ ਅਤੇ ਹੋਰ ਅਹੁਦੇਦਾਰਾਂ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਸਦਕਾ ਸ਼ੋਭਾ ਯਾਤਰਾ ਅਤੇ ਧਾਰਮਿਕ ਸਮਾਗਮ ਸ਼ਾਂਤੀਪੂਰਨ ਅਤੇ ਸੁਚੱਜੇ ਢੰਗ ਨਾਲ ਸੰਪੰਨ ਹੋਏ। ਉਨ੍ਹਾਂ ਦੱਸਿਆ ਕਿ ਸ਼ੋਭਾ ਯਾਤਰਾ ਦੌਰਾਨ ਸੁਰੱਖਿਆ ਅਤੇ ਟਰੈਫਿਕ ਵਿਵਸਥਾ ਨੂੰ ਸੁਚਾਰੂ ਰੱਖਣ ਵਿੱਚ ਪੁਲਸ ਮੁਲਾਜ਼ਮਾਂ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਿਟੀ ਥਾਣਾ ਮੁਖੀ ਅਮਨਪ੍ਰੀਤ ਕੌਰ ਨੂੰ ਸਨਮਾਨਤ ਕਰਦਿਆਂ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਕਮੇਟੀ ਅਹੁਦੇਦਾਰਾਂ ਨੇ ਸਮੂਹ ਸੰਗਤਾਂ, ਸਹਿਯੋਗੀ ਸੰਸਥਾਵਾਂ, ਸੇਵਾਦਾਰਾਂ ਅਤੇ ਸ਼ਹਿਰ ਵਾਸੀਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਧਾਰਮਿਕ ਸਮਾਗਮ ਸਫ਼ਲਤਾਪੂਰਵਕ ਨੇਪਰੇ ਚੜ੍ਹਿਆ।

# ਮੁੱਖ ਮੰਤਰੀ ਨੇ ਹਾਕੀ ਪ੍ਰੇਮੀਆਂ ਨੂੰ ਸਭ ਤੋਂ ਵੱਡਾ ਤੋਹਫ਼ਾ ਦਿੱਤਾ : ਨਿਤਿਨ ਕੋਹਲੀ

**ਜਲੰਧਰ (ਨ ਜ਼ ਸ)-** ਪੰਜਾਬ ਦੀ ਧਰਤੀ ਉਤੇ ਪਹਿਲੀ ਵਾਰ ਹੋ ਰਹੇ ਹਾਕੀ ਦੇ ਕੌਮਾਂਤਰੀ ਟੂਰਨਾਮੈਂਟ ਹਾਕੀ ਏਸ਼ੀਅਨ ਏਸ਼ੀਅਨਜ਼ ਟਰਾਫੀ ਨੂੰ ਲੈ ਕੇ ਹਾਕੀ ਜਗਤ ਵਿੱਚ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ।ਹਾਕੀ ਇੰਡੀਆ ਦੇ ਸਕੱਤਰ ਜਨਰਲ ਭੋਲਾ ਨਾਥ ਨੇ ਪੰਜਾਬ ਵਿੱਚ ਤਿਆਰ ਹੋਏ ਹਾਕੀ ਦੇ ਬੁਨਿਆਦੀ ਢਾਂਚੇ ਨੂੰ ਵਿਸ਼ਵ ਪੱਧਰੀ ਦੱਸਿਆ। ਭਾਰਤੀ ਹਾਕੀ ਟੀਮ ਵਿੱਚ ਅੱਠ ਖਿਡਾਰੀ ?ਕਪਤਾਨ ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਮਨਦੀਪ ਸਿੰਘ, ਦਿਲਪ੍ਰੀਤ ਸਿੰਘ, ਸੁਖਜੀਤ ਸਿੰਘ, ਜੁਗਰਾਜ ਸਿੰਘ, ਜਰਮਨਪ੍ਰੀਤ ਸਿੰਘ ਤੇ ਕ੍ਰਿਸ਼ਨ ਬਹਾਦਰ ਪਾਠਕ ਪੰਜਾਬ ਤੋਂ ਹਨ। ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਕੋਸ਼ਿਸ਼ਾਂ ਸਦਕਾ ?ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੋਈ ਹਾਕੀ ਦਾ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ।ਤਿੰਨ ਵਾਰ ਦੇ ਓਲੰਪੀਅਨ ਅਤੇ ਸਾਬਕਾ ਭਾਰਤੀ ਕਪਤਾਨ ਬਲਜੀਤ ਸਿੰਘ ਢਿੱਲੋਂ ਨੇ ਇਸ ਟੂਰਨਾਮੈਂਟ ਨੂੰ ਪੰਜਾਬ ਦੀ ਹਾਕੀ ਲਈ ਸ਼ੁਭ ਸ਼ਗਨ ਦੱਸਿਆ ਜਿਸ ਨਾਲ ਛੋਟੀ ਉਮਰ ਦੇ ਖਿਡਾਰੀਆਂ ਨੂੰ ਹੋਰ ਪ੍ਰੇਰਨਾ ਮਿਲੇਗੀ।ਪੰਜਾਬ ਪੁਲਸ ਵਿੱਚ ਸੀਨੀਅਰ ਅਹੁਦਿਆਂ ਉੱਤੇ ਤਾਇਨਾਤ ਓਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਤੇ ਓਲੰਪੀਅਨ ਗੁਰਬਾਜ਼ ਸਿੰਘ ਨੇ ਦਰਸ਼ਕ ਗੈਲਰੀ ਸਟੈਂਡ ਵਿੱਚ ਬੈਠ ਕੇ ਮੈਚ ਵੇਖਿਆ ਪੂਰੇ ਟੂਰਨਾਮੈਂਟ ਦੌਰਾਨ 70 ਵਲੰਟੀਅਰ ਸੇਵਾਵਾਂ ਨਿਭਾ ਰਹੇ ਹਨ ਜੋ ਸੁਰਜੀਤ ਹਾਕੀ ਅਕੈਡਮੀ ਦੇ ਖਿਡਾਰੀ ਅਤੇ ਛੋਟੀ ਉਮਰ ਦੇ ਖਿਡਾਰੀ ਹਨ। ਜਲੰਧਰ ਵਿਖੇ 27 ਅਕਤੂਬਰ ਨੂੰ ਚੈਂਪੀਅਨਜ਼ ਟਰਾਫੀ ਦਾ ਉਦਘਾਟਨ ਹੋਇਆ। ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਮੇਜ਼ਬਾਨ ਭਾਰਤ ਤੋਂ ਇਲਾਵਾ ਕੋਰੀਆ, ਜਪਾਨ, ਮਲੇਸ਼ੀਆ, ਚੀਨ ਤੇ ਬੰਗਲਾਦੇਸ਼ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। 2 ਨਵੰਬਰ ਤੱਕ ਸਾਰੇ ਲੀਗ ਮੈਚ ਜਲੰਧਰ ਦੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਖੇਡੇ ਜਾਣਗੇ।4 ਤੇ 5 ਨਵੰਬਰ ਨੂੰ ਸੈਮੀ ਫਾਈਨਲ ਤੇ ਫਾਈਨਲ ਹੋਣਗੇ।

# ਰਾਉਵਾਲੀ 'ਚ ਲੱਗੇਗੀ ਪਟਾਕਾ ਮਾਰਕੀਟ, ਸਰਪੰਚ ਜਸਵੀਰ ਸਿੰਘ ਨੇ ਲਿਆ ਸਟੇ ਵਾਪਿਸ

**ਜਲੰਧਰ (ਸੁਰਿੰਦਰ ਕੁਮਾਰ)-** ਦੀਵਾਲੀ ਦੇ ਵੱਡੇ ਤਿਉਹਾਰ ਦੇ ਮੌਕੇ ਤੇ ਜਲੰਧਰ ਵਿੱਚ ਵੱਡੇ ਪੱਧਰ ਤੇ ਪਟਾਕਾ ਵੇਚਿਆ ਜਾਂਦਾ ਹੈ। ਇਸ ਵਾਰ ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆ ਨੇ ਪਟਾਕਾ ਵਿਉਪਾਰੀਆ ਨੂੰ ਪਾਟਕੇ ਵੇਚਣ ਲਈ ਪਿੰਡ ਰਾਉਵਾਲੀ ਵਿੱਚ ਜ਼ਮੀਨ ਅਲਾਟ ਕਰਕੇ ਦੁਕਾਨਾਂ ਬਣਾਉਣ ਦੀ ਇਜਾਜ਼ਤ ਦਿੱਤੀ ਸੀ। ਪਰ ਪਿੰਡ ਰਾਉਵਾਲੀ ਦੇ ਸਰਪੰਚ ਜਸਵੀਰ ਸਿੰਘ ਨੇ ਇਸ ਪਿੰਡ ਨੂੰ ਜੋੜਨ ਵਾਲੀ ਸੰਪਰਕ ਸੜ੍ਹਕ ਦੀ ਚੌੜਾਈ ਦਸ ਫੁੱਟ ਤੇ ਆਸ ਪਾਸ ਪਿੰਡ ਦੀ ਰਿਹਾਇਸ਼ੀ ਅਬਾਦੀ ਹੋਣ ਕਰਕੇ ਕਿਸੇ ਅਣਹੋਣੀ ਘਟਨਾ ਦੇ ਵਾਪਰਨ ਦੇ ਡਰ ਨੂੰ ਲੈ ਕੇ ਇੱਕ ਸਥਾਨਕ ਕੋਰਟ ਵਿੱਚ ਮਾਮਲਾ ਦਾਇਰ ਕਰਕੇ ਇੱਥੇ ਲੱਗਣ ਵਾਲੀ ਪਟਾਕਾ ਮਾਰਕੀਟ ਨੂੰ ਰੋਕਣ ਲਈ ਅਦਾਲਤ ਤੋ ਸਟੇਅ ਲੈ ਲਿਆ ਸੀ। ਇਸ ਕਰਕੇ ਜਲੰਧਰ ਦੇ ਪਟਾਕਾ ਵਿਉਪਾਰੀਆ ਨੇ ਪਿੰਡ ਰਾਉਵਾਲੀ ਦੇ ਸਰਪੰਚ ਜਸਵੀਰ ਸਿੰਘ ਦੇ ਖਿਲਾਫ ਜਲੰਧਰ ਦੇ ਜੋਤੀ ਚੌਕ ਵਿੱਚ ਧਰਨਾ ਲਾਇਆ ਤੇ ਨਾਅਰੇਬਾਜ਼ੀ ਕੀਤੀ। ਇਸ ਰੇੜਕੇ ਨੂੰ ਲੈ ਕੇ ਪਿੰਡ ਦੀ ਪੰਚਾਇਤ ਤੇ ਜਿਲ੍ਹਾਂ ਤੇ ਪਟਾਕਾ ਵਿਉਪਾਰੀ ਤੇ ਜਿਲ੍ਹਾਂ ਜਲੰਧਰ ਪ੍ਰਸ਼ਾਸ਼ਨ ਦੇ ਅਧਿਕਾਰੀ ਪਿੱਛਲੇ ਕਈ ਦਿਨਾਂ ਤੋ ਇਸ ਮਾਮਲੇ ਨੂੰ ਲੈ ਕੇ ਉਲੱਝੇ ਹੋਏ ਸਨ। ਪਰ ਪਿੰਡ ਰਾਉਵਾਲੀ ਦੀ ਪੰਚਾਇਤ ਤੇ ਪਟਾਕਾ ਵਿਉਪਾਰੀਆ ਦੇ ਵਿਚਕਾਰ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆ ਵਿੱਚ ਹੋਈ ਇੱਕ ਵਿਸੇਸ਼ ਬੈਠਕ ਵਿੱਚ ਆਪਸੀ ਸਹਿਮਤੀ ਬਣੀ ਤੇ ਇਸ ਪਿੰਡ ਰਾਉਵਾਲੀ ਵਿੱਚ ਲੱਗਣ ਵਾਲੀ ਪਟਾਕਾ ਮਾਰਕੀਟ ਪਟਾਕਾ ਵੇਚਨ ਵਾਲੇ ਵਿਉਪਾਰੀਆ ਤੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਵੱਲੋ ਇਸ ਇਲਾਕੇ ਦੇ ਪਿੰਡ ਦੀ ਪੂਰੀ ਸੁਰੱਖਿਆ ਦੇਣ ਤੇ ਵਿਉਪਾਰੀਆ ਵੱਲੋ ਵੀ ਪੁਖਤਾ ਇੰਤਯਾਮ ਕਰਨ ਦੇ ਕੀਤੇ ਵਾਇਦੇ ਤੋ ਬਾਅਦ ਪਿੰਡ ਰਾਉਵਾਲੀ ਵਿੱਚ ਪਟਾਕਾ ਵੇਚਣ ਲਈ ਦੁਕਾਨਾਂ ਲਗਾਉਣ ਦਾ ਐਲਾਨ ਕੀਤਾ।

# ਪਲਾਟ ਦੇ ਵਿਵਾਦ ਨੂੰ ਲੈ ਕੇ ਦੋ ਧਿਰਾਂ 'ਚ ਖੂਨੀ ਝੜਪ, 7 ਜ਼ਖ਼ਮੀ

**ਡੇਰਾਬੱਸੀ (ਵਿਨੈ ਕੁਮਾਰ ਜੈਨ)-** ਡੇਰਾਬੱਸੀ ਦੇ ਪਿੰਡ ਦਫਰਪੁਰ ਦੀ ਗੁਰੂ ਨਾਨਕ ਕਾਲੋਨੀ ਵਿੱਚ ਪਲਾਟ ਸਬੰਧੀ ਚੱਲ ਰਿਹਾ ਵਿਵਾਦ ਦੋ ਧਿਰਾਂ ਵਿਚਾਲੇ ਹਿੰਸਕ ਟਕਰਾਅ ਦਾ ਕਾਰਨ ਬਣ ਗਿਆ। ਝੜਪ ਦੌਰਾਨ ਦੋਵਾਂ ਧਿਰਾਂ ਦੇ ਸੱਤ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚ ਇੱਕ ਧਿਰ ਦੇ ਪੰਜ ਅਤੇ ਦੂਜੀ ਦੇ ਦੋ ਵਿਅਕਤੀ ਸ਼ਾਮਲ ਹਨ। ਸਾਰੇ ਜ਼ਖ਼ਮੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਪੁਲਸ ਨੇ ਇੱਕ ਧਿਰ ਦੀ ਸ਼ਿਕਾਇਤ 'ਤੇ ਇਰਾਦਾ ਕਤਲ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ, ਜਦਕਿ ਦੂਜੀ ਧਿਰ ਦੇ ਬਿਆਨਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਪਿੰਡ ਦਫਰਪੁਰ ਵਾਸੀ 71 ਸਾਲਾ ਮਨਈਸ਼ਵਰ ਸਿੰਘ ਨੇ ਦੱਸਿਆ ਕਿ 28 ਅਕਤੂਬਰ ਨੂੰ ਗੁਰੂ ਨਾਨਕ ਕਾਲੋਨੀ ਦੇ ਪਲਾਟ ਨੰਬਰ ਦੋ ਵਿੱਚ ਮਿੱਟੀ ਪਵਾਉਣ ਦਾ ਕੰਮ ਚੱਲ ਰਿਹਾ ਸੀ। ਉਹ ਕਰਨ ਸਿੰਘ ਨਾਲ ਉੱਥੇ ਬੈਠਾ ਸੀ। ਇਸੇ ਦੌਰਾਨ ਪਿੰਡ ਦੇ ਅਰਵਿੰਦਰ ਸਿੰਘ, ਹਾਕਮ ਸਿੰਘ ਅਤੇ ਬਹਾਦਰ ਸਿੰਘ ਆਪਣੇ ਕੁਝ ਸਾਥੀਆਂ ਸਮੇਤ ਮੌਕੇ 'ਤੇ ਪਹੁੰਚੇ। ਦੋਸ਼ ਹੈ ਕਿ ਉਨ੍ਹਾਂ ਨੇ ਪਹਿਲਾਂ ਗਾਲੀ-ਗਲੋਚ ਕੀਤੀ ਅਤੇ ਫਿਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਸ਼ਿਕਾਇਤਕਰਤਾ ਅਨੁਸਾਰ ਕੁਹਾੜੀ ਦਾ ਵਾਰ ਉਸ ਦੇ ਸਿਰ ਪਿੱਛੇ ਲੱਗਿਆ, ਜਦਕਿ ਕਿਰਪਾਨ ਦਾ ਵਾਰ ਰੋਕਣ ਦੀ ਕੋਸ਼ਿਸ਼ ਦੌਰਾਨ ਉਸ ਦਾ ਗੁੱਟ ਜ਼ਖ਼ਮੀ ਹੋ ਗਿਆ। ਇਸੇ ਦੌਰਾਨ ਡੰਡਿਆਂ ਨਾਲ ਵੀ ਕੁੱਟਮਾਰ ਕੀਤੀ ਗਈ। ਰੌਲਾ ਸੁਣ ਕੇ ਛੁਡਾਉਣ ਆਏ ਮਨਵਿੰਦਰ ਮਲਕ ਨੂੰ ਵੀ ਕਥਿਤ ਤੌਰ 'ਤੇ ਕੁੱਟਿਆ ਗਿਆ। ਹਮਲਾਵਰਾਂ ਉੱਤੇ ਮੌਕੇ 'ਤੇ ਖੜ੍ਹੀ ਇਨੋਵਾ ਗੱਡੀ ਦੀ ਭੰਨਤੋੜ ਕਰਨ ਦੇ ਵੀ ਦੋਸ਼ ਲੱਗੇ ਹਨ। ਤਫ਼ਤੀਸ਼ੀ ਅਫ਼ਸਰ ਏ ਐੱਸ ਆਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਝੜਪ ਵਿੱਚ ਦੋਵਾਂ ਧਿਰਾਂ ਦੇ ਵਿਅਕਤੀ ਜ਼ਖ਼ਮੀ ਹੋਏ ਹਨ। ਦੂਜੀ ਧਿਰ ਦੇ ਬਿਆਨ ਅਤੇ ਡਾਕਟਰੀ ਰਿਪੋਰਟਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਅਰਵਿੰਦਰ ਸਿੰਘ, ਹਾਕਮ ਸਿੰਘ, ਬਹਾਦਰ ਸਿੰਘ ਅਤੇ 5-6 ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ ਹੈ। ਪੁਲਸ ਘਟਨਾ ਦੇ ਕਾਰਨਾਂ ਅਤੇ ਦੋਵਾਂ ਧਿਰਾਂ ਦੀ ਭੂਮਿਕਾ ਦੀ ਜਾਂਚ ਕਰ ਰਹੀ ਹੈ।

# ਖੇੜਾ ਰੋਡ ਵਿਖੇ ਲਗਾਇਆ ਆਲੂਆਂ ਦਾ ਲੰਗਰ

**ਫਗਵਾੜਾ (ਜਸਵਿੰਦਰ ਢੱਡਾ)-** ਸਮਾਜ ਸੇਵਕ ਮੋਹਨ ਲਾਲ ਤਨੇਜਾ ਦੇ ਉਪਰਾਲੇ ਸਦਕਾ ਪ੍ਰੇਮ ਨਗਰ ਸੇਵਾ ਸੁਸਾਇਟੀ ਵੱਲੋਂ ਸਥਾਨਕ ਖੇੜਾ ਰੋਡ ਵਿਖੇ ਹਰੀਆਂ ਸਬਜ਼ੀਆਂ ਦੇ ਮਹੀਨਾਵਾਰ ਲੰਗਰ ਦੀ ਲੜੀ ਤਹਿਤ ਇਸ ਵਾਰ ਆਲੂਆਂ ਦਾ ਲੰਗਰ ਲਗਾਇਆ ਗਿਆ। ਇਸ ਦੀ ਸ਼ੁਰੂਆਤ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਵੱਲੋਂ ਕਰਵਾਈ ਗਈ। ਇਸ ਮੌਕੇ ਉਨ੍ਹਾਂ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਲੂ ਨੂੰ ਸਬਜ਼ੀਆਂ ਦਾ ਰਾਜਾ ਕਿਹਾ ਜਾਂਦਾ ਹੈ, ਕਿਉਂਕਿ ਇਹ ਰੋਜ਼ਾਨਾ ਖੁਰਾਕ ਦਾ ਅਹਿਮ ਹਿੱਸਾ ਹੈ ਅਤੇ ਇਸ ਤੋਂ ਕਈ ਤਰ੍ਹਾਂ ਦੇ ਪੌਸ਼ਟਿਕ ਪਕਵਾਨ ਤਿਆਰ ਕੀਤੇ ਜਾਂਦੇ ਹਨ। ਰਘਬੋਤਰਾ ਨੇ ਕਿਹਾ ਕਿ ਸਿਹਤਮੰਦ ਜੀਵਨ ਲਈ ਸੰਤੁਲਿਤ ਖੁਰਾਕ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪ੍ਰੇਮ ਨਗਰ ਸੇਵਾ ਸੁਸਾਇਟੀ ਵੱਲੋਂ ਹਰ ਮਹੀਨੇ ਵੱਖ-ਵੱਖ ਸਬਜ਼ੀਆਂ ਦਾ ਲੰਗਰ ਲਗਾਉਣ ਦੀ ਪਹਿਲ ਸਮਾਜ ਵਿੱਚ ਸੇਵਾ ਅਤੇ ਸਾਂਝ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ। ਇਸ ਮੌਕੇ ਸਮਾਜ ਸੇਵਕ ਮੋਹਨ ਲਾਲ ਤਨੇਜਾ ਨੇ ਕਿਹਾ ਕਿ ਸੁਸਾਇਟੀ ਦਾ ਮੁੱਖ ਉਦੇਸ਼ ਲੋਕਾਂ ਵਿੱਚ ਸੇਵਾ ਭਾਵਨਾ ਨੂੰ ਉਤਸ਼ਾਹਿਤ ਕਰਨਾ ਅਤੇ ਸਮਾਜ ਨਾਲ ਜੁੜ ਕੇ ਅਜਿਹੇ ਲੋਕ-ਭਲਾਈ ਦੇ ਕਾਰਜ ਕਰਨਾ ਹੈ। ਉਨ੍ਹਾਂ ਦੱਸਿਆ ਕਿ ਹਰੀਆਂ ਸਬਜ਼ੀਆਂ ਦੇ ਮਹੀਨਾਵਾਰ ਲੰਗਰ ਦੀ ਇਹ ਲੜੀ ਭਵਿੱਖ ਵਿੱਚ ਵੀ ਜਾਰੀ ਰਹੇਗੀ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਇਸ ਉਪਰਾਲੇ ਨਾਲ ਜੋੜਿਆ ਜਾ ਸਕੇ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ, ਸਕੱਤਰ ਸੁਰਿੰਦਰ ਪਾਲ, ਵੰਦਨਾ ਸ਼ਰਮਾ, ਸੁਧਾ ਬੇਦੀ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# 7.76 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਹੋਈ

**ਕਪੂਰਥਲਾ (ਮਨਜੀਤ ਮਾਨ)-** ਜ਼ਿਲ੍ਹੇ ਵਿੱਚ ਖ਼ਰੀਦ ਏਜੰਸੀਆਂ ਵੱਲੋਂ 7,88,272 ਮੀਟ੍ਰਿਕ ਟਨ ਦੀ ਸੰਭਾਵਿਤ ਆਮਦ ਦੇ ਮੁਕਾਬਲੇ 7,76,063 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਜ਼ਿਲ੍ਹੇ ਵਿੱਚ ਝੋਨੇ ਦੀ ਨਿਰਵਿਘਨ ਅਤੇ ਸੁਚਾਰੂ ਖ਼ਰੀਦ ਦਾ ਸੀਜ਼ਨ ਆਪਣੇ ਅੰਤਿਮ ਪੜਾਅ ਵੱਲ ਵੱਧ ਗਿਆ ਹੈ।ਖ਼ਰੀਦ ਦੇ ਤਾਜ਼ਾ ਅੰਕੜਿਆਂ ਅਨੁਸਾਰ, ਜ਼ਿਲ੍ਹੇ ਦੀਆਂ ਦਾਣਾ ਮੰਡੀਆਂ ਅਤੇ ਖ਼ਰੀਦ ਕੇਂਦਰਾਂ ਵਿੱਚ ਹੁਣ ਤੱਕ ਝੋਨੇ ਦੀ ਕੁੱਲ ਆਮਦ 7,84,996 ਮੀਟ੍ਰਿਕ ਟਨ ਦਰਜ ਕੀਤੀ ਗਈ ਹੈ।ਖ਼ਰੀਦੇ ਗਏ ਝੋਨੇ ਦੀ ਲਿਫ਼ਟਿੰਗ ਵਿੱਚ ਵੀ ਤੇਜ਼ੀ ਆਈ ਹੈ ਅਤੇ ਹੁਣ ਤੱਕ 6,04,191 ਮੀਟ੍ਰਿਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ, ਜੋ ਕੁੱਲ ਖ਼ਰੀਦ ਦਾ 87.40 ਫ਼ੀਸਦੀ ਬਣਦੀ ਹੈ। ਇਸੇ ਦੌਰਾਨ ਕਿਸਾਨਾਂ ਨੂੰ ਅਦਾਇਗੀ ਦੇ ਮਾਮਲੇ ਵਿੱਚ 100 ਫ਼ੀਸਦੀ ਟੀਚਾ ਹਾਸਲ ਕਰ ਲਿਆ ਹੈ। ਖ਼ਰੀਦੀ ਗਈ ਫ਼ਸਲ ਦੇ ਬਦਲੇ ਕਿਸਾਨਾਂ ਨੂੰ 1843.66 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਨਾਲ ਪੈਦਾ ਕੀਤੀ ਫ਼ਸਲ ਦਾ ਮੁੱਲ ਬਿਨਾਂ ਕਿਸੇ ਦੇਰੀ ਦੇ ਮਿਲੇ। ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖ਼ਰੀਦ ਅਤੇ ਲਿਫ਼ਟਿੰਗ ਦੇ ਕੰਮ ਨੂੰ ਬਿਨਾਂ ਕਿਸੇ ਰੁਕਾਵਟ ਅਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਤੋਂ ਬਿਨਾਂ ਮੁਕੰਮਲ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

# ਸਿਹਤ ਵਿਭਾਗ ਨੇ 'ਵਿਸ਼ਵ ਸਟ੍ਰੋਕ ਦਿਵਸ' ਮਨਾਇਆ

**ਜਲੰਧਰ (ਸ਼ੈਲੀ ਐਲਬਰਟ)-** ਸਿਵਲ ਸਰਜਨ ਡਾ. ਰਾਜੇਸ਼ ਗਰਗ ਜੀ ਦੀ ਅਗਵਾਈ ਹੇਠ ਸਿਹਤ ਵਿਭਾਗ ਜਲੰਧਰ ਵੱਲੋਂ ਸਿਵਲ ਹਸਪਤਾਲ ਜਲੰਧਰ ਵਿਖੇ 'ਵਿਸ਼ਵ ਸਟ੍ਰੋਕ ਦਿਵਸ' ਮਨਾਇਆ ਗਿਆ। ਉਨ੍ਹਾਂ ਨਾਲ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਵਨਿੰਦਰ ਰਿਆੜ ਵੀ ਹਾਜਰ ਸਨ। ਸਿਵਲ ਸਰਜਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਟ੍ਰੋਕ ਦਾ ਇਲਾਜ ਸੰਭਵ ਹੈ। ਵਧੇਰੇ ਜਾਗਰੂਕਤਾ, ਸਮੇਂ ਸਿਰ ਪਹੁੰਚ ਅਤੇ ਸਮੇਂ ਸਿਰ ਕੀਤੀ ਕਾਰਵਾਈ ਨਾਲ ਜਾਨ ਬਚ ਸਕਦੀ ਹੈ। ਸਿਵਲ ਸਰਜਨ ਡਾ. ਰਾਜੇਸ਼ ਗਰਗ ਨੇ ਦੱਸਿਆ ਕਿ ਸਟ੍ਰੋਕ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ। ਜਿਸ ਵਿੱਚ ਦਿਮਾਗ ਦੀਆਂ ਨਸਾਂ ਜਾਮ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਖ਼ੂਨ ਸਹੀ ਢੰਗ ਨਾਲ ਦਿਮਾਗ ਤੱਕ ਨਹੀਂ ਪਹੁੰਚਦਾ ਜਾਂ ਦਿਮਾਗ ਦੇ ਅੰਦਰ ਨਸ ਫਟਣ ਨਾਲ ਖ਼ੂਨ ਲੀਕ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਕਾਰਨ ਇਸ ਦਾ ਦਿਮਾਗ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਆਮ ਭਾਸ਼ਾ 'ਚ ਇਸ ਨੂੰ ਬ੍ਰੇਨ ਹੈਮਰੇਜ ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸਟ੍ਰੋਕ ਇਲਾਜਯੋਗ ਹੈ। ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਵਨਿੰਦਰ ਰਿਆੜ ਨੇ ਦੱਸਿਆ ਕਿ ਹਾਈ ਬਲੱਡ ਪ੍ਰੈਸ਼ਰ (ਉੱਚਾ ਖ਼ੂਨ ਦਾ ਦਬਾਅ), ਹਾਈ ਕੋਲੈਸਟਰੋਲ, ਸ਼ੂਗਰ (ਡਾਇਬੀਟੀਜ਼), ਸਿਗਰਟਨੋਸ਼ੀ, ਸ਼ਰਾਬ ਦੀ ਵਰਤੋਂ, ਗੈਰ-ਸਿਹਤਮੰਦ ਜੀਵਨ ਸ਼ੈਲੀ, ਮੋਟਾਪਾ ਅਤੇ ਸਰੀਰਕ ਗਤੀਵਿਧੀਆਂ ਦਾ ਘਟ ਹੋਣਾ ਸਟ੍ਰੋਕ ਦੇ ਮੁੱਖ ਕਾਰਨ ਬਣਦੇ ਹਨ।ਇਸ ਦੌਰਾਨ ਮਹਾਤਮਾ ਹੰਸਰਾਜ ਡੀਏਵੀ ਇੰਸਟੀਚਿਊਟ ਆਫ ਨਰਸਿੰਗ ਕਾਲੇਜ ਜਲੰਧਰ ਦੀਆਂ ਨਰਸਿੰਗ ਵਿਦਿਆਰਥਣਾਂ ਵੱਲੋਂ ਮੈਡਮ ਸਿਮਰਨਜੀਤ ਕੌਰ, ਮੁਸਕਾਨ ਅਤੇ ਮਾਨਵੀ ਦੀ ਦੇਖਰੇਖ ਹੇਠ ਬਣਾਏ ਗਏ ਜਾਗਰੂਕਤਾ ਪੋਸਟਰਾਂ ਰਾਹੀਂ ਲੋਕਾਂ ਨੂੰ ਜਾਗਰੂਕ ਵੀ ਕੀਤਾ ਗਿਆ। ਇਸ ਮੌਕੇ ਐਸ ਐਮ ਓ. ਡਾ. ਸੁਰਜੀਤ ਸਿੰਘ, ਐਸ ਐਮ ਓ ਡਾ. ਪ੍ਰਿਯਾਇੰਦੂ ਭੂਸ਼ਣ ਰਾਏ, ਡਾ. ਹਰਪ੍ਰੀਤ ਸਿੰਘ, ਡਾ. ਨਿਸ਼ਾਂਤ, ਡਾ. ਸੋਮਯਾ, ਡਾ ਸ਼੍ਰੇਆਂਸ਼, ਡਿਪਟੀ ਐਮ ਈ ਆਈ ਓ ਰਵਿੰਦਰ ਜੱਸਲ, ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਨੀਰਜ ਸ਼ਰਮਾ, ਕਾਰਜਕਾਰੀ ਮੈਟਰਨ ਨੀਤਿਨ, ਨਰਸਿੰਗ ਸਿਸਟਰ ਸ਼ੀਰੋ ਅਤੇ ਮਹਾਤਮਾ ਹੰਸਰਾਜ ਡੀ ਏ ਵੀ ਇੰਸਟੀਚਿਊਟ ਦੀਆਂ ਵਿਦਿਆਰਥਣਾਂ ਮੌਜੂਦ ਸਨ।

# ਸਿਆਸੀ ਆਗੂਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪੰਜਾਬ ਤੇ ਪੰਜਾਬੀਆਂ ਦੇ ਭਵਿੱਖ ਬਾਰੇ ਸੋਚਣਾ ਚਾਹੀਦਾ : ਸੰਗੋਵਾਲ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )-** ਮਿਸਲ ਸਤਲੁਜ ਪਾਰਟੀ ਦੇ ਆਗੂ ਦਵਿੰਦਰ ਸਿੰਘ ਸੰਗੋਵਾਲ ਨੇ ਸਿਆਸੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਝੂਠ ਦੀ ਸਿਆਸਤ ਅਤੇ ਮੁਫ਼ਤ ਸਕੀਮਾਂ ਦੇ ਸਹਾਰੇ ਲੋਕਾਂ ਨੂੰ ਭਰਮਾਉਣ ਦੀ ਰਾਜਨੀਤੀ ਨੂੰ ਛੱਡ ਕੇ ਪੰਜਾਬ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਨੂੰ ਆਪਣੀ ਪਹਿਲ ਬਣਾਉਣ।ਉਨ੍ਹਾਂ ਕਿਹਾ ਕਿ ਪੰਜਾਬ ਦੀ ਖ਼ੁਸ਼ਹਾਲੀ ਸਿਰਫ਼ ਚੋਣਾਂ ਦੌਰਾਨ ਕੀਤੇ ਜਾਣ ਵਾਲੇ ਵਾਅਦਿਆਂ ਜਾਂ ਮੁਫ਼ਤ ਸਹੂਲਤਾਂ ਦੇ ਐਲਾਨਾਂ ਨਾਲ ਨਹੀਂ, ਸਗੋਂ ਠੋਸ ਨੀਤੀਆਂ, ਇਮਾਨਦਾਰ ਲੀਡਰਸ਼ਿਪ ਅਤੇ ਵਿਕਾਸਮੁਖੀ ਸੋਚ ਨਾਲ ਹੀ ਸੰਭਵ ਹੈ। ਪੰਜਾਬ ਨੂੰ ਅਜਿਹੀ ਰਾਜਨੀਤੀ ਦੀ ਲੋੜ ਹੈ, ਜੋ ਲੋਕਾਂ ਨੂੰ ਆਤਮ-ਨਿਰਭਰ ਬਣਾਉਣ ਦੇ ਨਾਲ-ਨਾਲ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰੇ। ਸੰਗੋਵਾਲ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨਾ, ਕਿਸਾਨਾਂ ਦੀਆਂ ਸਮੱਸਿਆਵਾਂ ਦਾ ਸਥਾਈ ਹੱਲ ਲੱਭਣਾ, ਉਦਯੋਗਾਂ ਨੂੰ ਉਤਸ਼ਾਹਿਤ ਕਰਨਾ, ਸਿੱਖਿਆ ਅਤੇ ਸਿਹਤ ਸਹੂਲਤਾਂ ਵਿੱਚ ਸੁਧਾਰ ਲਿਆਉਣਾ ਅਤੇ ਸੂਬੇ ਨੂੰ ਕਰਜ਼ੇ ਦੇ ਬੋਝ ਤੋਂ ਮੁਕਤ ਕਰਨ ਲਈ ਯੋਜਨਾਬੱਧ ਉਪਰਾਲੇ ਕਰਨਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਅੱਗੇ ਕਿਹਾ ਕਿ ਸਿਆਸੀ ਆਗੂਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪੰਜਾਬ ਅਤੇ ਪੰਜਾਬੀਆਂ ਦੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ। ਅੰਤ ਵਿੱਚ ਦਵਿੰਦਰ ਸਿੰਘ ਸੰਗੋਵਾਲ ਨੇ ਕਿਹਾ ਕਿ ਪੰਜਾਬ ਨੂੰ ਮੁੜ ਖ਼ੁਸ਼ਹਾਲ ਬਣਾਉਣ ਲਈ ਇਮਾਨਦਾਰ ਸਿਆਸਤ, ਜਵਾਬਦੇਹ ਸ਼ਾਸਨ ਅਤੇ ਵਿਕਾਸ ਨੂੰ ਕੇਂਦਰ ਵਿੱਚ ਰੱਖਣਾ ਲਾਜ਼ਮੀ ਹੈ। ਸਮੇਂ ਦੀ ਮੰਗ ਹੈ ਕਿ ਸਿਆਸੀ ਆਗੂ ਝੂਠੇ ਵਾਅਦਿਆਂ ਅਤੇ ਮੁਫ਼ਤ ਸਕੀਮਾਂ ਦੀ ਸਿਆਸਤ ਤੋਂ ਉੱਪਰ ਉੱਠ ਕੇ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੀ ਭਲਾਈ ਲਈ ਠੋਸ ਕਦਮ ਚੁੱਕਣ।

# ਮੋਟੇ ਮਾਜਰਾ ਨੂੰ ਜਾਂਦੀ ਸੜਕ ਦੀ ਖਸਤਾ ਹਾਲਤ

**ਮੋਹਾਲੀ (ਗੁਰਜੀਤ ਬਿੱਲਾ)-** ਹਲਕਾ ਮੋਹਾਲੀ ਦੇ ਪਿੰਡ ਮੋਟੇ ਮਾਜਰਾ ਨੂੰ ਲਾਂਡਰਾਂ-ਬਨੂੜ ਰੋਡ ਤੋਂ ਜਾਂਦੀ ਸੜਕ ਦੀ ਖਸਤਾ ਹਾਲਤ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੋਹਾਲੀ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਸਰਕਾਰ 'ਤੇ ਸਵਾਲ ਚੁੱਕੇ ਹਨ। ਸੋਹਾਣਾ ਨੇ ਕਿਹਾ ਕਿ ਪਿੰਡ ਦੇ ਲੋਕਾਂ ਨੂੰ ਹਰ ਰੋਜ਼ ਇਸ ਖਸਤਾ ਸੜਕ ਤੋਂ ਲੰਘਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ ਸੜਕ ਦੀ ਮੁਰੰਮਤ ਲਈ ਕੋਈ ਠੋਸ ਕਾਰਵਾਈ ਨਜ਼ਰ ਨਹੀਂ ਆ ਰਹੀ। ਸੋਹਾਣਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਮੋਟੇ ਮਾਜਰਾ ਨੂੰ ਜਾਂਦੀ ਇਸ ਸੜਕ ਦੀ ਹਾਲਤ ਦਾ ਤੁਰੰਤ ਜਾਇਜ਼ਾ ਲਿਆ ਜਾਵੇ ਅਤੇ ਲੋਕਾਂ ਨੂੰ ਰਾਹਤ ਦੇਣ ਲਈ ਮੁਰੰਮਤ ਦਾ ਕੰਮ ਜਲਦ ਸ਼ੁਰੂ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਠਾਉਣਾ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਰਜਿੰਦਰ ਸਿੰਘ, ਸ਼ਮਸ਼ੇਰ ਸਿੰਘ ਪੰਚ, ਸ਼ਮਸ਼ੇਰ ਸਿੰਘ ਗੋਗਾ, ਛੱਜੂ ਸਿੰਘ, ਬਲਵਿੰਦਰ ਸਿੰਘ ਮੋਟੇ ਮਾਜਰਾ ਹਾਜ਼ਰ ਸਨ।

# ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ : ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)-** ਹਲਕਾ ਬਲਾਚੌਰ ਦੇ ਪਿੰਡ ਰੱਤੇਵਾਲ ਦੀ ਬਸਤੀ ਕਸਾਣਾਂ ਵਿਖੇ ਮਾਸਟਰ ਜੇ ਪੀ ਕਸਾਣਾਂ ਸਪੋਰਟਸ ਕਲੱਬ ਵੱਲੋਂ ਵਾਲੀਬਾਲ ਕੱਪ ਕਰਵਾਇਆ ਗਿਆ। ਇਸ ਖੇਡ ਸਮਾਗਮ ਵਿੱਚ ਜ਼ਿਲ੍ਹਾ ਪ੍ਰਧਾਨ ਕਾਂਗਰਸ ਪਾਰਟੀ ਦੇ ਅਜੇ ਮੰਗੂ ਪੁਰ ਨੇ ਸਾਥੀਆਂ ਸਮੇਤ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਬੇਹੱਦ ਖੁਸ਼ੀ ਅਤੇ ਮਾਣ ਮਹਿਸੂਸ ਹੋਇਆ। ਇਸ ਮੌਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਅਤੇ ਖੇਡਾਂ ਦੇ ਖੇਤਰ ਵਿੱਚ ਯੋਗਦਾਨ ਪਾਉਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ। ਉਨ੍ਹਾਂ ਮਾਸਟਰ ਜੇ ਪੀ ਕਸਾਣਾਂ ਸਪੋਰਟਸ ਕਲੱਬ, ਸਮੂਹ ਗ੍ਰਾਮ ਪੰਚਾਇਤ ਅਤੇ ਨੌਜਵਾਨ ਸਾਥੀਆਂ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਦੇ ਨਾਲ-ਨਾਲ ਪਿੰਡਾਂ ਵਿੱਚ ਖੇਡ ਸੱਭਿਆਚਾਰ ਨੂੰ ਵੀ ਉਤਸ਼ਾਹਿਤ ਕਰਦੇ ਹਨ। ਇਸ ਮੌਕੇ ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਮਿਲੇ ਪਿਆਰ, ਸਤਿਕਾਰ ਅਤੇ ਮਾਣ ਲਈ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

# ਆਰ ਬੀ ਯੂ ਦੇ ਯੂ ਐਸ ਐਮ ਐਸ ਵੱਲੋਂ ਵਿੱਤੀ ਸਾਖਰਤਾ ਬਾਰੇ ਗੈਸਟ ਲੈਕਚਰ

**ਕੁਰਾਲੀ (ਮੋਹਣ ਅਗਰਵਾਲ)-** ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ (ਯੂ ਐਸ ਐਮ ਐਸ) ਵੱਲੋਂ ਵਿਦਿਆਰਥੀਆਂ ਵਿੱਚ ਵਿੱਤੀ ਜਾਗਰੂਕਤਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਸੋਚ-ਸਮਝ ਕੇ ਵਿੱਤੀ ਫ਼ੈਸਲੇ ਲੈਣ ਦੇ ਯੋਗ ਬਣਾਉਣ ਦੇ ਉਦੇਸ਼ ਨਾਲ ਵਿੱਤੀ ਗਿਆਨ ਨਾਲ ਨੌਜਵਾਨ ਦਿਮਾਗਾਂ ਨੂੰ ਸਸ਼ਕਤ ਬਣਾਉਣਾ ਵਿਸ਼ੇ 'ਤੇ ਗੈਸਟ ਲੈਕਚਰ ਕਰਵਾਇਆ ਗਿਆ।

ਇਸ ਪ੍ਰੋਗਰਾਮ ਦੌਰਾਨ ਦੋ ਵਿਸ਼ੇਸ਼ ਸੈਸ਼ਨ ਕਰਵਾਏ ਗਏ। ਭਾਰਤੀ ਪ੍ਰਤੀਭੂਤੀ ਅਤੇ ਵਟਾਂਦਰਾ ਬੋਰਡ (ਸੇਬੀ) ਦੇ ਡਿਪਟੀ ਜਨਰਲ ਮੈਨੇਜਰ ਨਵਪ੍ਰੀਤ ਸਿੰਘ ਨੇ ਨਿਵੇਸ਼ਕਾਂ ਦੀ ਸਿੱਖਿਆ, ਵਿੱਤੀ ਸੁਰੱਖਿਆ ਅਤੇ ਸੋਚ-ਸਮਝ ਕੇ ਨਿਵੇਸ਼ ਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਵਿਦਿਆਰਥੀਆਂ ਨੂੰ ਨਿਵੇਸ਼ ਸਬੰਧੀ ਫ਼ੈਸਲੇ ਲੈਣ ਤੋਂ ਪਹਿਲਾਂ ਭਰੋਸੇਯੋਗ ਸਰੋਤਾਂ ਤੋਂ ਜਾਣਕਾਰੀ ਹਾਸਲ ਕਰਨ ਅਤੇ ਵਿੱਤੀ ਜੋਖ਼ਮਾਂ ਨੂੰ ਸਮਝਣ ਲਈ ਪ੍ਰੇਰਿਤ ਕੀਤਾ। ਦੂਜੇ ਸੈਸ਼ਨ ਵਿੱਚ ਡੀਨ ਕ੍ਰਿਸ਼ਨਾ ਬਾਂਸਲ ਨੇ ਨਿੱਜੀ ਅਤੇ ਪੇਸ਼ੇਵਰ ਜੀਵਨ ਵਿੱਚ ਜ਼ਿੰਮੇਵਾਰ ਵਿੱਤੀ ਯੋਜਨਾਬੰਦੀ, ਬੱਚਤ ਅਤੇ ਪੈਸੇ ਦੇ ਸੁਚੱਜੇ ਪ੍ਰਬੰਧਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਅਤੇ ਪ੍ਰੋ-ਵਾਈਸ ਚਾਂਸਲਰ ਪ੍ਰੋ. ਸਤੀਸ਼ ਕੁਮਾਰ ਬਾਂਸਲ ਵੀ ਮੌਜੂਦ ਸਨ। ਇਸ ਤੋਂ ਇਲਾਵਾ ਸਿਟੀਜ਼ਨਜ਼ ਅਵੇਅਰਨੈੱਸ ਗਰੁੱਪ ਦੇ ਚੇਅਰਮੈਨ ਸੁਰਿੰਦਰ ਵਰਮਾ, ਯੂਐਸਐਮਐਸ ਦੀ ਡੀਨ ਡਾ. ਸੁਨੈਨਾ ਖੁਰਾਨਾ ਅਤੇ ਡਾ. ਅੰਸ਼ੂ ਗੌਬਾ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।ਮਾਹਿਰਾਂ ਨੇ ਵਿਦਿਆਰਥੀਆਂ ਨੂੰ ਬਜਟ ਬਣਾਉਣ, ਬੱਚਤ ਕਰਨ, ਨਿਵੇਸ਼ ਦੇ ਮੌਕਿਆਂ ਦਾ ਮੁਲਾਂਕਣ ਕਰਨ, ਡਿਜੀਟਲ ਵਿੱਤੀ ਸੁਰੱਖਿਆ ਯਕੀਨੀ ਬਣਾਉਣ ਅਤੇ ਧੋਖਾਧੜੀ ਵਾਲੀਆਂ ਵਿੱਤੀ ਯੋਜਨਾਵਾਂ ਤੋਂ ਬਚਣ ਬਾਰੇ ਜਾਗਰੂਕ ਕੀਤਾ।

# ਸੰਤ ਬਾਬਾ ਬਿਸ਼ਨ ਸਿੰਘ ਦੀ ਬਰਸੀ ਮੌਕੇ ਰਾਤਰੀ ਦੀਵਾਨ ਸਜਾਇਆ

**ਅੱਡਾ ਸਰਾਂ (ਜਸਵੀਰ ਕਾਜਲ)-** ਪਿੰਡ ਕੰਧਾਲਾ ਜੱਟਾਂ ਵਿਖੇ ਧੰਨ-ਧੰਨ ਬਾਬਾ ਬਿਸ਼ਨ ਸਿੰਘ ਦੀ 126ਵੀਂ ਸਾਲਾਨਾ ਬਰਸੀ ਸਮਾਗਮ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਵਿਦੇਸ਼ ਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਦਿਨ ਰਾਤ ਦੇ ਮਹਾਨ ਕੀਰਤਨ ਦਰਬਾਰ ਵਿਚ ਸਿੱਖ ਪੰਥ ਦੇ ਮਹਾਨ ਕਵੀਸ਼ਰ ,ਭਾਈ ਸੁਖਬੀਰ ਸਿੰਘ ਜੀ ਇੰਟਰਨੈਸ਼ਨਲ ਕਵੀਸ਼ਰੀ ਜਥਾ, ਗਿਆਨੀ ਗੁਰਪ੍ਰਤਾਪ ਸਿੰਘ ਪਦਮ ਇੰਟਰਨੈਸ਼ਨਲ ਢਾਡੀ, ਭਾਈ ਅੰਮ੍ਰਿਤਪਾਲ ਸਿੰਘ ਕੀਰਤਨੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ, ਬੀਬੀ ਦਲੇਰ ਕੌਰ ਖਾਲਸਾ ਇੰਟਰਨੈਸ਼ਨਲ ਢਾਡੀ ਜਥਾ, ਗਿਆਨੀ ਮਨਵੀਰ ਸਿੰਘ ਐਮ ਏ ਮਹੂਵਿੰਡ ਢਾਡੀ ਜਥਾ, ਗਿਆਨੀ ਭਗਵੰਤ ਸਿੰਘ ਸੂਰਵਿੰਡ ਕਵੀਸ਼ਰੀ ਜਥਾ, ਭਾਈ ਗੁਰਪ੍ਰੀਤ ਸਿੰਘ ਕੰਧਾਲਾ (ਕਨੇਡਾ) ਵਾਲੇ ਕੀਰਤਨੀ ਜਥਾ, ਭਾਈ ਦਾਤਾਰ ਸਿੰਘ ਦਾਤਾ ਢਾਡੀ ਜਥਾ ਕੰਧਾਲਾ ਜੱਟਾਂ, ਭਾਈ ਗੁਰਮੁੱਖ ਸਿੰਘ ਕੰਧਾਲਾ ਜੱਟਾਂ ਕੀਰਤਨੀ ਜਥਾ , ਭਾਈ ਹਰਚਰਨ ਸਿੰਘ ਕੰਧਾਲਾ ਜੱਟਾਂ ਵਾਲੇ, ਬਾਬਾ ਬਿਸ਼ਨ ਸਿੰਘ ਜੀ ਕੀਰਤਨ ਵਿਦਿਆਲਾ ਕੰਧਾਲਾ ਜੱਟਾਂ ਦੇ ਬੱਚੇ ਅਤੇ ਹੋਰ ਬਹੁਤ ਸਾਰੇ ਕੀਰਤਨੀ ਜਥੇ ਪਹੁੰਚ ਕੇ ਆਈਆਂ ਹੋਈਆਂ ਸੰਗਤਾਂ ਨੂੰ ਕੀਰਤਨ ਗੁਰਬਾਣੀ ਕਥਾ ਰਾਹੀਂ ਨਿਹਾਲ ਕਰਨਗੇ। ਇਸੇ ਤਰ੍ਹਾਂ ਸਿੱਖ ਪੰਥ ਤੇ ਮਹਾਨ ਕਥਾਵਾਚਕ ਸ੍ਰੀਮਾਨ ਬਾਬਾ ਬੰਤਾ ਸਿੰਘ ਅੰਸ਼ ਵੰਸ਼ ਬਾਬਾ ਬਿਧੀ ਚੰਦ ਜੀ ਮੁੰਡਾ ਪਿੰਡ, ਭਾਈ ਸੁਖਦੇਵ ਸਿੰਘ ਡੱਲਾ ਕਥਾਵਾਚਕ, ਸ੍ਰੀਮਾਨ ਸੰਤ ਬਾਬਾ ਮੱਖਣ ਸਿੰਘ ਦਰੀਏ ਵਾਲੇ ਸੰਗਤਾਂ ਨੂੰ ਕਥਾ ਵਿਚਾਰਾਂ ਨਾਲ ਜੋੜਨਗੇ। ਪ੍ਰਬੰਧਕਾਂ ਨੇ ਦੱਸਿਆ 29-30 ਅਕਤੂਬਰ ਨੂੰ ਰਾਤਰੀ ਦੇ ਦੀਵਾਨਾਂ ਵਿਚ ਪ੍ਰੋਫੈਸਰ ਅਮਰਜੀਤ ਸਿੰਘ ਜੰਡੀ ਕਥਾਵਾਚਕ (ਧਰਮ ਪ੍ਰਚਾਰਕ ਕਮੇਟੀ ), ਭਾਈ ਮਨਜੀਤ ਸਿੰਘ ਜੀ ਬਾਬਕ ਕੀਰਤਨੀ ਜਥਾ,ਗਿਆਨੀ ਸੁਲੱਖਣ ਸਿੰਘ ਰਿਆੜ ਕਵੀਸ਼ਰੀ ਜਥਾ,ਗਿਆਨੀ ਆਕਾਸ਼ਦੀਪ ਸਿੰਘ ਦਮਦਮੀ ਟਕਸਾਲ ਕਥਾਵਾਚਕ, ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ ਜੀ ਸੋਤਲੇ ਵਾਲੇ ਕੀਰਤਨੀ ਜਥਾ, ਗਿਆਨੀ ਜਤਿੰਦਰ ਸਿੰਘ ਜੋਧ ਹਜ਼ੂਰੀ ਢਾਡੀ ਮਿਸਲ ਸ਼ਹੀਦਾਂ ਤਰਨਾ ਦਲ ਢਾਡੀ ਵਾਰਾਂ,ਕਥਾ ਵਿਚਾਰਾਂ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਦੱਸਿਆ ਕਿ 30 ਅਕਤੂਬਰ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਅਨੰਦਪੁਰ ਸਾਹਿਬ (ਸ੍ਰੀ ਕੇਸਗੜ੍ਹ ਸਾਹਿਬ) ਤੋਂ ਸ਼ਿਰਕਤ ਕਰ ਆਏ ਪੰਜ ਪਿਆਰਿਆਂ ਦੀ ਮੌਜੂਦਗੀ ਵਿੱਚ 22 ਪ੍ਰਾਣੀਆਂ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਅੰਮ੍ਰਿਤ ਸੰਚਾਰ ਵਿੱਚ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ। ਇਸ ਮੌਕੇ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਪ੍ਰਬੰਧਕ ਕਮੇਟੀ ਪ੍ਰਧਾਨ ਅੰਮ੍ਰਿਤਪਾਲ ਸਿੰਘ, ਕੈਪਟਨ ਸੁਰਿੰਦਰ ਸਿੰਘ ਸੀ ਏ, ਮਨਜੀਤ ਸਿੰਘ ਖਜਾਨਚੀ, ਤਜਿੰਦਰ ਸਿੰਘ ਬਿੱਲਾ ਉੱਪ ਖਜਾਨਚੀ, ਸੁੱਖਨਿੰਦਰ ਸਿੰਘ, ਦਰਸ਼ਨ ਸਿੰਘ, ਗੁਰਮੈਲ ਸਿੰਘ, ਇੰਦਰਜੀਤ ਸਿੰਘ, ਬਲਸਾਹਿਬ ਸਿੰਘ, ਤਨਵਪ੍ਰੀਤ ਸਿੰਘ, ਕਮਲਜੀਤ ਸਿੰਘ, ਇੰਦਰਜੀਤ ਸਿੰਘ,ਹੈਡ ਗ੍ਰੰਥੀ ਬਾਬਾ ਰਣਜੀਤ ਸਿੰਘ, ਗ੍ਰੰਥੀ ਬਾਬਾ ਦਾਨ ਸਿੰਘ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ!

# ਹਲਕਾ ਵਿਧਾਇਕ ਰੰਧਾਵਾ ਨੇ 383 ਲਾਲੜੂ ਦੇ ਸਿਹਤ ਕੇਂਦਰ ਵਿਖੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਲਾਲੜੂ (ਵਿਨੈ ਕੁਮਾਰ ਜੈਨ)-** ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ 383 ਲਾਲੜੂ ਵਿਖੇ ਪਹੁੰਚ ਕੇ ਡਾਕਟਰ ਸਾਹਿਬਾਨ ਨਾਲ ਮੁਲਾਕਾਤ ਕੀਤੀ ਅਤੇ ਸਿਹਤ ਕੇਂਦਰ ਵਿਖੇ 24 ਘੰਟੇ ਸਿਹਤ ਸੇਵਾਵਾਂ ਸ਼ੁਰੂ ਹੋਣ ਤੋਂ ਬਾਅਦ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਡਾਕਟਰਾਂ ਨਾਲ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ।ਵਿਧਾਇਕ ਰੰਧਾਵਾ ਨੇ ਕਿਹਾ ਕਿ ਲਾਲੜੂ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਮੰਗ ਸੀ ਕਿ 383 ਲਾਲੜੂ ਵਿਖੇ 24 ਘੰਟੇ ਸਿਹਤ ਸੇਵਾਵਾਂ ਉਪਲਬਧ ਹੋਣ। ਲੋਕਾਂ ਦੀ ਇਸ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਵੱਲੋਂ ਕੀਤਾ ਗਿਆ ਵਾਅਦਾ ਪੂਰਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਹੁਣ ਲੋਕਾਂ ਨੂੰ ਐਮਰਜੈਂਸੀ ਸਮੇਤ ਲੋੜ ਪੈਣ 'ਤੇ ਸਿਹਤ ਸੇਵਾਵਾਂ ਲਈ ਵਧੇਰੇ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਹਲਕੇ ਦੇ ਸਰਕਾਰੀ ਸਿਹਤ ਕੇਂਦਰਾਂ ਨੂੰ ਬਿਹਤਰ ਬਣਾਉਣਾ ਅਤੇ ਆਮ ਲੋਕਾਂ ਤੱਕ ਮਿਆਰੀ ਸਿਹਤ ਸਹੂਲਤਾਂ ਪਹੁੰਚਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ।

## ਸਵਾਮੀ ਤੋਂ ਆਸ਼ੀਰਵਾਦ ਪ੍ਰਾਪਤ ਕਰਨ ਲਈ ਉਮੜੇ ਸ਼ਰਧਾਲੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਕਲਿਆਣ ਕਮਲ ਆਸ਼ਰਮ ਹਰਿਦੁਆਰ ਦੇ ਅਨੰਤ ਸ੍ਰੀ ਵਿਭੂਸ਼ਿਤ 1008 ਮਹਾਮੰਡਲੇਸ਼ਵਰ ਸਵਾਮੀ ਸ੍ਰੀ ਕਮਲਾਨੰਦ ਗਿਰੀ ਮਹਾਰਾਜ ਨੇ ਕਤੱਕ ਮਹਾਤਮ ਸੁਣਾਉਂਦਿਆਂ ਕਿਹਾ ਕਿ ਇਸ ਮਹੀਨੇ ਜਿੰਨਾ ਹੋ ਸਕੇ ਨੇਕ ਕੰਮ ਕਰੋ। ਕਤੱਕ ਦੀ ਕਥਾ ਸੁਣੋ, ਕਾਰਤਿਕ ਦੇ ਮਹੀਨੇ ਦੇ ਨਿਯਮਾਂ ਨੂੰ ਅਪਨਾਓ। ਕਾਰਤਿਕ ਵਰਗਾ ਸਰਵਸ਼੍ਰੇਸ਼ਟ ਮਹੀਨਾ ਕੋਈ ਨਹੀਂ ਹੈ।ਇਸ ਮਹੀਨੇ ਜਿੰਨਾ ਹੋ ਸਕੇ, ਭਗਵਾਨ ਚਤੁਰਭੁਜ ਨਾਰਾਇਣ ਦੀ ਪੂਜਾ ਕਰੋ।ਭਗਵਾਨ ਮਧੂਸੂਦਨ ਦੀ ਆਰਾਧਨਾ ਕਰੋ, ਤੱਦ ਹੀ ਜੀਵਨ ਦਾ ਕਲਿਆਣ ਹੋਵੇਗਾ। ਇਸ ਮਹੀਨੇ ਜਿੰਨਾ ਹੋ ਸਕੇ, ਓਨਾ ਹੀ ਵੱਧ ਤੀਰਥਾਂ ਦਾ ਸੇਵਨ ਕਰੋ, ਭਾਵ ਤੀਰਥ ਕਰੋ। ਤੀਰਥਾਂ 'ਤੇ ਜਾ ਕੇ ਜਿੰਨੀ ਵੱਧ ਸਾਧਨਾ ਕਰ ਸਕਦੇ ਹੋ, ਓਨੀ ਸਾਧਨਾ ਕਰੋ। ਇਹ ਬਹੁਤ ਕਲਿਆਣਕਾਰੀ ਹੈ।ਸਵਾਮੀ ਨੇ ਇਹ ਵਿਚਾਰ ਟਿੱਬੀ ਸਾਹਿਬ ਰੋਡ ਸਥਿਤ ਸ੍ਰੀ ਰਾਮ ਭਵਨ ਵਿਖੇ ਆਯੋਜਿਤ ਸਲਾਨਾ ਕਤੱਕ ਮਹੋਤਸਵ ਦੇ ਚੌਥੇ ਦਿਨ ਵੱਡੀ ਗਿਣਤੀ ਵਿੱਚ ਹਾਜ਼ਰ ਸ਼ਰਧਾਲੂਆਂ ਨੂੰ ਮਹਾਤਮ ਸੁਣਾਉਂਦਿਆਂ ਪ੍ਰਗਟ ਕੀਤੇ। ਮਹਾਰਾਜ ਨੇ ਸ਼ਰਧਾਲੂਆਂ ਨੂੰ ਭਜਨ 'ਸਤਸੰਗ ਸਦਾ ਹੋਤਾ ਰਹੇ ਕ੍ਰਿਪਾ ਕਰੋ ਹਨੂੰਮਾਨ...', 'ਸ਼੍ਰੀ ਰਾਮ ਨਾਮ ਤੇਰਾ ਪਿਆਰਾ ਲਾਗੇ...' ਸਮੇਤ ਹੋਰ ਭਜਨ ਸੁਣਾ ਕੇ ਸ਼ਰਧਾਲੂਆਂ ਨੂੰ ਮੰਤਰਮੁੱਗਧ ਕਰ ਦਿੱਤਾ।ਇਸ ਮੌਕੇ ਨੱਥੂ ਰਾਮ ਗੋਇਲ, ਮਨੋਹਰ ਲਾਲ ਗਰਗ, ਡਾ. ਸੁਭਾਸ਼ ਖੁਰਾਣਾ, ਅਨਿਲ ਵਾਟਸ, ਦਵਿੰਦਰ ਤਾਇਲ, ਐਡਵੋਕੇਟ ਸੁਨੀਲ ਬਾਂਸਲ, ਰਾਜਕੁਮਾਰ ਗੋਇਲ, ਕ੍ਰਿਸ਼ਨ ਗਾਵੜੀ, ਡਿੰਪਲ ਵਾਟਸ, ਰਵੀ ਸ਼ਰਮਾ, ਮਾਸਟਰ ਮੰਗਤ ਰਾਮ, ਦੀਪੂ ਕੋਠਾਰੀ, ਜਯੰਤ ਗਰਗ, ਪੰਡਿਤ ਰਣਜੀਤ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ। ਇਸ ਮੌਕੇ ਪ੍ਰਸਾਦ ਪ੍ਰਮੋਦ-ਮੀਨਾ ਗਰਗ, ਤਿਮਰਧਵਜ ਗਰਗ, ਸਮੁਚੇ ਗਰਗ ਪਰਿਵਾਰ ਵੱਲੋਂ ਵੰਡਿਆ ਗਿਆ।

## ਗੁਰਮੀਤ ਸਿੰਘ ਸੋਨੂੰ ਚੀਮਾ ਦਾ ਵਿਸ਼ੇਸ਼ ਸਨਮਾਨ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰਤੀ ਜਨਤਾ ਪਾਰਟੀ ਪੰਜਾਬ ਕਿਸਾਨ ਸੈੱਲ ਦੇ ਬੁਲਾਰੇ ਗੁਰਮੀਤ ਸਿੰਘ ਸੋਨੂੰ ਚੀਮਾ ਨੂੰ ਵਕੀਲ ਭਾਈਚਾਰੇ ਵੱਲੋਂ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਐਡਵੋਕੇਟ ਗਗਨਦੀਪ ਸਿੰਘ ਵਿਰਕ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਗੁਰਮੀਤ ਸਿੰਘ ਸੋਨੂ ਚੀਮਾ ਨੇ ਵਕੀਲ ਭਾਈਚਾਰੇ ਵੱਲੋਂ ਦਿੱਤੇ ਮਾਣ-ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਵੱਲੋਂ ਮਿਲਣ ਵਾਲਾ ਪਿਆਰ, ਸਤਿਕਾਰ ਅਤੇ ਹੌਸਲਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ।ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਤੇ ਸਮਾਜ ਦੀ ਭਲਾਈ ਲਈ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।ਉਨ੍ਹਾਂ ਕਿਹਾ ਕਿ ਸਮਾਜ ਦੇ ਹਰ ਵਰਗ ਦੀਆਂ ਮੁਸ਼ਕਲਾਂ ਅਤੇ ਹੱਕਾਂ ਦੀ ਆਵਾਜ਼ ਨੂੰ ਬਣਦੀ ਥਾਂ 'ਤੇ ਉਠਾਉਣਾ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਰਹੇਗੀ।ਇਸ ਮੌਕੇ ਵਕੀਲ ਭਾਈਚਾਰੇ ਵੱਲੋਂ ਕਿਹਾ ਗਿਆ ਕਿ ਗੁਰਮੀਤ ਸਿੰਘ ਸੋਨੂ ਚੀਮਾ ਦਾ ਪਰਵਾਰ ਲੰਬੇ ਸਮੇਂ ਤੋਂ ਲੋਕ ਸੇਵਾ ਦੇ ਕਾਰਜਾਂ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਦੇ ਦਾਦਾ ਰਣਧੀਰ ਸਿੰਘ ਚੀਮਾ ਨੂੰ ਸੜਕਾਂ ਦੇ ਮੰਤਰੀ ਵਜੋਂ ਜਾਣਿਆ ਜਾਂਦਾ ਸੀ, ਜਦਕਿ ਉਨ੍ਹਾਂ ਦੇ ਪਿਤਾ ਜਗਦੀਪ ਸਿੰਘ ਚੀਮਾ ਨੇ ਵੀ ਲੋਕਾਂ ਦੀ ਸੇਵਾ ਕਰਦਿਆਂ ਆਪਣੀ ਅਹਿਮ ਭੂਮਿਕਾ ਨਿਭਾਈ ਹੈ।ਵਕੀਲ ਭਾਈਚਾਰੇ ਨੇ ਕਿਹਾ ਕਿ ਗੁਰਮੀਤ ਸਿੰਘ ਸੋਨੂ ਚੀਮਾ ਵੱਲੋਂ ਵੀ ਆਪਣੇ ਪਰਿਵਾਰ ਦੀਆਂ ਲੋਕ ਸੇਵਾ ਦੀਆਂ ਰਵਾਇਤਾਂ ਨੂੰ ਅੱਗੇ ਤੋਰਦਿਆਂ ਲੋਕਾਂ ਨਾਲ ਲਗਾਤਾਰ ਜੁੜ ਕੇ ਉਨ੍ਹਾਂ ਦੇ ਮਸਲਿਆਂ ਨੂੰ ਉਠਾਉਣ ਦੇ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦੀ ਭਲਾਈ ਅਤੇ ਸਮਾਜ ਸੇਵਾ ਲਈ ਸਮਰਪਿਤ ਸ਼ਖ਼ਸੀਅਤਾਂ ਦਾ ਸਨਮਾਨ ਕਰਨਾ ਮਾਣ ਵਾਲੀ ਗੱਲ ਹੈ।

## ਨਵ-ਨਿਯੁਕਤ ਐੱਸ ਸੀ ਵਿੰਗ ਦੇ ਅਹੁਦੇਦਾਰਾਂ ਦਾ ਸਨਮਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਲੋਕ ਸਭਾ ਦਫ਼ਤਰ ਵਿਖੇ ਆਮ ਆਦਮੀ ਪਾਰਟੀ ਦੇ ਨਵ-ਨਿਯੁਕਤ ਐੱਸ.ਸੀ. ਵਿੰਗ ਦੇ ਤਿੰਨ ਅਹੁਦੇਦਾਰ ਡਾ. ਪ੍ਰੀਤਮ ਕੋਰਜੀਵਾਲਾ, ਗੁਰਮੀਤ ਸਿੰਘ ਜ਼ਿਲ੍ਹਾ ਵਾਈਸ ਕੋਆਰਡੀਨੇਟਰ ਤੇ ਹਰਜੀਤ ਸਿੰਘ ਜ਼ਿਲ੍ਹਾ ਸਕੱਤਰ ਰੂਰਲ ਪਟਿਆਲਾ ਐਸ.ਸੀ ਵਿੰਗ ਆਦਿ ਨੂੰ ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।ਐਸ.ਸੀ ਵਿੰਗ ਦੇ ਸੂਬਾ ਸਕੱਤਰ ਅਮਰੀਕ ਸਿੰਘ ਬੰਗੜ ਤੇ ਪਟਿਆਲਾ ਅਰਬਨ ਦੇ ਜ਼ਿਲ੍ਹਾ ਪ੍ਰਧਾਨ ਨਲਵਦੀਪ ਮੌਲਵੀਵਾਲਾ ਵੀ ਹਾਜ਼ਰ ਸਨ। ਉਨ੍ਹਾਂ ਸਾਰੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਦਿਲੋਂ ਵਧਾਈਆਂ ਤੇ ਸ਼ੁਭਕਾਮਨਾਵਾਂ ਦਿੱਤੀਆਂ।ਬਲਜਿੰਦਰ ਸਿੰਘ ਢਿੱਲੋਂ ਨੇ ਉਮੀਦ ਪ੍ਰਗਟਾਈ ਕਿ ਨਵ-ਨਿਯੁਕਤ ਅਹੁਦੇਦਾਰ ਪਾਰਟੀ ਦੀਆਂ ਨੀਤੀਆਂ ਤੇ ਲੋਕ ਭਲਾਈ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਹਿੱਤ ਕਾਰਜਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਮਿਹਨਤ, ਸਮਰਪਣ ਤੇ ਲੋਕਾਂ ਨਾਲ ਸਿੱਧਾ ਸੰਪਰਕ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਹਰ ਵਰਕਰ ਅਤੇ ਅਹੁਦੇਦਾਰ ਦੀ ਮਿਹਨਤ, ਲਗਨ ਤੇ ਸਮਰਪਣ ਸੰਗਠਨ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ।ਆਮ ਆਦਮੀ ਪਾਰਟੀ ਦੀ ਤਾਕਤ ਉਸ ਦੇ ਮਿਹਨਤੀ ਵਰਕਰ ਹਨ, ਜੋ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਤੇ ਉਨ੍ਹਾਂ ਦੇ ਹੱਲ ਲਈ ਯਤਨਸ਼ੀਲ ਰਹਿੰਦੇ ਹਨ।

## ਇੰਦਰਜੀਤ ਸਿੰਘ ਸੰਧੂ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ

**ਸਨੌਰ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇ ਚਰਚਾਵਾਂ ਤੇਜ਼ ਹੁੰਦੀਆਂ ਨਜ਼ਰ ਆ ਰਹੀਆਂ ਹਨ। ਹਲਕੇ ਵਿੱਚ ਉਨ੍ਹਾਂ ਨੂੰ ਮਿਲ ਰਹੇ ਹੁੰਗਾਰੇ ਦੇ ਮੱਦੇਨਜ਼ਰ ਕਈ ਲੋਕ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਮਜ਼ਬੂਤ ਦਾਅਵੇਦਾਰ ਵਜੋਂ ਦੇਖ ਰਹੇ ਹਨ।ਇਲਾਕੇ ਵਿੱਚ ਉਨ੍ਹਾਂ ਦੀ ਸਿਆਸੀ ਭੂਮਿਕਾ ਅਤੇ ਲੋਕਾਂ ਨਾਲ ਜੁੜਾਅ ਨੂੰ ਲੈ ਕੇ ਵੀ ਚਰਚਾ ਹੋ ਰਹੀ ਹੈ। ਹਲਕਾ ਸਨੌਰ ਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਵੱਲੋਂ ਇੰਦਰਜੀਤ ਸਿੰਘ ਸੰਧੂ ਦੇ ਨਾਮ ਨੂੰ ਲੈ ਕੇ ਪ੍ਰਗਟਾਏ ਜਾ ਰਹੇ ਵਿਚਾਰਾਂ ਕਾਰਨ ਸਿਆਸੀ ਮਾਹੌਲ ਵਿੱਚ ਉਨ੍ਹਾਂ ਦੀ ਚਰਚਾ ਵਧ ਰਹੀ ਹੈ। ਸਥਾਨਕ ਲੋਕਾਂ ਦੇ ਇੱਕ ਵਰਗ ਦਾ ਮੰਨਣਾ ਹੈ ਕਿ ਉਹ ਹਲਕੇ ਵਿੱਚ ਆਮ ਆਦਮੀ ਪਾਰਟੀ ਲਈ ਇੱਕ ਅਹਿਮ ਚਿਹਰਾ ਸਾਬਤ ਹੋ ਸਕਦੇ ਹਨ। ਇਸੇ ਕਾਰਨ ਉਨ੍ਹਾਂ ਨੂੰ ਪਾਰਟੀ ਦੇ ਸੰਭਾਵੀ ਮਜ਼ਬੂਤ ਦਾਅਵੇਦਾਰਾਂ ਵਿੱਚ ਗਿਣਿਆ ਜਾ ਰਿਹਾ ਹੈ। ਇੰਦਰਜੀਤ ਸਿੰਘ ਸੰਧੂ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਵਾਈਸ ਚੇਅਰਮੈਨ ਵਜੋਂ ਆਪਣੀ ਭੂਮਿਕਾ ਨਿਭਾ ਰਹੇ ਹਨ।

## ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਵੱਲੋਂ ਅਧਿਕਾਰੀਆਂ ਨਾਲ ਅਹਿਮ ਮੀਟਿੰਗ

**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਵਿਖੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਗੁਰਦੇਵ ਸਿੰਘ ਟਿਵਾਣਾ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਅਤੇ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦੌਰਾਨ ਜ਼ਿਲ੍ਹੇ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਜਾਰੀ ਕੀਤੀ ਗਈ 7.58 ਕਰੋੜ ਰੁਪਏ ਦੀ ਗ੍ਰਾਂਟ ਨਾਲ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਇਹ ਕੰਮ ਜਲਦ ਤੋਂ ਜਲਦ ਅਤੇ ਮਿਆਰੀ ਤਰੀਕੇ ਨਾਲ ਮੁਕੰਮਲ ਕਰਵਾਉਣ ਲਈ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ।ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦ ਦੇ ਸਾਥੀਆਂ ਅਤੇ ਅਧਿਕਾਰੀਆਂ ਦੁਆਰਾ ਜ਼ਿਲ੍ਹੇ ਦੀਆਂ ਵੱਖ-ਵੱਖ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬਿਹਤਰ ਤਾਲਮੇਲ ਕਰਵਾਇਆ ਗਿਆ।ਇਸ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਅਤੇ ਸੰਮਤੀਆਂ ਦੇ ਚੇਅਰਮੈਨ, ਸਿਹਤ ਵਿਭਾਗ ਤੋਂ ਸਿਵਲ ਸਰਜਨ ਪਟਿਆਲਾ ਡਾ. ਸ਼ੈਲੀ ਜੇਤਲੀ, ਮੰਡੀ ਬੋਰਡ ਦੇ ਅਧਿਕਾਰੀ, ਐਕਸੀਅਨ ਪੰਚਾਇਤੀ ਰਾਜ, ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਬੀ.ਡੀ.ਪੀ.ਓ. ਸਾਹਿਬਾਨ, ਪੰਜਾਬ ਦੇ ਅਧਿਕਾਰੀ, ਮਨਰੇਗਾ ਡਿਪਾਰਟਮੈਂਟ ਦੇ ਅਧਿਕਾਰੀ, ਸਿੱਖਿਆ ਵਿਭਾਗ ਅਤੇ ਖੇਡ ਵਿਭਾਗ ਦੇ ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

## ਦਾਸ ਐਂਡ ਬ੍ਰਾਊਨ ਸਕੂਲ 'ਚ ਮਨਾਇਆ ਹੈਲੋਵੀਨ ਦਿਵਸ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੈਲੋਵੀਨ ਦਿਵਸ ਦੇ ਮੌਕੇ 'ਤੇ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਵਿਚ ਸ਼ਾਨਦਾਰ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਕੈਂਬਰਿਜ ਦੇ ਈ.ਵਾਈ.-1 ਤੋਂ ਸਟੇਜ-1 ਤੱਕ ਦੇ ਨਿਆਣੇ ਵਿਦਿਆਰਥੀਆਂ ਨੇ ਕਾਲੇ ਅਤੇ ਸੰਤਰੀ ਰੰਗ ਦੇ ਆਕਰਸ਼ਕ ਕੱਪੜੇ ਪਾ ਕੇ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰਿੰਸੀਪਲ ਡਾ. ਰੂਹੀ ਪਾਂਡੇ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਮਨੋਰੰਜਕ ਫਿਲਮ ਦੇਖੀ ਅਤੇ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਸੰਗੀਤ ਦੀਆਂ ਧੁਨਾਂ 'ਤੇ ਡਾਂਸ ਕੀਤਾ ਅਤੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਬੱਚਿਆਂ ਦੀ ਵਾਕ ਵੀ ਕਰਵਾਈ ਗਈ। ਵੀ.ਪੀ. ਕੈਂਬਰਿਜ ਬਿਊਰੋ ਗੁਪਤਾ ਨੇ ਦੱਸਿਆ ਕਿ ਪੂਰੇ ਪ੍ਰੋਗਰਾਮ ਦੌਰਾਨ ਸਕੂਲ ਦਾ ਮਾਹੌਲ ਉਤਸ਼ਾਹ, ਮਸਤੀ ਅਤੇ ਖੁਸ਼ੀਆਂ ਨਾਲ ਭਰਿਆ ਰਿਹਾ।

# ਟ੍ਰਾਈਡੈਂਟ ਗਰੁੱਪ ਨੇ ਪੰਜਾਬ 'ਚ 2000 ਏਕੜ ਦਾ ਟੀਚਾ ਮਿੱਥਿਆ

**ਬਰਨਾਲਾ (ਰਾਜਿੰਦਰ ਬਰਾੜ)**
ਪੰਜਾਬ 'ਚ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਅਤੇ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਟਿਕਾਊ ਬਦਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਟ੍ਰਾਈਡੈਂਟ ਗਰੁੱਪ ਨੇ ਆਪਣੇ 'ਪਰਾਲੀ ਸਮਾਧਾਨ ਪ੍ਰੋਗਰਾਮ 2026' ਤਹਿਤ ਕਰੀਬ 2,000 ਏਕੜ ਖੇਤੀਬਾੜੀ ਰਕਬੇ ਨੂੰ ਕਵਰ ਕਰਨ ਦਾ ਟੀਚਾ ਮਿੱਥਿਆ ਹੈ। ਟ੍ਰਾਈਡੈਂਟ ਗਰੁੱਪ ਦੀ ਸੀ.ਐੱਸ.ਆਰ. ਇਕਾਈ ਟ੍ਰਾਈਡੈਂਟ ਹਿਊਮੈਨਿਟੀ ਫਾਊਂਡੇਸ਼ਨ (ਪਹਿਲਾਂ ਟ੍ਰਾਈਡੈਂਟ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼) ਰਾਹੀਂ ਚਲਾਏ ਜਾ ਰਹੇ ਇਸ ਪ੍ਰੋਗਰਾਮ ਤਹਿਤ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੀ ਸਹੂਲਤ ਬਿਨਾਂ ਕਿਸੇ ਖ਼ਰਚੇ ਦੇ ਦਿੱਤੀ ਜਾ ਰਹੀ ਹੈ।ਪ੍ਰੋਗਰਾਮ ਤਹਿਤ ਝੋਨੇ ਦੀ ਪਰਾਲੀ ਨੂੰ ਇਕੱਠਾ ਕਰਨ ਅਤੇ ਉਸ ਦੀਆਂ ਗੱਠਾਂ ਬਣਾਉਣ ਲਈ ਕਿਸਾਨਾਂ ਨੂੰ ਮੁਫ਼ਤ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਦਾ ਮਕਸਦ ਝੋਨੇ ਦੀ ਕਟਾਈ ਅਤੇ ਅਗਲੀ ਫ਼ਸਲ ਦੀ ਬਿਜਾਈ ਵਿਚਾਲੇ ਘੱਟ ਸਮੇਂ ਦੌਰਾਨ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਦਾ ਬਦਲ ਮੁਹੱਈਆ ਕਰਵਾਉਣਾ ਅਤੇ ਖੇਤਾਂ 'ਚ ਪਰਾਲੀ ਸਾੜਨ ਦੀ ਲੋੜ ਨੂੰ ਘਟਾਉਣਾ ਹੈ।ਬਰਨਾਲਾ ਅਤੇ ਆਸ-ਪਾਸ ਦੇ ਇਲਾਕਿਆਂ 'ਚ ਮੌਜੂਦਾ ਪੜਾਅ ਦੌਰਾਨ ਹੁਣ ਤੱਕ ਕਰੀਬ 550 ਏਕੜ ਰਕਬੇ ਦੀ ਪਛਾਣ ਕਰਕੇ ਇਸ ਨੂੰ ਪ੍ਰੋਗਰਾਮ ਤਹਿਤ ਬੁੱਕ ਕੀਤਾ ਜਾ ਚੁੱਕਾ ਹੈ। ਇਸ ਦੇ ਨਾਲ-ਨਾਲ ਕਿਸਾਨਾਂ ਦੀ ਸੋਚ 'ਚ ਬਦਲਾਅ ਲਿਆਉਣ ਅਤੇ ਉਨ੍ਹਾਂ ਨੂੰ ਜਾਗਰੂਕ ਕਰਨ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਲਈ ਨੁੱਕੜ ਨਾਟਕਾਂ, ਕਿਸਾਨ ਸੰਪਰਕ ਪ੍ਰੋਗਰਾਮਾਂ ਅਤੇ ਹੋਰ ਜਾਗਰੂਕਤਾ ਸਰਗਰਮੀਆਂ ਰਾਹੀਂ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਥਾਂ ਵਾਤਾਵਰਣ ਪੱਖੀ ਬਦਲ ਅਪਣਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

## ਬਾਬਾ ਖੇਤਰਪਾਲ ਮੰਦਰ ਕਮੇਟੀ ਨੇ ਕਰਵਾਇਆ ਵਿਸ਼ਾਲ ਜਾਗਰਣ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਾਬਾ ਖੇਤਰਪਾਲ ਮੰਦਿਰ ਕਮੇਟੀ ਪੁਰਾਣੀ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜੈ ਬਾਬਾ ਖੇਤਰਪਾਲ ਤੇ ਜੈ ਮਾਤਾ ਮਸਾਣੀ ਦੀ ਅਪਾਰ ਕ੍ਰਿਪਾ ਸਦਕਾ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਥਾਨਕ ਪੁਰਾਣੀ ਦਾਣਾ ਮੰਡੀ ਵਿਖੇ ਸਥਿਤ ਜੈ ਬਾਬਾ ਖੇਤਰਪਾਲ ਪ੍ਰਾਚੀਨ ਮੰਦਰ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸ਼ਾਲ ਜਾਗਰਣ ਕਰਵਾਇਆ ਗਿਆ। ਜਾਗਰਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸੰਗਤ ਨੂੰ ਸੰਬੋਧਨ ਕਰਦਿਆਂ ਹਨੀ ਫੱਤਣਵਾਲਾ ਨੇ ਕਿਹਾ ਕਿ ਬਾਬਾ ਖੇਤਰਪਾਲ ਮੰਦਿਰ ਕਮੇਟੀ ਪੁਰਾਣੀ ਦਾਣਾ ਮੰਡੀ ਵੱਲੋਂ ਬਾਬਾ ਖੇਤਰਪਾਲ ਦਾ ਜਾਗਰਣ ਕਰਵਾਉਣਾ ਇੱਕ ਬਹੁਤ ਹੀ ਵਧੀਆ ਤੇ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਜੀਵਨ ਸ਼ਰਮਾ ਸਰਪ੍ਰਸਤ, ਨਿਤਿਨ ਕੁਮਾਰ ਚੇਅਰਮੈਨ, ਰਾਜ ਕੁਮਾਰ ਡੱਬੂ ਸ਼ਰਮਾ ਪ੍ਰਧਾਨ, ਸੁਰਜੀਤ ਵਾਇਸ ਚੇਅਰਮੈਨ, ਬੰਟੀ ਖੁਰਾਣਾ ਵਾਈਸ ਪ੍ਰਧਾਨ, ਪ੍ਰਦੀਪ ਕੁਮਾਰ ਛਾਬੜਾ ਕੈਸ਼ੀਅਰ, ਲਛਮਣ ਦਾਸ (ਚਿੜੀਆ) ਤੋਂ ਇਲਾਵਾ ਇਲਾਕੇ ਦੀ ਸੰਗਤ ਅਤੇ ਵੱਖ-ਵੱਖ ਪਾਰਟੀਆਂ ਦੇ ਲੀਡਰ ਤੇ ਆਗੂ ਹਾਜ਼ਰ ਸਨ।

## ਮਾਤਾ ਤੇਜ ਕੌਰ ਮਾਂਗਟ ਨਮਿਤ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ ਭੇਟ

**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਰਾਮਪੁਰ ਦੇ ਮਾਤਾ ਤੇਜ ਕੌਰ ਮਾਂਗਟ, ਜਿਨ੍ਹਾਂ ਦਾ 18 ਅਕਤੂਬਰ ਨੂੰ ਅਕਾਲ ਚਲਾਣਾ ਹੋ ਗਿਆ ਸੀ, ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਅੰਤਮ ਅਰਦਾਸ 25 ਅਕਤੂਬਰ ਨੂੰ ਗੁਰਦੁਆਰਾ ਸ੍ਰੀ ਭਗਵਾਨਸਰ ਸਾਹਿਬ, ਪੱਤੀ ਚੰਦੂ, ਪਿੰਡ ਰਾਮਪੁਰ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਈ ਗਈ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ, ਰਿਸ਼ਤੇਦਾਰਾਂ, ਸਨੇਹੀਆਂ ਤੇ ਵੱਖ-ਵੱਖ ਰਾਜਨੀਤਿਕ ਤੇ ਸਮਾਜਿਕ ਖੇਤਰਾਂ ਦੀਆਂ ਸ਼ਖ਼ਸੀਅਤਾਂ ਨੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਤੇ ਮਾਂਗਟ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਹਲਕਾ ਪਾਇਲ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ, ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮਨਜੀਤ ਸਿੰਘ ਮਾਂਗਟ ਮਦਨੀਪੁਰ ਸਮੇਤ ਹੋਰਨਾਂ ਸ਼ਖ਼ਸੀਅਤਾਂ ਨੇ ਮਾਤਾ ਤੇਜ ਕੌਰ ਮਾਂਗਟ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਉਨ੍ਹਾਂ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਇਸ ਦੁੱਖ ਦੀ ਘੜੀ ਵਿੱਚ ਹੌਸਲਾ ਦਿੱਤਾ।ਮਾਤਾ ਤੇਜ ਕੌਰ ਦੇ ਸਪੁੱਤਰ ਸਰਬਜੀਤ ਸਿੰਘ ਮਾਂਗਟ ਤੇ ਕੁਲਵਿੰਦਰ ਸਿੰਘ ਮਾਂਗਟ (ਕੋਮਲ), ਪੋਤਰੇ ਸੁਖਪ੍ਰੀਤ ਸਿੰਘ ਮਾਂਗਟ ਅਤੇ ਯੂਥ ਕਾਂਗਰਸ ਆਗੂ ਲਖਵਿੰਦਰ ਸਿੰਘ (ਲੱਖ ਮਾਂਗਟ) ਸਮੇਤ ਸਮੂਹ ਮਾਂਗਟ ਪਰਿਵਾਰ ਨੇ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਕੇ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਵਾਲੀਆਂ ਸੰਗਤਾਂ, ਰਿਸ਼ਤੇਦਾਰਾਂ, ਸਨੇਹੀਆਂ, ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਅਤੇ ਇਲਾਕਾ ਨਿਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ।

# ਹਲਕਾ ਪਟਿਆਲਾ ਦਿਹਾਤੀ 'ਚ ਕਈ ਆਗੂ ਕਾਂਗਰਸ 'ਚ ਸ਼ਾਮਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਹਲਕਾ ਪਟਿਆਲਾ ਦਿਹਾਤੀ ਦੇ ਪਿੰਡ ਚਲੈਲਾ ਵਿਖੇ ਸੁਖਵਿੰਦਰ ਕੌਰ ਵੱਲੋਂ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਜੀਵ ਸ਼ਰਮਾ ਕਾਲੂ ਨੇ ਸ਼ਿਰਕਤ ਕੀਤੀ। ਇਸ ਮੌਕੇ ਇਲਾਕਾ ਨਿਵਾਸੀਆਂ ਅਤੇ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸੁਖਵਿੰਦਰ ਸਿੰਘ, ਸ਼ੇਰ ਸਿੰਘ, ਸੁਮਨਦੀਪ, ਤੇਜਿੰਦਰ ਸਿੰਘ, ਮੰਗਾ ਖਾਨ, ਹਰਜੀਤ ਕੌਰ, ਰਾਣੀ, ਰਣਜੀਤ ਕੌਰ, ਪਰਮਜੀਤ ਕੌਰ, ਅਵਤਾਰ ਸਿੰਘ, ਸਨੀ, ਦਲਬਾਰੂ, ਰੁਮਾਲੀ ਕੌਰ ਅਤੇ ਹੋਰ ਪਾਰਟੀਆਂ ਦੇ ਵਰਕਰ ਸੰਜੀਵ ਸ਼ਰਮਾ ਕਾਲੂ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਸੰਜੀਵ ਸ਼ਰਮਾ ਕਾਲੂ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨਵੇਂ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਲੋਕਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਣਾ ਅਤੇ ਹਰ ਵਰਕਰ ਨੂੰ ਨਾਲ ਲੈ ਕੇ ਚੱਲਣਾ ਬੇਹੱਦ ਜ਼ਰੂਰੀ ਹੈ।ਇਸ ਮੌਕੇ ਸੰਜੀਵ ਸ਼ਰਮਾ ਕਾਲੂ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਹਲਕਾ ਪਟਿਆਲਾ ਦਿਹਾਤੀ ਦੇ ਹਰ ਪਿੰਡ ਤੱਕ ਪਹੁੰਚ ਕਰਨਾ, ਲੋਕਾਂ ਦੀਆਂ ਸਮੱਸਿਆਵਾਂ ਅਤੇ ਉਮੀਦਾਂ ਨੂੰ ਸਮਝਣਾ ਅਤੇ ਉਨ੍ਹਾਂ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਵਿਚਕਾਰ ਰਹਿ ਕੇ ਉਨ੍ਹਾਂ ਦੀ ਗੱਲ ਸੁਣਨ ਨਾਲ ਹੀ ਉਨ੍ਹਾਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕਦਾ ਹੈ। ਸੰਜੀਵ ਸ਼ਰਮਾ ਕਾਲੂ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇਕਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਨੂੰ ਲੋਕਾਂ ਦੇ ਅਹਿਮ ਮੁੱਦੇ ਉਠਾਉਣ ਲਈ ਸਿਰਫ਼ 9 ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ, ਤਾਂ ਇਹ ਗੰਭੀਰ ਚਰਚਾ ਅਤੇ ਸਰਕਾਰ ਦੀ ਜਵਾਬਦੇਹੀ ਬਾਰੇ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਲੋਕਾਂ ਦੀਆਂ ਸਮੱਸਿਆਵਾਂ ਉਠਾਉਣ ਅਤੇ ਸਰਕਾਰ ਤੋਂ ਜਵਾਬ ਮੰਗਣ ਦਾ ਸਭ ਤੋਂ ਮਹੱਤਵਪੂਰਨ ਮੰਚ ਹੈ।ਇਸ ਮੌਕੇ ਐਡਵੋਕੇਟ ਸੇਵਕ ਸਿੰਘ ਝਿੱਲੀ, ਅਮਰਪ੍ਰੀਤ ਸਿੰਘ ਬੌਬੀ, ਭੁਵੇਸ਼ ਤਿਵਾੜੀ ਸਾਬਕਾ ਕੌਂਸਲਰ, ਅਮਰਜੀਤ ਸਿੰਘ, ਲੱਖਾ ਸਿੰਘ, ਜੈਲੀ ਨੰਬਰਦਾਰ, ਕੁਲਬੀਰ ਸਿੰਘ ਖਰੌੜ, ਸ਼ਮਸ਼ੇਰ ਸਿੰਘ ਫੌਜੀ, ਅਮਰਜੀਤ ਸਿੰਘ ਰੋੜੇਵਾਲ, ਕੁਲਦੀਪ ਸਿੰਘ ਨੰਬਰਦਾਰ, ਜਰਨੈਲ ਸਿੰਘ, ਰਿਧਮ ਸ਼ਰਮਾ ਪ੍ਰਧਾਨ ਯੂਥ ਕਾਂਗਰਸ, ਗੁਰਮੀਤ ਸਿੰਘ ਪੰਚ, ਪ੍ਰਵੀਨ ਰਾਵਤ ਬਲਾਕ ਪ੍ਰਧਾਨ ਤ੍ਰਿਪੁੜੀ, ਮੰਨੂ ਧਾਲੀਵਾਲ, ਵਿਵੇਕ ਸ਼ਰਮਾ, ਗੌਰਵ ਸੂਦ ਅਤੇ ਹੋਰ ਹਾਜ਼ਰ ਰਹੇ

## ਹੈਰੋਇਨ ਸਣੇ 3 ਵਿਅਕਤੀ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਵੱਲੋਂ 2 ਗ੍ਰਾਮ ਹੈਰੋਇਨ ਸਣੇ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਚ.ਸੀ. ਸਚਿਨ ਵਰਮਾ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਏਰੀਏ ਵਿਚ ਮੌਜੂਦ ਸੀ ਤੇ ਜਦੋਂ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਸੁਖੇਰਾ ਬੋਦਲਾ ਤੋਂ ਲਿੰਕ ਰੋਡ ਪਿੰਡ ਫੱਤੂਵਾਲਾ ਨੂੰ ਜਾ ਰਹੀ ਸੀ ਤਾਂ ਪਿੰਡ ਸੁਖੇਰਾ ਬੋਦਲਾ ਤੋਂ ਬਾਹਰ ਰੇਤ ਦੇ ਖੱਡੇ ਕੋਲ ਪੁੱਜੀ ਤਾਂ ਸਾਹਮਣੇ ਤੋਂ 3 ਵਿਅਕਤੀ ਆਉਂਦੇ ਦਿਖਾਈ ਦਿੱਤੀ, ਜਿਨ੍ਹਾਂ ਨੂੰ ਪੁਲਸ ਪਾਰਟੀ ਨੇ 2 ਗ੍ਰਾਮ ਹੈਰੋਇਨ ਗ੍ਰਿਫਤਾਰ ਕੀਤਾ ਹੈ। ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਜਗਦੀਸ਼ ਸਿੰਘ ਪੁਤਰ ਦੇਸਾ ਸਿੰਘ ਵਾਸੀ ਢੰਡੀ ਕਦੀਮ, ਗੁਰਚਰਨ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਚੱਕ ਮੁਹੰਮਦੇ ਵਾਲਾ ਤੇ ਰਿੰਕੂ ਸਿੰਘ ਪੁਤਰ ਰਾਜ ਸਿੰਘ ਵਾਸੀ ਫੱਤੂਵਾਲਾ ਦੇ ਵਿਰੁੱਧ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 232 ਮਿਤੀ 28 ਅਕਤੂਬਰ 2026 ਨੂੰ ਧਾਰਾ 21,29/61/85 ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੀਤਾ ਗਿਆ ਹੈ।

## ਸਰਕਾਰੀ ਪ੍ਰਾਇਮਰੀ ਸਕੂਲ ਥਰੀਕੇ ਨੇ ਕੀਤਾ ਕੀਰਤੀਮਾਨ ਕਾਇਮ

**ਲੁਧਿਆਣਾ (ਸਤੀਸ਼ ਸਚਦੇਵਾ)**-ਸਰਕਾਰੀ ਪ੍ਰਾਇਮਰੀ ਸਕੂਲ ਥਰੀਕੇ ਬਲਾਕ ਲੁਧਿਆਣਾ 2 ਨੇ ਜਿਲਾ ਪੱਧਰੀ ਖੇਡਾਂ ਵਿੱਚ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਇਸ ਸਕੂਲ ਦੇ ਖਿਡਾਰੀਆਂ ਨੇ ਵੱਡੇ ਪ੍ਰਾਈਵੇਟ ਸਕੂਲਾਂ ਨੂੰ ਹਰਾ ਕੇ ਲਗਾਤਾਰ ਨੌਵੀਂ ਵਾਰ ਓਵਰਆਲ ਟਰਾਫੀ ਜਿੱਤ ਲਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਹਰਦੇਵ ਸਿੰਘ ਮੁਲਾਂਪੁਰ ਨੇ ਦੱਸਿਆ ਕਿ ਇਸ ਵਾਰ ਜ਼ਿਲਾ ਪੱਧਰੀ ਖੇਡਾਂ ਵਿੱਚ ਯੋਗਾ ਵਿੱਚ 12 ਮੈਡਲਾਂ ਲਈ ਹੋਏ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਥਰੀਕੇ ਦੇ ਖਿਡਾਰੀਆਂ ਨੇ 12 ਗੋਲਡ ਮੈਡਲ ਜਿੱਤ ਲਏ ਹਨ ਅਤੇ ਓਵਰਆਲ ਟਰਾਫੀ ਜਿੱਤ ਲਈ ਹੈ। ਉਹਨਾਂ ਦੱਸਿਆ ਕਿ ਇਸ ਸਕੂਲ ਦਾ ਲਗਾਤਾਰ ਅੱਠ ਵਾਰ ਸਟੇਟ ਪੱਧਰ 'ਤੇ ਵੀ ਓਵਰਆਲ ਟਰਾਫੀ ਜਿੱਤਣ ਦਾ ਰਿਕਾਰਡ ਹੈ।ਸਕੂਲ ਮੁਖੀ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਵਿੱਚ 60 ਮੈਡਲ ਜਿੱਤਣ ਤੋਂ ਬਾਅਦ ਇਸ ਸਕੂਲ ਦੇ ਲਗਭਗ 40 ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਭਾਗ ਲਿਆ ਸੀ ਅਤੇ 25 ਮੈਡਲ ਜਿੱਤ ਕੇ ਸਕੂਲ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੈ! ਇਸ ਸਕੂਲ ਦੇ 16 ਖਿਡਾਰੀ ਸਟੇਟ ਪੱਧਰੀ ਖੇਡਾਂ ਲਈ ਚੁਣੇ ਗਏ ਹਨ। ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਮੈਡਮ ਡਿੰਪਲ ਮਦਾਨ, ਉਪ ਜਿਲਾ ਸਿੱਖਿਆ ਅਫਸਰ ਸ੍ਰੀ ਮਨੋਜ ਕੁਮਾਰ,ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪਰਮਜੀਤ ਸਿੰਘ, ਜਿਲਾ ਸਪੋਰਟਸ ਕੋਆਰਡੀਨੇਟਰ ਕੁਲਵੀਰ ਸਿੰਘ, ਸਰਪੰਚ ਬੀਬੀ ਪਰਮਜੀਤ ਕੌਰ ਥਰੀਕੇ, ਗੁਰਬੀਰ ਸਿੰਘ ਥਰੀਕੇ, ਸਰਬਜੀਤ ਕੌਰ ਬੱਦੋਵਾਲ, ਰੀਮਾ ਰਾਣੀ ,ਰਾਜਦੀਪ ਸਿੰਘ, ਪਿਰਤਪਾਲ ਕੌਰ, ਕਮਲਪ੍ਰੀਤ ਕੌਰ ਅਤੇ ਸਮੂਹ ਨਗਰ ਪੰਚਾਇਤ ਪਿੰਡ ਥਰੀਕੇ ਨੇ ਸਕੂਲ ਦੀ ਮਾਣਮੱਤੀ ਪ੍ਰਾਪਤੀ ਲਈ ਸਕੂਲ ਮੁਖੀ,ਖੇਡ ਇੰਚਾਰਜ ਅਧਿਆਪਕਾਂ ਅਤੇ ਖਿਡਾਰੀਆਂ ਨੂੰ ਵਧਾਈ ਦਿੱਤੀ ਹੈ!

## ਜਲਾਜਣ ਵਾਸੀਆਂ ਵੱਲੋਂ ਜਾਸਮੀਨ ਦੀ ਯਾਦ 'ਚ ਸ਼ੋਕ ਸਭਾ 5 ਨੂੰ

**ਲੁਧਿਆਣਾ/ਦੋਰਾਹਾ (ਸਤੀਸ਼ ਸਚਦੇਵਾ/ਹਰਮਿੰਦਰ ਸੇਠ)**-ਇੱਥੋਂ 40 ਕਿਲੋਮੀਟਰ ਦੂਰ ਪਿੰਡ ਜਲਾਜਣ ਵਿਖੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ ਤੇ ਇਲਾਕੇ ਦੀਆਂ ਇਨਕਲਾਬੀ ਜਮਹੂਰੀ ਸ਼ਖ਼ਸੀਅਤਾਂ ਵੱਲੋਂ ਅਮਰੀਕਾ ਦੇ ਕੈਲੇਫੋਰਨੀਆ ਸੂਬੇ ਦੇ ਸੈਕਰਾਮੈਂਟੋ ਇਲਾਕੇ ਵਿੱਚ ਪਿੰਡ ਦੀ ਧੀ ਜਾਸਮੀਨ ਕੌਰ ਨੂੰ ਉਸਦੇ ਜ਼ਾਲਮ ਪਤੀ ਵਲੋਂ ਸਾੜ ਕੇ ਮਾਰੇ ਜਾਣੇ ਖਿਲਾਫ਼ ਜਾਸਮੀਨ ਦੀ ਯਾਦ ਵਿੱਚ ਸ਼ੋਕ ਸਭਾ ਕੀਤੀ ਗਈ।ਦੋਸ਼ੀ ਪਤੀ ਗੁਰਿੰਦਰ ਸਿੰਘ ਗਿੱਲ ਵਾਸੀ ਪਿੰਡ ਡਾਲਾ, ਜੋ ਕਤਲ ਦੇ ਅਪਰਾਧਕ ਮਾਮਲੇ 'ਚ ਅਮਰੀਕਾ ਜੇਲ੍ਹ ਵਿੱਚ ਬੰਦ ਹੈ, ਨੂੰ ਸਖ਼ਤ ਸਜ਼ਾਵਾਂ ਦੇਣ, ਜਾਸਮੀਨ ਦੀ ਮ੍ਰਿਤਕ ਦੇਹ ਤੇ ਉਸਦੇ 8 ਮਹੀਨੇ ਦੇ ਮਾਸੂਮ ਬੇਟੇ ਨੂੰ ਮੁਲਕ 'ਚ ਲਿਆਉਣ, ਜਾਸਮੀਨ ਦੀ ਮਾਂ ਸੁਖਵਿੰਦਰ ਕੌਰ-ਬੇਟੇ ਪਾਸ਼ ਆਜ਼ਾਦ ਤੇ ਸਮੁੱਚੇ ਪਰਵਾਰ ਦੇ ਹਵਾਲੇ ਕਰਨ ਲਈ ਪੰਜਾਬ ਤੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਤੁਰੰਤ ਅਮਰੀਕਾ ਸਰਕਾਰ ਤੇ ਸਬੰਧਤ ਮਹਿਕਮਿਆਂ ਨਾਲ ਰਾਬਤਾ ਕਾਇਮ ਕਰਕੇ ਬਣਦੀ ਕਾਨੂੰਨੀ ਤੇ ਆਰਥਿਕ ਮਦਦ ਕੀਤੀ ਜਾਵੇ ਆਦਿ ਦੇ ਮਤੇ ਪਾਸ ਕੀਤੇ ਗਏ।ਇਕੱਠ ਵਿੱਚ ਧੀ ਜਾਸਮੀਨ ਨੂੰ ਇਨਸਾਫ਼ ਦਿਵਾਉਣ ਦੀ ਉਠ ਰਹੀ ਆਵਾਜ਼ ਨੂੰ ਜਥੇਬੰਦ ਕਰਨ ਲਈ ਇਲਾਕਾ ਖੰਨਾ-ਲੁਧਿਆਣਾ ਦੀ ਜਾਸਮੀਨ ਸ਼ੋਕ ਸਮਾਗਮ ਕਮੇਟੀ ਦਾ ਗਠਨ ਕੀਤਾ ਗਿਆ।ਕਮੇਟੀ ਦੇ ਕਨਵੀਨਰ ਡਾ. ਹਰਚੰਦ ਸਿੰਘ ਜਲਾਜਣ, ਸੁਖਵਿੰਦਰ ਕੌਰ ਰਾਣੀ, ਦਿਸ਼ਾ, ਚਰਨਜੀਤ ਸਿੰਘ ਜਲਾਜਣ (ਸਾਬਕਾ ਡੀ ਈ ਓ) ਪਰਮਿੰਦਰ ਸਿੰਘ (ਡੀਐਮਸੀ ਹਸਪਤਾਲ) ਮਨਜੀਤ ਕੌਰ ਲੁਧਿਆਣਾ, ਹਰਜਿੰਦਰ ਸਿੰਘ, ਸੁਦਾਗਰ ਸਿੰਘ ਘੁਡਾਣੀ, ਮਾ. ਜੋਗਿੰਦਰ ਆਜ਼ਾਦ, ਮਾ. ਕੁਲਵੰਤ ਤਰਕ ਨਾਮਜਦ ਕੀਤੇ ਗਏ।ਕਮੇਟੀ ਵਲੋਂ ਪਿੰਡ ਜਲਾਜਣ ਵਿਖੇ 5 ਨਵੰਬਰ ਸਵੇਰੇ 11 ਵਜੇ ਇਲਾਕਾ ਖੰਨਾ-ਲੁਧਿਆਣਾ ਦੀ ਵਿਸ਼ਾਲ ਇਕੱਤਰਤਾ ਕਰਕੇ ਜਾਸਮੀਨ ਸ਼ੋਕ ਸਮਾਗਮ ਜਥੇਬੰਦ ਕਰਨ ਦਾ ਫੈਸਲਾ ਕੀਤਾ ਹੈ।

## ਮਾਡਰਨ ਕਾਲਜ ਆਫ਼ ਐਜੂਕੇਸ਼ਨ ਦੀਆਂ ਵਿਦਿਆਰਥਣਾਂ ਨੇ ਕਾਲਜ ਦਾ ਨਾਂਅ ਕੀਤਾ ਰੌਸ਼ਨ

**ਮਾਲੇਰਕੋਟਲਾ (ਅਸਗਰ ਪਰਿਹਾਰ)**
ਡਾਇਰੈਕਟਰ ਡਾ.ਜਗਜੀਤ ਸਿੰਘ ਧੂਰੀ ਦੀ ਰਹਿਨੁਮਾਈ ਹੇਠ ਚੱਲ ਰਹੇ ਮਾਡਰਨ ਕਾਲਜ ਆਫ਼ ਐਜੂਕੇਸ਼ਨ ਫਾਰ ਗਰਲਜ਼, ਸ਼ੇਰਗੜ੍ਹ ਚੀਮਾਂ ਦੀਆਂ ਵਿਦਿਆਰਥਣਾਂ ਨੇ ਦੇਸ਼ ਭਗਤ ਕਾਲਜ, ਬਰਡਵਾਲ (ਧੂਰੀ) ਵਿਖੇ ਕਰਵਾਏ ਗਏ ਯੁਵਕ ਮੇਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਰ ਇਨਾਮ ਹਾਸਲ ਕੀਤੇ। ਕਾਲਜ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਕਲਾ, ਸਾਹਿਤਕ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਵਿੱਚੋਂ ਕਢਾਈ ਵਿੱਚ ਜਸਵਿੰਦਰ ਕੌਰ ਨੇ ਦੂਜਾ ਸਥਾਨ, ਕਾਰਟੂਨਿੰਗ ਵਿੱਚ ਸਾਦੀਆ ਨੇ ਦੂਜਾ ਸਥਾਨ, ਮਿੱਟੀ ਦੇ ਖਿਡੌਣੇ ਬਣਾਉਣ ਵਿੱਚ ਮਨਪ੍ਰੀਤ ਕੌਰ ਨੇ ਤੀਜਾ ਸਥਾਨ ਅਤੇ ਲੋਕ ਗੀਤ ਵਿੱਚ ਕਮਲਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਯੁਵਕ ਮੇਲੇ ਵਿੱਚ ਵੱਖ-ਵੱਖ ਵੰਨਗੀਆਂ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਪੱਖੀ ਡਿਜ਼ਾਈਨਿੰਗ ਨਵਪ੍ਰੀਤ ਕੌਰ, ਕੋਲਾਜ਼ ਮੇਕਿੰਗ ਤੇ ਨੁੱਕੜ ਨਾਟਕ ਮੁਸਕਾਨ, ਪਰਾਂਦਾ ਤੇ ਇੰਨੂੰ ਮੇਕਿੰਗ ਹਰਲੀਨ ਕੌਰ, ਗੁੱਡੀਆਂ ਪਟੋਲੇ ਪ੍ਰਿਆ ਸੱਗੂ, ਕੁਇਜ਼ ਰਮਨਜੋਤ ਕੌਰ, ਰੁਖ਼ਸਾਨਾ, ਗੁਰਦੀਪ ਕੌਰ, ਇਲੋਕਿਊਸ਼ਨ ਸ਼ਾਹੀਨ ਸ਼ਰੀਫ਼, ਕਾਵਿ ਉਚਾਰਨ ਨਾਜ਼ ਬੇਗਮ, ਪਹਿਰਾਵਾ ਪ੍ਰਦਰਸ਼ਨੀ ਇਸ਼ਵਿੰਦਰ ਕੌਰ, ਨਾਲਾ ਮੇਕਿੰਗ ਰੋਬਲਪ੍ਰੀਤ ਕੌਰ, ਰੰਗੋਲੀ ਆਇਸ਼ਾ, ਮਹਿੰਦੀ ਅਮੀਸ਼ਾ, ਪੋਸਟਰ ਮੇਕਿੰਗ ਐਮਨ ਇਕਬਾਲ, ਕਰੋਸ਼ੀਆ ਵਰਕ ਜ਼ੀਨਤ, ਨੁੱਕੜ ਨਾਟਕ ਜ਼ੀਨਤ, ਗੁਰਵੀਰ ਕੌਰ, ਕੋਮਲਪ੍ਰੀਤ ਕੌਰ, ਦੀਪ ਕੌਰ, ਸਹਿਜਪ੍ਰੀਤ ਕੌਰ, ਸਬਾ ਪਰਵੀਨ, ਸੁਮਨਜੀਤ ਕੌਰ, ਇਸ਼ਾ, ਛਿੱਕੂ ਮੇਕਿੰਗ ਕਿਰਨਪ੍ਰੀਤ ਕੌਰ, ਪੀੜ੍ਹੀ ਮੇਕਿੰਗ ਲਵਪ੍ਰੀਤ ਕੌਰ, ਮੌਕੇ 'ਤੇ ਚਿੱਤਰਕਾਰੀ ਤੱਯਬਾ ਤੇ ਖਿੱਦੋ ਮੇਕਿੰਗ ਵਿਚ ਸ਼ਹਿਰੀਨ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਦਿੱਤਾ।ਕਾਲਜ ਦੀ ਪ੍ਰਿੰਸੀਪਲ ਡਾ. ਨੀਤੂ ਸੇਠੀ ਨੇ ਜੇਤੂ ਵਿਦਿਆਰਥਣਾਂ ਅਤੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਸਮੂਹ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਸਰਕਾਰ ਕਿਸਾਨਾਂ ਨੂੰ ਬਿਨਾਂ ਗਿਰਦਾਵਰੀ ਦੇ ਮੁਆਵਜ਼ਾ ਦੇਣ ਦੇ ਬੋਲ ਪੁਗਾਵੇ : ਸੋਢੀ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਪਿੰਡ ਕਰੰਡੀ, ਝੰਡਾ ਕਲਾਂ, ਝੰਡਾ ਖੁਰਦ, ਨਾਹਰਾ, ਮਾਨਖੇੜਾ, ਖੈਰਾ ਕਲਾਂ ਤੇ ਖੈਰਾ ਖੁਰਦ ਵਿੱਚ ਮੀਂਹ, ਝੱਖੜ ਤੇ ਗੜੇਮਾਰੀ ਦੇ ਕਾਰਨ ਝੋਨੇ ਦੀ ਪੱਕੀ ਹੋਈ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।ਨੁਕਸਾਨੇ ਖੇਤਾਂ ਵਿੱਚ ਬਹੁਤ ਲੋਕਾਂ ਨੇ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕੀਤੀ ਹੋਈ ਸੀ।ਉਨ੍ਹਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਬਹੁਤ ਲੋਕਾਂ ਦੀ ਫਸਲ ਕੁਦਰਤੀ ਮਾਰ ਨਾਲ ਖ਼ਤਮ ਹੋ ਚੁੱਕੀ ਹੈ।ਮੌਜੂਦਾ ਸਰਕਾਰ ਨੂੰ ਕਿਸਾਨਾਂ ਦੇ ਹਮਾਇਤੀ ਹੋਣ ਦਾ ਸਬੂਤ ਦਿੰਦੇ ਹੋਏ ਪ੍ਰਭਾਵਤ ਕਿਸਾਨਾਂ ਦੇ ਖਾਤੇ ਵਿੱਚ ਬਿਨਾਂ ਗਿਰਦਾਵਰੀ ਕਰਾਏ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਪਾਉਣਾ ਚਾਹੀਦਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਕਿਹਾ ਕਿ ਸਰਕਾਰ ਬਣਨ ਤੋਂ ਬਾਅਦ ਤੇ ਪਹਿਲਾਂ ਮੁੱਖ ਮੰਤਰੀ ਕਿਹਾ ਕਰਦੇ ਸਨ ਕਿ ਕਿ ਸਾਡੀ ਸਰਕਾਰ ਦਿੱਲੀ ਦੀ ਕੇਜਰੀਵਾਲ ਦੀ ਸਰਕਾਰ ਵਾਂਗ ਬਿਨਾਂ ਗਿਰਦਾਵਰੀ ਦੇ ਕਿਸਾਨਾਂ ਦੇ ਖਾਤੇ ਮੁਆਵਜ਼ਾ ਪਾ ਦਿਆ ਕਰਾਂਗੀ ਤਾਂ ਜੁ ਕਿਸਾਨਾਂ ਦੀ ਕਬੀਲਦਾਰੀ ਚੱਲਦੀ ਰਹੇ, ਗਿਰਦਾਵਰੀ ਵਿਭਾਗ ਬਾਅਦ 'ਚ ਕਰ ਲਵੇਗਾ। ਸਰਦੂਲਗੜ੍ਹ ਹਲਕੇ ਦੇ ਪਿੰਡ ਕਰੰਡੀ, ਝੰਡਾ ਕਲਾਂ, ਝੰਡਾ ਖੁਰਦ, ਨਾਹਰਾ, ਮਾਨਖੇੜਾ, ਖੈਰਾ ਕਲਾਂ ਤੇ ਖੈਰਾ ਖੁਰਦ ਸਮੇਤ ਕਰੀਬ ਇੱਕ ਦਰਜਨ ਪਿੰਡਾਂ ਦੇ ਕਿਸਾਨਾਂ ਦਾ ਕੁਦਰਤੀ ਮਾਰ ਨੁਕਸਾਨ ਹੋਇਆ ਹੈ, ਜਿਸ ਵਿੱਚ ਕਈਆਂ ਕਿਸਾਨਾਂ ਨੇ ਜ਼ਮੀਨ ਠੇਕੇ 'ਤੇ ਲਈ ਹੋਈ ਹੈ।

## ਇਨਸਾਫ਼ ਰੈਲੀ 'ਚ 50 ਬੱਸਾਂ ਦੇ ਕਾਫ਼ਲੇ ਨਾਲ ਹੋਵਾਂਗੇ ਸ਼ਾਮਲ : ਰਾਜਿੰਦਰ ਸਿੰਘ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸੰਗਰੂਰ ਵਿਖੇ ਹੋਣ ਜਾ ਰਹੀ ਕਾਂਗਰਸ ਪਾਰਟੀ ਦੀ ਇਨਸਾਫ਼ ਵਿਸ਼ਾਲ ਰੈਲੀ ਸਮਾਣਾ ਹਲਕੇ ਦੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ 50 ਬੱਸਾਂ ਦੇ ਕਾਫ਼ਲੇ ਨਾਲ ਸ਼ਾਮਲ ਹੋਣਗੇ। ਸਮਾਣਾ ਦੇ ਵਿਧਾਇਕ ਰਾਜਿੰਦਰ ਸਿੰਘ ਨੇ ਕਿਹਾ ਕਿ 4 ਨਵੰਬਰ ਨੂੰ ਸੰਗਰੂਰ ਵਿਖੇ ਹੋਣ ਜਾ ਰਹੀ ਇਨਸਾਫ਼ ਰੈਲੀ ਤੋਂ ਬਾਅਦ ਭਗਵੰਤ ਮਾਨ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਰੈਲੀ 'ਚ ਸ਼ਾਮਲ ਹੋਣ ਲਈ ਲੋਕਾਂ ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰੈਲੀ ਨੂੰ ਲੈ ਕੇ ਇਲਾਕੇ ਦੇ ਪਿੰਡਾਂ 'ਚ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ।ਰੈਲੀ ਦੀ ਸਫ਼ਲਤਾ ਲਈ ਵੱਖ-ਵੱਖ ਪਿੰਡਾਂ ਵਿੱਚ ਕਾਂਗਰਸੀ ਆਗੂਆਂ ਤੇ ਵਰਕਰਾਂ ਵਲੋਂ ਲਗਾਤਾਰ ਲਾਮਬੰਦੀ ਲਈ ਬੈਠਕਾਂ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਬੈਠਕਾਂ ਦੌਰਾਨ ਆਮ ਲੋਕਾਂ ਤੇ ਪਾਰਟੀ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਰਾਜਿੰਦਰ ਸਿੰਘ ਨੇ ਕਿਹਾ ਕਿ ਸੰਗਰੂਰ ਦੀ ਇਹ ਮਹਾਂ ਰੈਲੀ ਪੰਜਾਬ ਦੀ ਰਾਜਨੀਤੀ ਵਿਚ ਇਕ ਨਵਾਂ ਮੋੜ ਸਾਬਤ ਹੋਵੇਗੀ, ਕਿਉਂਕਿ ਇਸ ਰੈਲੀ ਵਿੱਚ ਰਾਹੁਲ ਗਾਂਧੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ ਤੇ ਹੁਣ ਬਦਲਾਅ ਚਾਹੁੰਦੇ ਹਨ।ਪਿੰਡ-ਪਿੰਡ ਵਿੱਚ ਹੋ ਰਹੀਆਂ ਬੈਠਕਾਂ ਦੌਰਾਨ ਮਿਲ ਰਿਹਾ ਸਮਰਥਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਲੋਕ ਵੱਡੀ ਗਿਣਤੀ ਵਿਚ ਰੈਲੀ 'ਚ ਪਹੁੰਚਣ ਲਈ ਉਤਾਵਲੇ ਹਨ।ਨਿਰਮਲ ਭੱਟੀਆਂ ਨੇ ਅੱਗੇ ਦੱਸਿਆ ਕਿ ਹਰ ਪਿੰਡ ਤੋਂ ਕਾਫ਼ਲੇ ਬਣਾ ਕੇ ਰੈਲੀ ਵਾਲੀ ਥਾਂ 'ਤੇ ਪਹੁੰਚਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।ਉਨ੍ਹਾਂ ਦਾਅਵਾ ਕੀਤਾ ਕਿ ਸੰਗਰੂਰ ਦੀ ਧਰਤੀ ਤੇ ਇਕੱਠਾ ਹੋਣ ਵਾਲਾ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਸਾਰੇ ਪੁਰਾਣੇ ਰਿਕਾਰਡ ਤੋੜ ਦੇਵੇਗਾ।ਬੈਠਕਾਂ ਦੌਰਾਨ ਪਾਰਟੀ ਆਗੂਆਂ ਵੱਲੋਂ ਰੈਲੀ ਦੇ ਪ੍ਰਚਾਰ ਲਈ ਘਰ-ਘਰ ਜਾ ਕੇ ਸੱਦਾ ਪੱਤਰ ਦਿੱਤੇ ਜਾ ਰਹੇ ਹਨ।

# 3 ਨੂੰ ਧੂਰੀ 'ਚ ਸਰਕਾਰ ਦੇ ਪਰਦੇ ਉਧੇੜਾਂਗੇ : ਚੰਦਰ ਸ਼ੇਖਰ

**ਸੰਗਰੂਰ (ਪ੍ਰਵੀਨ ਸਿੰਘ)**-3 ਨਵੰਬਰ ਨੂੰ ਸੀਟੂ ਦੀ ਧੂਰੀ 'ਚ ਹੋਣ ਵਾਲੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।ਸੀਟੂ ਪੰਜਾਬ ਦੇ ਪ੍ਰਧਾਨ ਚੰਦਰ ਸ਼ੇਖਰ ਵੱਲੋਂ ਰੈਲੀ ਵਾਲੀ ਥਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਸੀਟੂ ਦੀ ਜ਼ਿਲ੍ਹਾ ਟੀਮ ਵੀ ਉਨਾਂ ਨਾਲ ਮੌਜੂਦ ਸੀ।ਉਪਰੰਤ ਜ਼ਿਲ੍ਹਾ ਆਗੂਆਂ ਦੀ ਇਕ ਮੀਟਿੰਗ ਪ੍ਰਧਾਨ ਜੋਗਿੰਦਰ ਔਲਖ ਦੀ ਪ੍ਰਧਾਨਗੀ ਹੇਠ ਕੀਤੀ ਗਈ ਤੇ ਰੈਲੀ ਦੀ ਤਿਆਰੀ ਤੇ ਇਸ ਲਈ ਲੋੜੀਂਦੇ ਪ੍ਰਬੰਧਾਂ ਦੀ ਜਾਣਕਾਰੀ ਸਾਂਝੀ ਕੀਤੀ ਗਈ।

ਰੈਲੀ ਤੋਂ ਇੱਕ ਦਿਨ ਪਹਿਲਾਂ ਸੀਟੂ ਦੇ ਤਕਰੀਬਨ 50 ਵਲੰਟੀਅਰ ਪਹੁੰਚ ਕੇ ਰੈਲੀ ਲਈ ਬੈਨਰ ਤੇ ਝੰਡੇ ਆਦਿ ਲਾਉਣ ਦਾ ਕੰਮ ਮੁਕੰਮਲ ਕਰਨਗੇ।ਰੈਲੀ ਵਾਲੀ ਥਾਂ ਸਟੇਜ, ਲਾਊਡ ਸਪੀਕਰ, ਟੈਂਟ ਆਦਿ ਦਾ ਪ੍ਰਬੰਧ ਵੀ ਹੋ ਚੁੱਕਾ ਹੈ।ਸੂਬਾ ਪ੍ਰਧਾਨ ਚੰਦਰ ਸ਼ੇਖਰ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਮਜ਼ਦੂਰ ਜਮਾਤ ਨੂੰ ਹਮੇਸ਼ਾ ਨਜ਼ਰਅੰਦਾਜ ਹੀ ਕੀਤਾ ਹੈ।ਲਗਾਤਾਰ ਆਂਗਣਬਾੜੀ, ਮਿੱਡ-ਡੇਅ ਮੀਲ, ਆਸ਼ਾ ਸਕੀਮ ਵਰਕਰ ਤੇ ਉਸਾਰੀ ਕਾਮੇ, ਮਨਰੇਗਾ ਮਜਦੂਰ, ਭੱਠਾ ਮਜ਼ਦੂਰ, ਚੌਕੀਦਾਰ, ਕਾਰਖਾਨਿਆਂ ਦੇ ਵਰਕਰ, ਪੀ.ਆਰ.ਟੀ.ਸੀ ਕਾਮੇ ਆਪਣੀਆਂ ਮੰਗਾ ਮਸਲਿਆਂ ਨੂੰ ਲੈ ਕੇ ਸੰਘਰਸ਼ ਦੇ ਮੈਦਾਨ ਵਿੱਚ ਹਨ ਤੇ ਕਈ ਵਾਰ ਸਰਕਾਰ ਨਾਲ ਗੱਲਬਾਤ ਵੀ ਕਰ ਚੁੱਕੇ ਹਨ। ਪਰ ਸਰਕਾਰ ਲਾਰਾ ਲਾਉਣ ਤੇ ਡੰਗ ਟਪਾਊ ਨੀਤੀ 'ਤੇ ਕੰਮ ਕਰ ਰਹੀ ਹੈ।ਹਰ ਮੀਟਿੰਗ ਵਿੱਚ ਸਰਕਾਰ ਮੰਗਾਂ ਮੰਨਣ ਦਾ ਵਿਸ਼ਵਾਸ ਦਿਵਾਉਂਦੀ ਹੈ, ਪਰ ਹਕੀਕਤ ਵਿਚ ਲਾਗੂ ਕਰਨ ਤੋਂ ਭੱਜ ਜਾਂਦੀ ਹੈ, ਜਿਸ ਕਰਕੇ ਸੂਬੇ ਦੇ ਕਿਰਤੀਆਂ ਨੇ ਇਹ ਫ਼ੈਸਲਾ ਕੀਤਾ ਕਿ 3 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਧੂਰੀ ਤੋਂ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇ ਤੇ ਇਸ ਅਖੌਤੀ ਇਨਕਲਾਬੀ ਸਰਕਾਰ ਦੇ ਪਰਦੇ ਲੋਕਾਂ ਵਿਚ ਉਧਾੜੇ ਜਾਣ ਤਾਂ ਸਰਕਾਰ ਦਾ ਝੂਠ ਲੋਕਾਂ ਸਾਹਮਣੇ ਆ ਸਕੇ।ਉਨ੍ਹਾਂ ਕਿਹਾ ਕਿ ਕਿਰਤੀ ਵਰਗ ਨੂੰ ਨਜ਼ਰਅੰਦਾਜ਼ ਕਰਨ ਕਰਕੇ ਸੀਟੂ ਆਉਣ ਵਾਲੀਆਂ ਚੋਣਾਂ 'ਚ ਭਗਵੰਤ ਸਰਕਾਰ ਨੂੰ ਹਰਾਉਣ ਲਈ ਆਪਣਾ ਸੰਘਰਸ਼ ਹੋਰ ਤਿੱਖਾ ਕਰੇਗੀ, ਜਿਸ ਦੀ ਸ਼ੁਰੂਆਤ ਮੁੱਖ ਮੰਤਰੀ ਦੇ ਹਲਕੇ ਤੋਂ 3 ਨਵੰਬਰ ਨੂੰ ਕੀਤੀ ਜਾ ਰਹੀ ਹੈ।

## ਰਾਹੁਲ ਗਾਂਧੀ ਦੀ ਆਮਦ 'ਤੇ ਕਾਂਗਰਸ ਵੱਲੋਂ ਅਹਿਮ ਮੀਟਿੰਗ

**ਮਲੋਟ (ਰਜਿੰਦਰ ਜੁਨੇਜਾ)**-ਕਾਂਗਰਸ ਪਾਰਟੀ ਦੇ ਕੌਮੀ ਆਗੂ ਰਾਹੁਲ ਗਾਂਧੀ ਦੀ 4 ਨਵੰਬਰ ਨੂੰ ਪੰਜਾਬ ਫੇਰੀ ਦੀਆਂ ਤਿਆਰੀਆਂ ਨੂੰ ਲੈ ਕੇ ਵਿਸ਼ਾਲ ਮੀਟਿੰਗ ਕੀਤੀ ਗਈ।ਇਹ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ਼ੁਭਦੀਪ ਸਿੰਘ ਬਿੱਟੂ ਤੇ ਬਲਾਕ ਪ੍ਰਧਾਨ ਸ਼ਿਵ ਕੁਮਾਰ ਸ਼ਿਵਾ ਦੀ ਅਗਵਾਈ ਹੇਠ ਕਰਵਾਈ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਕਾਂਗਰਸੀ ਵਰਕਰਾਂ ਤੇ ਆਗੂਆਂ ਨੇ ਸ਼ਮੂਲੀਅਤ ਕੀਤੀ।ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸਾਬਕਾ ਮੰਤਰੀ ਬਲਵੀਰ ਸਿੰਘ ਸਿੱਧੂ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ 'ਤੇ ਤਿੱਖੇ ਨਿਸ਼ਾਨੇ ਵਿੰਨ੍ਹੇ।ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਵਿਰੋਧੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਰਾਹੁਲ ਗਾਂਧੀ ਲੋਕਤੰਤਰ ਦੀ ਰਾਖੀ ਲਈ ਮੋਹਰੀ ਹੋ ਕੇ ਲੜ ਰਹੇ ਹਨ।ਪੰਜਾਬ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਵਿੱਚ ਬਦਲਾਅ ਦੇ ਨਾਂਅ 'ਤੇ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਨੂੰ ਬੜ੍ਹਾਵਾ ਮਿਲਿਆ ਹੈ, ਜਿਸ ਨਾਲ ਪੰਜਾਬ ਬਰਬਾਦੀ ਵੱਲ ਧੱਕਿਆ ਗਿਆ ਹੈ।ਉਨ੍ਹਾਂ ਸੰਗਰੂਰ, ਮਾਨਸਾ ਤੇ ਗੁਰਦਾਸਪੁਰ ਦੀਆਂ ਘਟਨਾਵਾਂ ਦਾ ਹਵਾਲਾ ਦਿੰਦਿਆਂ ਕਾਨੂੰਨ-ਵਿਵਸਥਾ ਦੀ ਸਥਿਤੀ 'ਤੇ ਵੀ ਗੰਭੀਰ ਸਵਾਲ ਚੁੱਕੇ।ਸਾਬਕਾ ਮੰਤਰੀ ਨੇ ਸਮੂਹ ਵਰਕਰਾਂ ਨੂੰ ਅਪੀਲ ਕੀਤੀ ਕਿ 4 ਨਵੰਬਰ ਨੂੰ ਸੰਗਰੂਰ ਵਿਖੇ ਹੋਣ ਵਾਲੀ ਰਾਹੁਲ ਗਾਂਧੀ ਦੀ ਰੈਲੀ ਵਿੱਚ ਵਧ-ਚੜ੍ਹ ਕੇ ਪਹੁੰਚਣ ਅਤੇ ਇਸ ਰੈਲੀ ਨੂੰ ਇਤਿਹਾਸਕ ਬਣਾਉਣ।

## ਬੱਚੀ ਨਾਲ ਬਲਾਤਕਾਰ ਮਾਮਲੇ 'ਚ ਵਫ਼ਦ ਐੱਸ ਪੀ ਡੀ ਨੂੰ ਮਿਲਿਆ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਥਾਣਾ ਬਾਜਾਖਾਨਾ ਅਧੀਨ ਪੈਂਦੇ ਪਿੰਡ ਲੰਬਵਾਲੀ ਵਿੱਚ ਇੱਕ 10 ਸਾਲਾ ਨਾਬਾਲਗ ਬੱਚੀ ਨਾਲ ਉਸ ਦੇ ਮਤਰੇਏ ਬਾਪ ਵੱਲੋਂ ਬਲਾਤਕਾਰ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਨੂੰ ਲੈ ਕੇ ਵੱਖ-ਵੱਖ ਜਥੇਬੰਦੀਆਂ ਦਾ ਇੱਕ ਸਾਂਝਾ ਵਫ਼ਦ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਦੀ ਅਗਵਾਈ ਹੇਠ ਐਸ.ਪੀ.ਡੀ. ਸ੍ਰੀ ਨਰਿੰਦਰ ਸਿੰਘ ਨੂੰ ਮਿਲਿਆ ਅਤੇ ਦਰਖ਼ਾਸਤ ਦੇ ਕੇ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ।ਐਸ.ਪੀ.ਡੀ. ਨੂੰ ਮਿਲਣ ਵਾਲੇ ਵਫ਼ਦ ਵਿੱਚ ਪੰਚਾਇਤ ਮੈਂਬਰ ਬੀਬੀ ਸੁਖਜੀਤ ਕੌਰ, ਸੀਪੀਆਈ ਆਗੂ ਮਾਸਟਰ ਗੁਰਚਰਨ ਸਿੰਘ ਮਾਨ ਤੇ ਸੁਖਦੇਵ ਸਿੰਘ ਡੋਡ, ਨਰੇਗਾ ਮਜ਼ਦੂਰ ਯੂਨੀਅਨ ਏਟਕ ਦੇ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ, ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ ਅਤੇ ਪੰਜਾਬ ਇਸਤਰੀ ਸਭਾ ਦੀਆਂ ਆਗੂ ਊਸ਼ਾ ਤਨੇਜਾ, ਪੂਨਮ ਤੇ ਮਨਪ੍ਰੀਤ ਕੌਰ ਸ਼ਾਮਲ ਸਨ

## ਅਵਾਰਾ ਪਸ਼ੂਆਂ ਦੇ ਝੁੰਡਾਂ ਕਾਰਨ ਰੋਜ਼ ਵਾਪਰ ਰਹੇ ਹਾਦਸੇ, ਪ੍ਰਸ਼ਾਸਨ ਤੇ ਗਊ ਸੇਵਾ ਕਮਿਸ਼ਨ ਨੇ ਚੁੱਪ ਧਾਰੀ

**ਧੂਰੀ (ਬਿੰਨੀ ਗਰਗ)**-ਹਰ ਬਾਜ਼ਾਰ ਅਤੇ ਪਿੰਡਾਂ ਦੇ ਵਿੱਚ ਸੈਂਕੜਿਆਂ ਦੀ ਗਿਣਤੀ 'ਚ ਅਵਾਰਾ ਪਸ਼ੂ ਸ਼ਰੇਆਮ ਤੁਰੇ ਫਿਰਦੇ ਹਨ।ਪ੍ਰਸ਼ਾਸਨਿਕ ਅਧਿਕਾਰੀਆਂ ਤੇ ਧੂਰੀ ਸ਼ਹਿਰ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਦਾ ਚੇਅਰਮੈਨ ਵੀ ਧੂਰੀ ਦਾ ਵਸਨੀਕ ਹੈ। ਕੀ ਉਨ੍ਹਾਂ ਨੂੰ ਇਹ ਅਵਾਰਾ ਪਸ਼ੂ ਨਜ਼ਰ ਨਹੀਂ ਆ ਰਹੇ।ਕੀ ਇਹ ਅਹੁਦਾ ਸਿਰਫ਼ ਕੁਰਸੀ ਤੇ ਹਰ ਮਹੀਨੇ ਲੱਖਾਂ ਰੁਪਏ ਦੀ ਤਨਖਾਹ, ਸਰਕਾਰੀ ਗੱਡੀਆਂ ਤੇ ਗੰਨਮੈਨ ਤੱਕ ਹੀ ਸੀਮਤ ਹੈ।ਇਨ੍ਹਾਂ ਅਵਾਰਾ ਪਸ਼ੂਆਂ ਦੀ ਲਪੇਟ ਵਿੱਚ ਆਉਣ ਕਾਰਨ ਹਲਕੇ ਵਿੱਚ ਅਨੇਕਾਂ ਘਟਨਾਵਾਂ ਵਾਪਰ ਚੁੱਕੀਆਂ ਹਨ।ਕਈ ਕੀਮਤੀ ਜਾਨਾਂ ਵੀ ਚਲੀਆਂ ਗਈਆਂ ਹਨ, ਇਹ ਕਿਸ ਦੀ ਜ਼ਿੰਮੇਵਾਰੀ ਹੈ।ਅਵਾਰਾ ਪਸ਼ੂਆਂ ਦੀ ਤ੍ਰਾਸਦੀ ਇਹ ਹੈ ਕਿ ਇਸ ਦੇ ਪਿੱਛੇ ਵੱਡਾ ਕਾਰਨ ਪਿੰਡਾਂ ਦੇ ਰੱਖੇ ਰਖਵਾਲੇ ਹਨ, ਜਿਹੜੇ ਪਿੰਡਾਂ ਦੇ ਵਿੱਚੋਂ ਪ੍ਰਤੀ ਘਰ 500 ਰੁਪਏ ਉਗਰਾਹੀ ਕਰਕੇ ਪਿੰਡਾਂ ਦੇ ਵਿੱਚੋਂ ਅਵਾਰਾ ਪਸ਼ੂਆਂ ਨੂੰ ਫੜ ਕੇ ਦੂਜੇ ਪਿੰਡਾਂ 'ਚ ਛੱਡ ਦਿੰਦੇ ਹਨ, ਜਿਹੜੇ ਪਿੰਡ ਇਹਨਾਂ ਨੂੰ ਉਗਰਾਹੀ ਨਹੀਂ ਦਿੰਦੇ।ਪਿੰਡਾਂ ਦੇ ਕਿਸਾਨ ਇਨ੍ਹਾਂ ਰਖਵਾਲਿਆਂ ਤੋਂ ਬੇਹੱਦ ਦੁਖੀ ਹਨ, ਕਿਉਂਕਿ ਕਿਸਾਨਾਂ ਦੇ ਖੇਤਾਂ ਵਿੱਚ ਇਹ ਅਵਾਰਾ ਪਸ਼ੂ ਕਿਸਾਨਾਂ ਦੀ ਫ਼ਸਲ ਦੀ ਬਰਬਾਦੀ ਕਰ ਦਿੰਦੇ ਹਨ।ਕਿਸਾਨਾਂ ਨੂੰ ਆਪਣੇ ਖੇਤਾਂ ਦੀ ਰਾਖੀ ਲਈ ਦਿਨ-ਰਾਤ ਨਿਗਰਾਨੀ ਰੱਖਣੀ ਪੈਂਦੀ ਹੈ।ਇਨ੍ਹਾਂ ਅਵਾਰਾ ਪਸ਼ੂਆਂ ਦੇ ਵਿੱਚ ਵੱਡੇ-ਵੱਡੇ ਸਾਨ੍ਹ ਵੀ ਹਨ, ਜਿਹੜੇ ਅਕਸਰ ਹੀ ਸੜਕਾਂ 'ਤੇ ਆਪਸ 'ਚ ਭਿੜਦੇ ਹੋਏ ਰਾਹਗੀਰਾਂ ਨੂੰ ਆਪਣੀ ਲਪੇਟ 'ਚ ਲੈ ਲੈਂਦੇ ਹਨ।

## ਡਾਕ ਵਿਭਾਗ ਵੱਲੋਂ ਲੋਕਾਂ ਨੂੰ ਵੱਖ-ਵੱਖ ਸੇਵਾਵਾਂ ਬਾਰੇ ਜਾਗਰੂਕ ਕਰਨ ਲਈ 'ਡਾਕ ਚੌਪਾਲ' ਦਿਵਸ ਮਨਾਇਆ

**ਦੋਰਾਹਾ (ਹਰਮਿੰਦਰ ਸੇਠ)**-ਡਾਕ ਵਿਭਾਗ ਵੱਲੋਂ ਆਮ ਲੋਕਾਂ ਨੂੰ ਵਿਭਾਗ ਦੀਆਂ ਵੱਖ-ਵੱਖ ਸੇਵਾਵਾਂ, ਬੱਚਤ ਯੋਜਨਾਵਾਂ, ਬੀਮਾ ਸਕੀਮਾਂ ਤੇ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਦੋਰਾਹਾ ਸਬ ਪੋਸਟ ਆਫਿਸ ਵਿਖੇ 'ਡਾਕ ਚੌਪਾਲ' ਦਿਵਸ ਮਨਾਇਆ ਗਿਆ।ਇਹ ਪ੍ਰੋਗਰਾਮ ਡਾਕ ਵਿਭਾਗ ਦੀ ਇੰਸਪੈਕਟਰ ਸ਼੍ਰੀਮਤੀ ਅੰਜੂ ਦੀ ਅਗਵਾਈ ਹੇਠ ਤੇ ਲੁਧਿਆਣਾ ਡਾਕ ਮੰਡਲ ਦੇ ਸੀਨੀਅਰ ਸੁਪਰਡੈਂਟ ਸ਼੍ਰੀ ਪ੍ਰਸ਼ਾਂਤ ਸਿੰਗਲਾ ਦੀ ਦੇਖ-ਰੇਖ ਹੇਠ ਕਰਾਇਆ ਗਿਆ।ਡਾਕ ਵਿਭਾਗ ਦੇ ਅਧਿਕਾਰੀਆਂ ਵੱਲੋਂ ਹਾਜ਼ਰ ਲੋਕਾਂ ਨੂੰ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਬੱਚਤ ਸਕੀਮਾਂ, ਪੋਸਟਲ ਲਾਈਫ ਇੰਸ਼ੋਰੈਂਸ, ਰੂਰਲ ਪੋਸਟਲ ਲਾਈਫ ਇੰਸ਼ੋਰੈਂਸ, ਸੁਕੰਨਿਆ ਸਮ੍ਰਿੱਧੀ ਯੋਜਨਾ ਸਮੇਤ ਹੋਰ ਲੋਕ ਭਲਾਈ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਆਧਾਰ ਕਾਰਡ ਅਪਡੇਟ ਕਰਾਉਣ ਦੀ ਪ੍ਰਕਿਰਿਆ ਅਤੇ ਇੰਡੀਆ ਪੋਸਟ ਪੇਮੈਂਟਸ ਬੈਂਕ ਰਾਹੀਂ ਮੁਹੱਈਆ ਕਰਾਈਆਂ ਜਾ ਰਹੀਆਂ ਵੱਖ-ਵੱਖ ਬੈਂਕਿੰਗ ਸੇਵਾਵਾਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਾਇਆ ਗਿਆ।ਅਧਿਕਾਰੀਆਂ ਨੇ ਕਿਹਾ ਕਿ 'ਡਾਕ ਚੌਪਾਲ' ਵਰਗੇ ਜਾਗਰੂਕਤਾ ਪ੍ਰੋਗਰਾਮਾਂ ਦਾ ਮੁੱਖ ਮੰਤਵ ਡਾਕ ਵਿਭਾਗ ਦੀਆਂ ਸੇਵਾਵਾਂ ਨੂੰ ਹਰ ਵਰਗ ਦੇ ਲੋਕਾਂ ਤੱਕ ਪੁਚਾਉਣਾ ਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਇੱਕੋ ਥਾਂ 'ਤੇ ਵੱਖ-ਵੱਖ ਸੇਵਾਵਾਂ ਬਾਰੇ ਜਾਣਕਾਰੀ ਮਿਲਦੀ ਹੈ, ਜਿਸ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਸੇਵਾਵਾਂ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਮਦਦ ਮਿਲਦੀ ਹੈ।

## ਸ਼੍ਰੋਮਣੀ ਅਕਾਲੀ ਦਲ ਵੱਲੋਂ 12 ਸਰਕਲਾਂ ਦੇ ਯੂਥ ਪ੍ਰਧਾਨ ਨਿਯੁਕਤ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਸੁਨਾਮ ਵਿੱਚ ਪਾਰਟੀ ਦੀ ਜਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਦੀ ਸ਼ਮੂਲੀਅਤ ਵਧਾਉਣ ਲਈ 12 ਸਰਕਲਾਂ ਦੇ ਯੂਥ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਇਹ ਨਿਯੁਕਤੀਆਂ ਹਲਕਾ ਇੰਚਾਰਜ ਸ. ਵਿਨਰਜੀਤ ਸਿੰਘ ਖਡਿਆਲ ਨੇ ਸੀਨੀਅਰ ਲੀਡਰਸ਼ਿਪ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕੀਤੀਆਂ।ਨਿਯੁਕਤ ਕੀਤੇ ਗਏ ਪ੍ਰਧਾਨਾਂ ਵਿੱਚ ਵਰਿੰਦਰ ਸਿੰਘ ਥਿੰਦ (ਸੁਨਾਮ ਸ਼ਹਿਰੀ), ਸਤਨਾਮ ਸਿੰਘ (ਬਡਰੁੱਖਾਂ), ਪ੍ਰੀਤਪਾਲ ਸਿੰਘ ਪੈਰੀ (ਉਭਾਵਾਲ), ਜਗਰਾਜ ਸਿੰਘ (ਖੇੜੀ), ਸੁਰਿੰਦਰ ਸਿੰਘ ਬੰਟੀ (ਸੰਘਰੇੜੀ), ਮਨਪ੍ਰੀਤ ਸਿੰਘ ਮੰਨੀ (ਚੀਮਾ), ਹਰਦੀਪ ਸਿੰਘ (ਸ਼ੇਰੋਂ), ਹਰਦੀਪ ਸਿੰਘ ਸਿੱਧੂ (ਜਖੇਪਲ ਚੌਵਾਸ), ਰਾਜਵੀਰ ਸਿੰਘ (ਢੱਡਰੀਆਂ), ਗੁਰਨੂਰਪ੍ਰੀਤ ਸਿੰਘ (ਲੌਂਗੋਵਾਲ ਸ਼ਹਿਰੀ), ਜਗਤਾਰ ਸਿੰਘ ਰੰਧਾਵਾ (ਲੌਂਗੋਵਾਲ ਦਿਹਾਤੀ) ਅਤੇ ਮਨਦੀਪ ਸਿੰਘ (ਸੁਨਾਮ ਦਿਹਾਤੀ) ਸ਼ਾਮਲ ਹਨ।

# ਖੰਡ ਮਿੱਲ ਦੀ ਜ਼ਮੀਨ ਹੜੱਪਣ ਖ਼ਿਲਾਫ਼ ਐੱਸ ਕੇ ਐੱਮ ਵੱਲੋਂ ਰੋਸ ਧਰਨਾ

ਤਰਨ ਤਾਰਨ (ਪ ਪ)-ਸੰਯੁਕਤ ਕਿਸਾਨ ਮੋਰਚੇ ਵਿੱਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਮੈਂਬਰਾਂ ਵੱਲੋਂ ਅੱਜ ਦੇ ਦਿਨ ਸ਼ੁੱਕਰਵਾਰ ਨੂੰ ਪੰਜਾਬ ਸਰਕਾਰ ਦੀ ਖੰਡ ਮਿੱਲ ਸ਼ੇਰੋਂ ਦੀ ਜ਼ਮੀਨ ਹੜੱਪਣ ਦੀ ਲੋਕ ਵਿਰੋਧੀ ਨੀਤੀ ਖ਼ਿਲਾਫ਼ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਰੋਸ ਧਰਨਾ ਦਿੱਤਾ ਜਿਸ ਦੀ ਪ੍ਰਧਾਨਗੀ ਸਾਂਝੇ ਤੌਰ ਤੇ ਮਨਜੀਤ ਸਿੰਘ ਬੱਗੂ, ਹਰਜੀਤ ਸਿੰਘ ਝੀਤੇ, ਗੁਰਚਰਨ ਸਿੰਘ ਸਭਰਾ, ਕੁਲਬੀਰ ਸਿੰਘ ਕਸੇਲ, ਦਿਲਜੀਤ ਸਿੰਘ ਮਹਰਾਣਾ, ਪ੍ਰਗਟ ਸਿੰਘ ਮਹਿਦੀਪੁਰ ਦੇ ਆਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਇਸ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂਆਂ ਬਲਬੀਰ ਸਿੰਘ ਰਾਜੇਵਾਲ, ਡਾ. ਸਤਨਾਮ ਸਿੰਘ ਅਜਨਾਲਾ, ਹਰਜਿੰਦਰ ਸਿੰਘ ਟਾਂਡਾ, ਲਖਬੀਰ ਸਿੰਘ ਨਿਜ਼ਾਮਪੁਰਾ, ਰਤਨ ਸਿੰਘ ਰੰਧਾਵਾ, ਤਰਸੇਮ ਸਿੰਘ ਲੁਹਾਰ ਤੋਂ ਇਲਾਵਾ ਨਛੱਤਰ ਸਿੰਘ ਪਨੂੰ, ਦਲਜੀਤ ਸਿੰਘ ਦਿਆਲਪੁਰਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਰਤਨ ਸਿੰਘ ਖੱਡ, ਪ੍ਰਗਟ ਸਿੰਘ ਮਹਿਦੀਪੁਰ, ਦਿਲਜੀਤ ਸਿੰਘ ਮਹਰਾਣਾ ਆਦਿ ਨੇ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਖੰਡ ਮਿੱਲ ਮਸਲੇ ਪ੍ਰਤੀ ਧਾਰਨ ਕੀਤੇ ਟਾਲ ਮਟੋਲ ਵਾਲੇ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਜ਼ਮੀਨ ਦੀ ਤਬਦੀਲ ਕੀਤੀ ਮਾਲਕੀ ਨੂੰ ਰੱਦ ਕਰਕੇ ਸਾਰੀ ਜ਼ਮੀਨ ਮੁੜ ਖੰਡ ਮਿੱਲ ਦੇ ਨਾਮ ਤੇ ਵਾਪਸ ਕਰੇ ਕਿਉਂਕਿ ਕਿਸਾਨਾਂ ਦੇ 60 ਫੀਸਦੀ ਸ਼ੇਅਰਾਂ ਨਾਲ ਬਣੀ ਖੰਡ ਮਿੱਲ ਸਰਕਾਰ ਨੂੰ ਕੀਤੇ ਵਾਅਦੇ ਮੁਤਾਬਕ ਮੁੜ ਚਾਲੂ ਕਰਨੀ ਚਾਹੀਦੀ ਹੈ।ਆਗੂਆਂ ਨੇ ਅਫ਼ਸੋਸ ਜ਼ਾਹਰ ਕਰਦੇ ਹੋਏ ਕਿਹਾ ਕਿ ਸਥਾਨਕ ਜ਼ਿਲ੍ਹਾ ਪ੍ਰਸ਼ਾਸਨ ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ ਦੀ ਇਸ ਮੰਗ ਨੂੰ ਟਾਲਦਾ ਆ ਰਿਹਾ ਹੈ। ਜਿਸ ਨੂੰ ਜਥੇਬੰਦੀਆਂ ਕਦੀ ਬਰਦਾਸ਼ਤ ਨਹੀਂ ਕਰਨਗੀਆਂ ਜਿਸ ਕਾਰਨ ਸੰਯੁਕਤ ਕਿਸਾਨ ਮੋਰਚੇ ਨੂੰ ਰੋਸ ਧਰਨਾ ਲਗਾਉਣਾ ਪਿਆ। ਆਗੂਆਂ ਨੇ ਕਿਹਾ ਕਿ ਖੰਡ ਮਿੱਲ ਦੀ ਹੋਂਦ ਬਚਾਉਣ ਲਈ ਲੱਗਾ ਪੱਕਾ ਮੋਰਚਾ ਛੇਵੇਂ ਮਹੀਨੇ ਵਿੱਚ ਦਾਖ਼ਲ ਹੋ ਚੁੱਕਾ ਹੈ ਪਰ ਕਿਸਾਨਾਂ ਦੇ ਰੋਹ ਦੀ ਪਰਵਾਹ ਨਾ ਕਰਦਿਆਂ ਸਰਕਾਰ ਬੋਲਾ ਅਤੇ ਗੂੰਗਾ ਬਣ ਰਿਹਾ ਹੈ ਜਿਸ ਨੇ ਕਦੇ ਵੀ ਸੰਘਰਸ਼ ਕਰ ਰਹੇ ਕਿਸਾਨਾਂ ਦੀ ਸਾਰ ਲੈਣ ਨੂੰ

ਜ਼ਰੂਰੀ ਨਹੀਂ ਸਮਝਿਆ।ਵੱਡੀ ਗਿਣਤੀ ਵਿੱਚ ਇਕੱਤਰ ਹੋਏ ਧਰਨਾਕਾਰੀ ਕਿਸਾਨਾਂ ਨੇ ਬਾਅਦ ਦੁਪਹਿਰ ਨੈਸ਼ਨਲ ਹਾਈਵੇ 54 ਤੇ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਦੇ ਸਾਹਮਣੇ ਰਾਹਗੀਰਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਮ੍ਰਿਤਸਰ ਤੋਂ ਬਠਿੰਡਾ ਜਾਣ ਵਾਲੀ ਸੜਕ ਦੀ ਇਕ ਸਾਈਡ ਤੇ ਧਰਨਾ ਲਗਾ ਕੇ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਹਰਕਤ ਵਿੱਚ ਆਏ ਪ੍ਰਸ਼ਾਸਨ ਦੀ ਤਰਫ਼ੋਂ ਵਧੀਕ ਡਿਪਟੀ ਕਮਿਸ਼ਨਰ ਦੇ ਦਸਖ਼ਤਾਂ ਹੇਠ ਲਿਖਿਆ ਪੱਤਰ ਜਾਮ ਵਾਲੀ ਜਗ੍ਹਾ ਤੇ ਹਾਜ਼ਰ ਹੋ ਕੇ ਐਸ ਡੀ ਐਮ ਤਹਿਸੀਲਦਾਰ ਨੇ ਖੰਡ ਮਿੱਲ ਮਸਲੇ ਤੇ ਸਰਕਾਰ ਨਾਲ ਇਕ ਹਫ਼ਤੇ ਤੱਕ ਮੀਟਿੰਗ ਕਰਵਾਉਣ ਦਾ ਭਰੋਸਾ ਦੇ ਕੇ ਰੋਹ ਵਿੱਚ ਆਏ ਕਿਸਾਨਾਂ ਨੂੰ ਸ਼ਾਂਤ ਕੀਤਾ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਇਸ ਧਰਨੇ ਵਿੱਚ ਹੋਰਨਾਂ ਜ਼ਿਲ੍ਹਿਆਂ ਤੋਂ ਵੀ ਕਿਸਾਨਾਂ ਨੇ ਭਰਵੀਂ ਸ਼ਮੂਲੀਅਤ ਕੀਤੀ।ਕਿਸਾਨ ਆਗੂਆਂ ਬਲਬੀਰ ਸਿੰਘ ਰਾਜੇਵਾਲ ਅਤੇ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਭੁੱਲ ਗਈ ਹੈ ਅਤੇ ਸਰਕਾਰੀ ਜ਼ਮੀਨਾਂ ਅਤੇ ਮਹਿਕਮੇ ਕੌਡੀਆਂ ਦੇ ਭਾਅ ਵੇਚ ਰਹੀ ਹੈ।

# ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕੌਣ ਦੇ ਰਿਹਾ ਹੈ ਸ਼ਹਿ : ਕਾਮਰੇਡ ਦੁਧਾਲਾ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ): ਪੰਜਾਬ ਦੇ ਪਿੰਡਾਂ ਕਸਬਿਆਂ ਅਤੇ ਸ਼ਹਿਰਾਂ ਵਿੱਚ ਕਥਿਤ ਤੌਰ 'ਤੇ ਨਕਲੀ ਦੁੱਧ, ਦਹੀਂ, ਪਨੀਰ, ਦੇਸੀ ਘਿਉ ਅਤੇ ਮਠਿਆਈਆਂ ਦੀ ਵਿਕਰੀ ਦਾ ਧੰਦਾ ਲੋਕਾਂ ਦੀ ਸਿਹਤ ਲਈ ਗੰਭੀਰ ਖ਼ਤਰਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।ਤਿਉਹਾਰਾਂ ਅਤੇ ਵਿਆਹ-ਸ਼ਾਦੀਆਂ ਦੇ ਸੀਜ਼ਨ ਦੌਰਾਨ ਮਿਲਾਵਟੀ ਖਾਧ ਪਦਾਰਥਾਂ ਦੀ ਵਿਕਰੀ ਵਧਣ ਦੇ ਦੋਸ਼ ਲਗਾਉਂਦਿਆਂ ਸੀ ਪੀ ਆਈ ਆਗੂ ਮਜੀਠਾ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਪੰਜਾਬ ਸਰਕਾਰ, ਸਿਹਤ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਿਆਂ ਮਿਲਾਵਟਖੋਰੀ ਵਿਰੁੱਧ ਤੁਰੰਤ ਸਖ਼ਤ ਮੁਹਿੰਮ ਚਲਾਉਣ ਦੀ ਮੰਗ ਕੀਤੀ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਪੰਜਾਬ ਵਿੱਚ ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਮਿਲਾਵਟ ਦਾ ਮਾਮਲਾ ਬੇਹੱਦ ਗੰਭੀਰ ਰੂਪ ਧਾਰਨ ਕਰਦਾ ਜਾ ਰਿਹਾ ਹੈ।ਕਥਿਤ ਮਿਲਾਵਟਖੋਰ ਲੋਕਾਂ ਦੀ ਸਿਹਤ ਦੀ ਕੋਈ ਪ੍ਰਵਾਹ ਕੀਤੇ ਬਿਨਾਂ ਮੁਨਾਫ਼ਾ ਕਮਾਉਣ ਲਈ ਦੁੱਧ, ਦਹੀਂ, ਪਨੀਰ, ਦੇਸੀ ਘਿਉ ਅਤੇ ਮਠਿਆਈਆਂ ਵਰਗੀਆਂ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਵਿੱਚ

ਮਿਲਾਵਟ ਕਰਕੇ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ।ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਸਮੇਂ ਸਿਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ ਅਤੇ ਮਿਲਾਵਟਖੋਰੀ ਨੂੰ ਰੋਕਣ ਲਈ ਠੋਸ ਕਾਰਵਾਈ ਨਹੀਂ ਕਰਦੇ ਤਾਂ ਭਵਿੱਖ ਵਿੱਚ ਲੋਕਾਂ ਦੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਲਈ ਸਬੰਧਤ ਵਿਭਾਗ ਦੇ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਿਰਫ਼ ਤਿਉਹਾਰਾਂ ਮੌਕੇ ਕੁਝ ਥਾਵਾਂ 'ਤੇ ਛਾਪੇਮਾਰੀ ਕਰਕੇ ਨਮੂਨੇ ਭਰਨ ਨਾਲ ਮਿਲਾਵਟਖੋਰੀ ਦਾ ਖ਼ਾਤਮਾ ਨਹੀਂ ਹੋ ਸਕਦਾ, ਸਗੋਂ ਇਸ ਲਈ ਲਗਾਤਾਰ ਨਿਗਰਾਨੀ ਅਤੇ ਸਖ਼ਤ ਕਾਨੂੰਨੀ ਕਾਰਵਾਈ ਦੀ ਲੋੜ ਹੈ।

ਅੰਤ ਵਿੱਚ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਤੋਂ ਮੰਗ ਕੀਤੀ ਕਿ ਪੂਰੇ ਪੰਜਾਬ ਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾਵੇ।ਜਿੱਥੇ ਵੀ ਮਿਲਾਵਟ ਸਾਬਤ ਹੁੰਦੀ ਹੈ, ਉੱਥੇ ਕਿਸੇ ਵੀ ਸਿਆਸੀ ਜਾਂ ਪ੍ਰਸ਼ਾਸਨਿਕ ਦਬਾਅ ਤੋਂ ਬਿਨਾਂ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਗੁਰੂ ਰਵਿਦਾਸ ਜੀ ਦੀ ਜਨਮ ਸ਼ਤਾਬਦੀ ਸੰਬੰਧੀ ਸਮਾਗਮ 18 ਫ਼ਰਵਰੀ ਨੂੰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਸਬੰਧੀ 18 ਫ਼ਰਵਰੀ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ ਹੋਵੇਗਾ, ਜਦਕਿ 19-20 ਫ਼ਰਵਰੀ 2027 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁੱਖ ਸਮਾਗਮ ਕੀਤਾ ਜਾਵੇਗਾ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਸਬ-ਕਮੇਟੀ ਦੀ ਇਕੱਤਰਤਾ 'ਚ ਲਿਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਨੂੰ ਸਮਰਪਿਤ ਗੁਰੂ ਰਵਿਦਾਸ ਜੀ ਦੇ ਜੀਵਨ, ਫ਼ਲਸਫ਼ੇ ਅਤੇ ਗੁਰਬਾਣੀ ਸੰਬੰਧੀ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਤਹਿਤ 12 ਨਵੰਬਰ ਨੂੰ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸੈਮੀਨਾਰ ਕਰਵਾਇਆ ਜਾਵੇਗਾ। ਇਸੇ ਤਰ੍ਹਾਂ 21 ਨਵੰਬਰ ਨੂੰ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ (ਜਲੰਧਰ), 26 ਨਵੰਬਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 5 ਦਸੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, 12 ਦਸੰਬਰ ਨੂੰ ਗੁਰੂ ਨਾਨਕ ਕਾਲਜ ਬੁਢਲਾਡਾ, 15 ਦਸੰਬਰ ਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਟਿਊਟ ਆਫ਼ ਐਡਵਾਂਸਡ ਸਟੱਡੀ ਇਨ ਸਿੱਖਿਜ਼ਮ ਬਹਾਦਰਗੜ੍ਹ ਪਟਿਆਲਾ, 4 ਜਨਵਰੀ ਨੂੰ ਗੁਰੂ ਨਾਨਕ ਇੰਜੀ: ਕਾਲਜ ਲੁਧਿਆਣਾ ਵਿਖੇ ਸੈਮੀਨਾਰ ਕਰਵਾਏ ਜਾਣਗੇ, ਇਸੇ ਤਰ੍ਹਾਂ ਦਿੱਲੀ ਅਤੇ ਹਰਿਆਣਾ ਵਿਖੇ ਵੀ ਸੈਮੀਨਾਰ ਕਰਵਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਸ਼ਤਾਬਦੀ ਨੂੰ ਸਮਰਪਿਤ ਵੱਖ-ਵੱਖ ਥਾਵਾਂ 'ਤੇ ਕਰਵਾਏ ਜਾਣ ਵਾਲੇ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ 14 ਨਵੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ, 21 ਨਵੰਬਰ ਨੂੰ ਗੁਰਦੁਆਰਾ ਸ੍ਰੀ ਚਰਨ ਸਾਹਿਬ ਬੇਲਾ ਹੁਸ਼ਿਆਰਪੁਰ, 28 ਨਵੰਬਰ ਨੂੰ ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਬੰਗਾ, 5 ਦਸੰਬਰ ਨੂੰ ਗੁਰਦੁਆਰਾ ਸੰਗ ਜੀ ਢੇਸੀਆਂ ਜਲੰਧਰ ਵਿਖੇ ਗੁਰਮਤਿ ਸਮਾਗਮ ਅਤੇ ਕੀਰਤਨ ਦਰਬਾਰ ਹੋਵੇਗਾ।

# ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਲਈ 20 ਨਵੰਬਰ ਨੂੰ ਜਨਰਲ ਇਜਲਾਸ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 20 ਨਵੰਬਰ ਨੂੰ ਸੱਦ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ

ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਇਹ ਫੈਸਲਾ ਕੀਤਾ ਗਿਆ ਹੈ।ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਦੁਪਹਿਰ 12:00 ਵਜੇ ਹੋਵੇਗਾ, ਜਿਸ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਵੱਲੋਂ ਕਈ ਹੋਰ ਅਹਿਮ ਫੈਸਲੇ ਵੀ ਕੀਤੇ ਗਏ।

# ਕਰਵਾ ਚੌਥ 'ਤੇ ਸੁਹਾਗਣਾਂ ਵੱਲੋਂ ਮੰਦਰਾਂ 'ਚ ਕੀਤੀ ਪੂਜਾ

ਬਿਆਸ (ਪਰਮਜੀਤ ਸਿੰਘ ਰੱਖੜਾ) ਕਰਵਾ ਚੌਥ ਦੇ ਦਿਨ ਸੁਹਾਗਣਾਂ ਵੱਲੋਂ ਆਪਣੇ ਸੁਹਾਗ ਦੀਆਂ ਲੰਮੀਆਂ ਉਮਰਾਂ ਲਈ ਬਿਆਸ ਮੰਦਰ ਵਿੱਚ ਪੂਜਾ ਕੀਤੀ ਗਈ। ਨਵ ਵਿਆਹਿਆ ਸੁਹਾਗਣਾਂ ਵੱਲੋਂ ਬੜੇ ਹੀ ਉਤਸ਼ਾਹਿਤ ਤਰੀਕੇ ਨਾਲ ਰੀਤੀ ਰਿਵਾਜ ਅਨੁਸਾਰ ਪੁਜਾਰੀ ਦੇ ਪੂਜਾ ਕਰਨ ਦੇ ਨਾਲ ਥਾਲੀਆਂ ਦਾ ਵਟਾਂਦਰਾ ਕੀਤਾ ਗਿਆ।

ਪੂਜਾ ਉਪਰੰਤ ਕੁਝ ਸੁਹਾਗਣਾਂ ਨੇ ਗੱਲਬਾਤ ਰਾਹੀਂ ਦੱਸਿਆ ਕਿ ਪੂਜਾ ਵਿੱਚ ਤਨੋਂ ਮਨੋਂ ਉਨਾ ਵੱਲੋਂ ਆਪਣੇ ਸੁਹਾਗ ਦੀਆਂ ਲੰਮੀਆਂ ਉਮਰਾਂ ਦੀ ਕਾਮਨਾ ਕੀਤੀ ਗਈ।

# 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਵਿਧਾਇਕ ਰੰਧਾਵਾ ਨੇ ਵੰਡੇ ਪ੍ਰਾਪਰਟੀ ਕਾਰਡ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ ਪਿੰਡ ਸਮਰਾਏ ਵਿਖੇ, ਜਿਨ੍ਹਾਂ ਲੋਕਾਂ ਦੀ ਪ੍ਰਾਪਰਟੀ ਲਾਲ ਲਕੀਰ ਦੇ ਘੇਰੇ ਵਿੱਚ ਆਉਂਦੀ ਹੈ, ਉਨ੍ਹਾਂ ਨੂੰ ਪ੍ਰਾਪਰਟੀ ਕਾਰਡ ਵੰਡੇ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪਰਿਵਾਰਾਂ ਨੂੰ ਮਾਲਕੀ ਦੇ ਹੱਕਦਾਰ ਬਣਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਹਲਕੇ ਵਿੱਚ ਇਹ ਸਿਲਸਿਲਾ ਪੜਾਅਵਾਰ ਜਾਰੀ ਰਹੇਗਾ।ਉਨ੍ਹਾਂ ਨੇ ਕਿਹਾ ਕਿ ਇਸ ਨਾਲ ਲਾਲ ਲਕੀਰ ਦੇ ਵਸਨੀਕਾਂ ਦੀ ਦਹਾਕਿਆਂ ਪੁਰਾਣੀਆਂ ਚੁਣੌਤੀਆਂ ਦਾ ਹੱਲ ਹੋਇਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਪਹਿਲਕਦਮੀ ਇਨ੍ਹਾਂ ਲੋਕਾਂ ਦਾ ਮਾਣ-ਸਨਮਾਨ ਬਹਾਲ ਕਰਦੀ ਹੈ ਅਤੇ ਇਨ੍ਹਾਂ ਲਈ ਆਰਥਿਕ ਸੰਭਾਵਨਾਵਾਂ ਨੂੰ ਖੋਲ੍ਹਦੀ ਹੈ।ਉਨ੍ਹਾਂ ਨੇ ਕਿਹਾ ਇਹ ਯੋਜਨਾ ਨਾ ਸਿਰਫ਼ ਕਾਨੂੰਨੀ ਮਾਨਤਾ ਪ੍ਰਦਾਨ ਕਰਦੀ ਹੈ, ਸਗੋਂ ਲਾਲ ਲਕੀਰ ਦੇ ਵਸੀਆਂ ਨੂੰ ਆਰਥਿਕ

ਤਰੱਕੀ ਲਈ ਆਪਣੀ ਜਾਇਦਾਦ ਦੀ ਵਰਤੋਂ ਕਰਨ ਦੇ ਸਾਧਨ ਵੀ ਦਿੰਦੀ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਨੂੰ ਲਾਗੂ ਕਰਨ ਦਾ ਮੁੱਖ ਉਦੇਸ਼ ਲਾਲ ਲਕੀਰ ਦੇ ਅੰਦਰ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਘਰ ਮਾਲਕੀ ਦਾ ਅਧਿਕਾਰ ਪ੍ਰਦਾਨ ਕਰਨਾ ਹੈ।ਇਸ ਯੋਜਨਾ ਦੇ ਤਹਿਤ ਲਾਲ ਲਕੀਰ ਦੇ ਅੰਦਰ ਰਹਿਣ ਵਾਲੇ ਲੋਕ ਜਿਨ੍ਹਾਂ ਨੂੰ ਅੱਜ ਜਾਇਦਾਦ ਦੇ ਅਧਿਕਾਰ ਮਿਲ ਗਏ ਹਨ, ਉਹ ਆਪਣੀ ਜਾਇਦਾਦ ਵੇਚ ਸਕਣਗੇ ਅਤੇ ਆਪਣੇ ਘਰਾਂ 'ਤੇ ਕਰਜ਼ਾ ਲੈ ਸਕਣਗੇ।ਇਸ ਮੌਕੇ ਨਾਇਬ ਤਹਿਸੀਲਦਾਰ ਕੁਲਵੰਤ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਬਲਵਿੰਦਰ ਸਿੰਘ ਬਿੱਲੂ, ਪੀ. ਏ. ਲਵਪ੍ਰੀਤ ਸਿੰਘ, ਗੀਡਰ ਤਹਿਸੀਲਦਾਰ ਸਰਬਜੀਤ ਸਿੰਘ ਆਦਿ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਸਰਪੰਚ ਤੇ ਆਪ ਪਾਰਟੀ ਦੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਦਾਨਿਸ਼ ਬਾਵਾ ਨੇ ਰਾਜ ਪੱਧਰੀ ਕਰਾਟੇ ਮੁਕਾਬਲੇ 'ਚ ਜਿੱਤਿਆ ਕਾਂਸੇ ਦਾ ਤਮਗਾ

ਬਟਾਲਾ (ਤਰਲੋਕ ਬੱਗਾ)-ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਹੋਣਹਾਰ ਵਿਦਿਆਰਥੀ ਦਾਨਿਸ਼ ਬਾਵਾ ਨੇ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ। ਦਾਨਿਸ਼ ਨੇ 'ਖੇਡਾਂ ਵਤਨ ਪੰਜਾਬ ਦੀਆਂ-2026' ਦੇ ਰਾਜ ਪੱਧਰੀ ਕਰਾਟੇ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕਰਕੇ ਕਾਂਸੇ ਦਾ ਤਮਗਾ ਆਪਣੇ ਨਾਮ ਕੀਤਾ।ਇਹ ਮੁਕਾਬਲਾ 12 ਅਕਤੂਬਰ ਤੋਂ 15 ਅਕਤੂਬਰ ਤੱਕ ਐੱਸ. ਏ. ਐੱਸ. ਨਗਰ (ਮੋਹਾਲੀ) ਵਿਖੇ ਕਰਵਾਏ ਗਏ, ਜਿਨ੍ਹਾਂ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਖਿਡਾਰੀਆਂ ਨੇ ਆਪਣੀ ਪ੍ਰਤਿਭਾ, ਅਨੁਸ਼ਾਸਨ ਅਤੇ ਖੇਡ ਕੌਸ਼ਲ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਅੰਡਰ-21 ਉਮਰ ਵਰਗ ਦੇ 82 ਕਿਲੋਗ੍ਰਾਮ ਭਾਰ ਵਰਗ ਵਿੱਚ ਹਿੱਸਾ ਲੈਂਦਿਆਂ ਦਾਨਿਸ਼ ਬਾਵਾ ਨੇ ਆਪਣੀ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਦਾਨਿਸ਼ ਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਸਮੁੱਚੇ ਸਕੂਲ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਹੈ।ਉਸ ਦੀ ਇਹ ਸਫਲਤਾ ਉਸ ਦੀ ਮਿਹਨਤ, ਲਗਨ, ਆਤਮ-ਵਿਸ਼ਵਾਸ ਅਤੇ ਨਿਰੰਤਰ ਅਭਿਆਸ ਦਾ ਨਤੀਜਾ ਹੈ।ਉਸ ਦੀ ਪ੍ਰਾਪਤੀ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ ਕਿ ਦ੍ਰਿੜ੍ਹ ਇਰਾਦੇ ਅਤੇ ਸਖ਼ਤ ਮਿਹਨਤ ਨਾਲ ਖੇਡਾਂ ਦੇ ਖੇਤਰ ਵਿੱਚ ਸਫਲਤਾ ਦੀਆਂ ਨਵੀਆਂ ਉਚਾਈਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੱਟੂ ਭੱਲਾ ਨੇ ਦਾਨਿਸ਼ ਬਾਵਾ, ਉਸ ਦੇ ਮਾਪਿਆਂ ਅਤੇ ਕੋਚ ਸਰਦਾਰ ਮਨਜਿੰਦਰ ਸਿੰਘ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੀ ਵਧਾਈ ਦਿੱਤੀ।

ਉਨ੍ਹਾਂ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਹਿੰਮਤ ਅਤੇ ਸੰਘਰਸ਼ ਕਰਨ ਦੀ ਭਾਵਨਾ ਪੈਦਾ ਕਰਦੀਆਂ ਹਨ।ਸਕੂਲ ਹਮੇਸ਼ਾ ਵਿਦਿਆਰਥੀਆਂ ਦੀਆਂ ਖੇਡ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਆਪਣੀਆਂ ਯੋਗਤਾਵਾਂ ਨਿਖਾਰਨ ਲਈ ਢੁੱਕਵੇਂ ਮੌਕੇ ਪ੍ਰਦਾਨ ਕਰਨ ਵਾਸਤੇ ਵਚਨਬੱਧ ਹੈ।

# ਬਾਬਾ ਬੁੱਢਾ ਕਾਲਜ ਦੀ ਕਬੱਡੀ ਟੀਮ ਨੇ ਕੀਤਾ ਦੂਜਾ ਸਥਾਨ ਹਾਸਲ

ਝਬਾਲ (ਹਰਜਿੰਦਰ ਸਿੰਘ ਸੋਨੀ)-ਸੰਤ ਬਾਬਾ ਖੜਕ ਸਿੰਘ ਦੁਆਰਾ ਸਥਾਪਿਤ ਅਤੇ ਮੌਜੂਦਾ ਸਰਪ੍ਰਸਤ ਬਾਬਾ ਸੰਤੋਖ ਸਿੰਘ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਵਿਦਿਅਕ

ਸੰਸਥਾ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਦੀ ਕਬੱਡੀ ਟੀਮ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਬਾਬਾ ਬੁੱਢਾ ਕਾਲਜ ਦੀ ਟੀਮ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਟਰੀਨਟੀ ਕਾਲਜ ਜਲੰਧਰ ਨੂੰ 52-32 ਅਤੇ ਗੁਰੂ ਨਾਨਕ ਦੇਵ ਕਾਲਜ ਸੁਲਤਾਨਪੁਰ ਲੋਧੀ ਨੂੰ 26-6 ਦੇ ਫ਼ਰਕ ਨਾਲ ਹਰਾ ਕੇ ਇਹ ਸਥਾਨ ਪ੍ਰਾਪਤ ਕੀਤਾ ਹੈ।ਪ੍ਰਿੰਸੀਪਲ ਡਾ. ਕਰਨਜੀਤ ਸਿੰਘ ਨੇ ਦੱਸਿਆ ਕਿ ਕੋਚ ਸੰਦੀਪ ਸਿੰਘ ਦੀ ਕੋਸ਼ਿਸ਼ ਅਤੇ ਖਿਡਾਰੀ ਰਾਹੁਲ ਦੀ ਕਪਤਾਨੀ ਵਿੱਚ ਟੀਮ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ।ਇਸ ਟੀਮ ਦੇ ਖਿਡਾਰੀ ਸੁਖਦੇਵ ਸਿੰਘ, ਰਾਹੁਲ, ਮਹਿਤ ਦੀ ਚੋਣ ਅੰਤਰ ਯੂਨੀਵਰਸਿਟੀ ਦੇ ਕੈਂਪ ਲਈ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਜਿੱਤ ਦਾ ਸਿਹਰਾ ਖਿਡਾਰੀਆਂ ਦੀ ਮਿਹਨਤ ਲਗਨ ਤੇ ਟੀਮ ਇੰਚਾਰਜ ਪ੍ਰੋ. ਅਮਰਬੀਰ ਸਿੰਘ, ਕੋਚ ਸੰਦੀਪ ਸਿੰਘ, ਸਮੁੱਚਾ ਸਟਾਫ ਤੇ ਪ੍ਰਬੰਧਕੀ ਕਮੇਟੀ ਨੂੰ ਜਾਂਦਾ ਹੈ।ਇਸ ਮੌਕੇ ਕਾਲਜ ਸਕੱਤਰ ਜਗੀਰ ਸਿੰਘ ਨੇ ਖਿਡਾਰੀਆਂ ਨੂੰ ਇਸ ਜਿੱਤ ਲਈ ਵਧਾਈ ਦਿੱਤੀ।ਇਸ ਮੌਕੇ ਸੁਪਰਡੈਂਟ ਤੇਜਿੰਦਰ ਸਿੰਘ, ਡਾ: ਅਮਰਬੀਰ ਸਿੰਘ, ਪ੍ਰੋ. ਸੁਰਿੰਦਰ ਸਿੰਘ, ਪ੍ਰੋ: ਇੰਦਰਜੀਤ ਸਿੰਘ, ਪ੍ਰੋ: ਅੰਮ੍ਰਿਤਪਾਲ ਸਿੰਘ, ਸੁਖਬੀਰ ਸਿੰਘ, ਪ੍ਰੋ: ਸੁਖਪਾਲ ਕੌਰ, ਪ੍ਰੋ: ਅਕਵਿੰਦਰ ਕੌਰ, ਪ੍ਰੋ: ਹਰਪ੍ਰੀਤ ਕੌਰ, ਪ੍ਰੋ: ਚੰਦਪ੍ਰੀਤ ਕੌਰ,ਪ੍ਰੋ: ਸਿਮਰਨਜੀਤ ਕੌਰ,ਪ੍ਰੋ: ਪਲਵਿੰਦਰ ਕੌਰ,ਪ੍ਰੋ: ਕਵਲਪ੍ਰੀਤ ਕੌਰ,ਪ੍ਰੋ :ਰਮਨਦੀਪ ਕੌਰ ਆਦਿ ਮੌਜੂਦ ਸਨ।

# ਨਗਰ ਕੌਂਸਲ ਕਾਦੀਆਂ ਵੱਲੋਂ 24 ਲੱਖ ਦੀ ਲਾਗਤ ਨਾਲ ਸ਼ਹਿਰ ਦੇ ਮੁੱਖ ਨਾਲਿਆਂ ਦੀ ਸਫਾਈ ਸ਼ੁਰੂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸ਼ਹਿਰ ਵਿੱਚ ਬਰਸਾਤੀ ਦਿਨਾਂ ਦੌਰਾਨ ਜਲ-ਭਰਾਅ ਦੀ ਸਮੱਸਿਆ ਦੇ ਹੱਲ ਲਈ ਨਗਰ ਕੌਂਸਲ ਵੱਲੋਂ 24 ਲੱਖ ਰੁਪਏ ਦੀ ਲਾਗਤ ਨਾਲ ਮੁੱਖ ਨਾਲਿਆਂ ਦੀ ਸਫਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ।ਨਗਰ ਕੌਂਸਲ ਪ੍ਰਧਾਨ ਪਲਵਿੰਦਰ ਕੌਰ ਮਾਹਲ ਨੇ ਦੱਸਿਆ ਕਿ ਐਸ.ਬੀ.ਆਈ ਚੌਂਕ ਤੋਂ ਹਰਚੋਵਾਲ ਰੋਡ ਬਾਈਪਾਸ ਤੱਕ ਜਾਣ ਵਾਲਾ ਮੁੱਖ ਨਿਕਾਸੀ ਨਾਲਾ ਕਰੀਬ 6.5 ਫੁੱਟ ਡੂੰਘਾ ਹੈ, ਜੋ ਗਾਰ ਨਾਲ ਭਰਿਆ ਹੋਣ ਕਾਰਨ ਪਾਣੀ ਦੀ ਨਿਕਾਸੀ ਵਿੱਚ ਰੁਕਾਵਟ ਬਣ ਰਿਹਾ ਸੀ।ਉਨ੍ਹਾਂ

ਅਨੁਸਾਰ ਇਸ ਨਾਲੇ ਨਾਲ ਮੁਹੱਲਾ ਧਰਮਪੁਰਾ, ਕ੍ਰਿਸ਼ਨਾ ਨਗਰ, ਗੁਰੂ ਨਾਨਕ ਪੁਰਾ, ਸੰਤ ਨਗਰ ਤੇ ਰੇਲਵੇ ਰੋਡ ਇਲਾਕੇ ਦੀ ਨਿਕਾਸੀ ਜੁੜੀ ਹੋਈ ਹੈ।ਇਸ ਮੌਕੇ ਤੇ ਆਪ ਆਗੂ ਸਰਬਜੀਤ ਸਿੰਘ, ਉਪ ਪ੍ਰਧਾਨ ਗੁਰਦਿਲਬਾਗ ਸਿੰਘ ਮਾਹਲ ਨੇ ਦੱਸਿਆ ਕਿ ਨਾਲੇ ਦੀ ਸਫਾਈ ਮੈਨੂਅਲ ਅਤੇ ਸੁਪਰ ਸੱਕਰ ਮਸ਼ੀਨ ਰਾਹੀਂ ਕਰਵਾਈ ਜਾ ਰਹੀ ਹੈ ਅਤੇ ਇਹ ਕੰਮ 4 ਮਹੀਨੇ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਪਿਛਲੀ ਕਮੇਟੀ ਦੇ ਕਾਰਜਕਾਲ ਦੌਰਾਨ ਨਾਲਿਆਂ ਦੀ ਸਫਾਈ ਲਈ 11.80 ਲੱਖ ਰੁਪਏ ਦੇ ਟੈਂਡਰ ਤਾਂ ਲਗਾਏ ਗਏ ਸਨ, ਪਰ ਮੌਕੇ 'ਤੇ ਕੰਮ ਨਹੀਂ ਹੋ ਸਕਿਆ ਸੀ। ਹੁਣ ਮੌਜੂਦਾ ਕਮੇਟੀ ਵੱਲੋਂ 24 ਲੱਖ ਰੁਪਏ ਦੀ ਲਾਗਤ ਨਾਲ ਇਸ ਕੰਮ ਨੂੰ ਪਹਿਲ ਦੇ ਆਧਾਰ 'ਤੇ ਸ਼ੁਰੂ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਲੋਕਾਂ ਅਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਲੋਕਾਂ ਨੇ ਨਾਲੇ ਦੇ ਉਪਰ ਸਲੈਬ ਜਾਂ ਪੱਕੇ ਥੜ੍ਹੇ ਬਣਾਏ ਹੋਏ ਹਨ, ਉਹ ਉਨ੍ਹਾਂ ਨੂੰ ਆਪ ਹਟਾ ਲੈਣ ਅਤੇ ਸਫਾਈ ਕਾਰਜ ਵਿੱਚ ਸਹਿਯੋਗ ਕਰਨ।

# ਜੂਡੋ ਦੇ ਸੰਸਥਾਪਕ ਪ੍ਰੋ. ਜਿਗੋਰੋ ਕਾਨੋ ਦਾ ਜਨਮ ਦਿਨ ਮਨਾਇਆ

ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਗਰਿਪ ਐਂਡ ਗੇਨ ਫਿਟਨੈੱਸ ਸੈਂਟਰ ਵਿਚ ਜੂਡੋ ਦੇ ਸੰਸਥਾਪਕ ਪ੍ਰੋਫੈਸਰ ਜਿਗੋਰੋ ਕਾਨੋ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਗਰਿਪ ਐਂਡ ਗੇਨ ਫਿਟਨੈੱਸ ਸੈਂਟਰ ਦੇ ਜੂਡੋ ਕੋਚ ਕਰਮਜੀਤ ਸਿੰਘ ਨੇ ਦੱਸਿਆ ਕਿ ਜੂਡੋ ਖੇਡ ਦੀ ਖੋਜ ਪ੍ਰੋਫੈਸਰ ਜਿਗੋਰੋ ਕਾਨੋ

ਨੇ ਕੀਤੀ ਸੀ, ਜਿਨ੍ਹਾਂ ਦਾ ਜਨਮ 28 ਅਕਤੂਬਰ 1860 ਵਿਚ ਜਪਾਨ ਵਿਚ ਹੋਇਆ ਸੀ। ਉਨ੍ਹਾਂ ਦੱਸਿਆ ਕਿ ਜਿਗੋਰੋ ਕਾਨੋ ਨੇ ਜੂਡੋ ਖੇਡ ਦੀ ਸ਼ੁਰੂਆਤ 1882 ਵਿਚ ਕੀਤੀ। ਇਸ ਉਪਰੰਤ ਇਹ ਖੇਡ ਦੁਨੀਆਂ ਭਰ ਵਿਚ ਮਕਬੂਲ ਹੋ ਗਈ। ਲੋਕ ਆਤਮ-ਰੱਖਿਆ ਲਈ ਇਸ ਖੇਡ ਦੀ ਵੱਡੇ ਪੱਧਰ 'ਤੇ ਸਿਖਲਾਈ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਵਰਤਮਾਨ ਵਿਚ ਭਾਰਤ ਦੇ ਜੂਡੋ ਖਿਡਾਰੀ ਵੀ ਕੌਮਾਂਤਰੀ ਪੱਧਰ ਦੇ ਟੂਰਨਾਮੈਂਟਾਂ ਵਿਚ ਮੈਡਲ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕਰ ਰਹੇ ਹਨ। ਇਸ ਮੌਕੇ ਜ਼ਿਲ੍ਹਾ ਜੂਡੋ ਐਸੋਸ਼ੀਏਸ਼ਨ ਅੰਮ੍ਰਿਤਸਰ ਦੇ ਪ੍ਰਧਾਨ ਤੇ ਸਾਬਕਾ ਕੌਮਾਂਤਰੀ ਜੂਡੋ ਖਿਡਾਰੀ ਸਾਬਕਾ ਇੰਸਪੈਕਟਰ ਹਰਜਿੰਦਰ ਸਿੰਘ ਬਿਜਲੀ ਤੇ ਇੰਸਪੈਕਟਰ ਪਵਨ ਕੁਮਾਰ ਨੇ ਜੂਡੋ ਖਿਡਾਰੀਆਂ ਨੂੰ ਪ੍ਰੋਫੈਸਰ ਜਿਗੋਰੋ ਕਾਨੋ ਦਾ ਜਨਮ ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਖਿਡਾਰੀਆਂ ਨੂੰ ਸਖ਼ਤ ਮਿਹਤਨ ਕਰਨ ਲਈ ਵੀ ਪ੍ਰੇਰਿਆ। ਅਖ਼ੀਰ ਵਿਚ ਕੇਕ ਕੱਟ ਕੇ ਪ੍ਰੋਫੈਸਰ ਜਿਗੋਰੋ ਕਾਨੋ ਦਾ ਜਨਮ ਦਿਨ ਮਨਾਇਆ ਗਿਆ।

# ਟਾਟਾ ਸਾਲਟ ਹਿਮਾਲੀਅਨ ਰਾਕ ਸਾਲਟ 'ਚ ਕੁਦਰਤੀ ਖਣਿਜਾਂ ਦੇ ਅੰਸ਼

ਅੰਮ੍ਰਿਤਸਰ: ਕੁਦਰਤੀ ਅਤੇ ਘੱਟ ਪ੍ਰੋਸੈਸ ਕੀਤੇ ਖਾਧ ਪਦਾਰਥਾਂ ਵੱਲ ਵਧ ਰਹੇ ਰੁਝਾਨ ਨੂੰ ਦੇਖਦਿਆਂ ਟਾਟਾ ਸਾਲਟ ਨੇ ਹਿਮਾਲੀਅਨ ਰਾਕ ਸਾਲਟ ਪੇਸ਼ ਕੀਤਾ ਹੈ। ਕੰਪਨੀ ਅਨੁਸਾਰ, ਇਸ ਵਿੱਚ ਪੋਟਾਸ਼ੀਅਮ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵਰਗੇ ਕੁਦਰਤੀ ਖਣਿਜਾਂ ਦੇ ਅੰਸ਼ ਮੌਜੂਦ ਹਨ। ਇਸ ਦੇ ਰੰਗ ਵਿੱਚ ਕੁਦਰਤੀ ਖਣਿਜਾਂ ਕਾਰਨ ਫ਼ਰਕ ਹੋ ਸਕਦਾ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੇ ਸਿੰਥੈਟਿਕ ਰੰਗਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਕੰਪਨੀ ਵੱਲੋਂ ਕਰਵਾਏ ਗਏ ਲੈਬਾਰਟਰੀ ਟੈਸਟਾਂ ਅਨੁਸਾਰ, ਇਹ ਉਤਪਾਦ ਗੁਣਵੱਤਾ ਅਤੇ ਸੁਰੱਖਿਆ ਦੇ ਨਿਰਧਾਰਤ ਮਾਪਦੰਡਾਂ 'ਤੇ ਖਰਾ ਉਤਰਦਾ ਹੈ। ਇਸ ਦੀ ਵਰਤੋਂ ਖਾਣਾ ਪਕਾਉਣ ਅਤੇ ਪਕਵਾਨਾਂ ਉੱਪਰ ਛਿੜਕਣ ਲਈ ਕੀਤੀ ਜਾ ਸਕਦੀ ਹੈ।

# ਭਾਸ਼ਾ ਵਿਭਾਗ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ

ਧਾਰੀਵਾਲ, (ਮਨਦੀਪ ਵਿੱਕੀ)-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫ਼ਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ

ਭਾਸ਼ਾ ਵਿਭਾਗ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ।ਇਸ ਸਬੰਧੀ ਸਕੂਲ ਦੀ ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਪਾਇਲ ਨੇ ਲੇਖ ਲਿਖਣ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਤਨਵੀਰ ਕੌਰ ਨੇ ਕਹਾਣੀ ਲਿਖਣ ਦੇ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕਰਕੇ ਆਪਣੀ ਲੇਖਣੀ ਦੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਵੱਲੋਂ ਜੇਤੂ ਵਿਦਿਆਰਥਣਾਂ ਦੀ ਹੌਸਲਾ ਅਫਜ਼ਾਈ ਕਰਦੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।ਉਨ੍ਹਾਂ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੀ ਸਿਰਜਣਾਤਮਕ ਸੋਚ, ਸਾਹਿਤਕ ਰੁਚੀ ਅਤੇ ਭਾਸ਼ਾਈ ਯੋਗਤਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਅਜਿਹੇ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਅਤੇ ਆਪਣੀ ਪ੍ਰਤਿਭਾ ਰਾਹੀਂ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥਣਾਂ ਅਤੇ ਸਕੂਲ ਅਧਿਆਪਕਾਂ ਨੂੰ ਵਧਾਈ ਦਿੱਤੀ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀ ਫੁੱਟਬਾਲ ਮੁਕਾਬਲਿਆਂ 'ਚ ਰਹੇ ਜੇਤੂ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਕਰਵਾਈਆਂ ਜਾ ਰਹੀਆਂ ਪੰਜਾਬ ਦੀਆਂ ਖੇਡਾਂ ਤਹਿਤ ਜ਼ਿਲ੍ਹਾ ਤਰਨਤਾਰਨ ਵਿੱਚ ਹੋਏ

ਮੁਕਾਬਲਿਆਂ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੀਆਂ ਫੁੱਟਬਾਲ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਜ਼ਿਲ੍ਹਾ ਖੇਡ ਅਫ਼ਸਰ ਸਤਵੰਤ ਕੌਰ ਦੀ ਅਗਵਾਈ ਹੇਠ ਗੁਰੂ ਅਰਜਨ ਦੇਵ ਸਟੇਡੀਅਮ, ਪੁਲਸ ਲਾਈਨ, ਤਰਨਤਾਰਨ ਵਿਖੇ ਕਰਵਾਏ ਮੁਕਾਬਲਿਆਂ ਵਿੱਚ ਅੰਡਰ-17 ਲੜਕਿਆਂ ਦੀ ਟੀਮ ਨੇ ਦੂਜਾ, ਜਦਕਿ ਅੰਡਰ-14 ਲੜਕਿਆਂ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਸਫ਼ਲਤਾ ਦਾ ਸਿਹਰਾ ਕੋਚ ਸੁਖਵਿੰਦਰ ਸਿੰਘ, ਰੇਸ਼ਮ ਸਿੰਘ ਅਤੇ ਰਾਜਬੀਰ ਕੌਰ ਦੀ ਮਿਹਨਤ ਅਤੇ ਯੋਗ ਅਗਵਾਈ ਨੂੰ ਜਾਂਦਾ ਹੈ।ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਖਿਡਾਰੀਆਂ ਅਤੇ ਕੋਚ ਸਾਹਿਬਾਨ ਨੂੰ ਵਧਾਈ ਦਿੰਦਿਆਂ ਭਵਿੱਖ ਦੇ ਮੁਕਾਬਲਿਆਂ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਟੀਮ ਭਾਵਨਾ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

# ਸੈਣੀ ਬਰਾਦਰੀ ਦੀ ਬਿਹਤਰੀ ਲਈ ਸੇਵਾਵਾਂ ਨਿਭਾ ਰਹੇ ਅਹੁਦੇਦਾਰਾਂ ਨੂੰ ਕੀਤਾ ਸਨਮਾਨਤ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਵਿੱਚ ਸੈਣੀ ਸਮਾਜ ਸਭਾ ਵੱਲੋਂ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਖੇਤਰਾਂ 'ਚ ਸੇਵਾਵਾਂ ਨਿਭਾ ਰਹੇ ਸੈਣੀ

ਬਰਾਦਰੀ ਦੇ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਗਿਆ।ਸਮਾਗਮ ਦੀ ਅਗਵਾਈ ਸੈਣੀ ਸਭਾ ਦੇ ਮੀਤ ਪ੍ਰਧਾਨ ਰਘੁਬੀਰ ਸਿੰਘ ਸੈਣੀ ਨੇ ਕੀਤੀ ਜਦਕਿ ਮੁੱਖ ਮਹਿਮਾਨ ਵਜੋਂ ਐੱਸ ਪੀ ਜਗਦੀਸ਼ ਰਾਜ ਅਤਰੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ।ਮੁੱਖ ਮਹਿਮਾਨ ਅਤਰੀ ਅਤੇ ਸੈਣੀ ਸਮਾਜ ਦੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਵੱਖ-ਵੱਖ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸੰਗਠਨਾਂ 'ਚ ਸੇਵਾਵਾਂ ਨਿਭਾ ਰਹੇ ਸੈਣੀ ਬਰਾਦਰੀ ਦੇ ਅਹੁਦੇਦਾਰਾਂ ਨੂੰ ਸਨਮਾਨਿਤ ਕਰਨ ਦਾ ਉਦੇਸ਼ ਬਰਾਦਰੀ ਦੀ ਯੁਵਾ ਪੀੜ੍ਹੀ ਨੂੰ ਪ੍ਰੇਰਨਾ ਦੇਣਾ ਅਤੇ ਉਤਸ਼ਾਹਿਤ ਕਰਨਾ ਹੈ।ਸੈਣੀ ਸਭਾ ਦੇ ਅਹੁਦੇਦਾਰਾਂ ਨੇ ਵੱਖ-ਵੱਖ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਵੱਖ-ਵੱਖ ਖੇਤਰਾਂ 'ਚ ਸੇਵਾਵਾਂ ਨਿਭਾ ਰਹੇ ਸੈਣੀ ਬਰਾਦਰੀ ਦੇ ਅਹੁਦੇਦਾਰਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਭਾਜਪਾ ਓਬੀਸੀ ਮੋਰਚਾ ਦੇ ਸੂਬਾ ਸਕੱਤਰ ਰਿਟਾਇਰਡ ਈਟੀਓ ਜਗਦੀਸ਼ ਰਾਜ ਸੈਣੀ, ਜ਼ਿਲ੍ਹਾ ਪ੍ਰਧਾਨ ਦੀਪਕ ਸੈਣੀ, ਜਿਲਾ ਸਕੱਤਰ ਅਨਿਲ ਸੈਣੀ, ਐੱਸਟੀ, ਐਂਡਰਿਊ ਕਾਨਵੈਂਟ ਸਕੂਲ ਤਾਰਾਗੜ੍ਹ ਦੇ ਡਾਇਰੈਕਟਰ ਰਮੇਸ਼ ਸੈਣੀ, ਸਰਪੰਚ ਸਤਪਾਲ ਸੈਣੀ, ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਰਾਜੀਵ ਸੈਣੀ, ਯਸ਼ਪਾਲ ਸੈਣੀ, ਐਡਵੋਕੇਟ ਗੌਰਵ ਸੈਣੀ,ਈਸ਼ਵਰ ਸੈਣੀ, ਸੁਪਰਡੈਂਟ ਸ਼ਤੀਸ ਸੈਣੀ, ਸੰਜੀਵ ਸੈਣੀ, ਗੁਰਨਾਮ ਸਿੰਘ ਸੈਣੀ, ਰਜਿੰਦਰ ਸੈਣੀ, ਗੁਰਦਿਆਲ ਸਿੰਘ ਸੈਣੀ, ਹਰਦੀਪ ਸਿੰਘ ਸੈਣੀ, ਸਰਪੰਚ ਨਾਰਾਇਣ ਸਿੰਘ ਸੈਣੀ, ਅਸ਼ੋਕ ਸੈਣੀ, ਸਰਪੰਚ ਰਾਜੀਵ ਸੈਣੀ, ਸੁਦੇਸ਼ ਸੈਣੀ, ਦਰਸ਼ਨ ਸੈਣੀ ਮਨਦੀਪ ਸੈਣੀ ਤੋਂ ਇਲਾਵਾ ਇਲਾਕੇ ਦੇ ਕਈ ਪਤਵੰਤੇ ਮੌਜੂਦ ਸਨ।

# ਚੌੜ ਸਿੱਧਵਾਂ 'ਚ 50 ਸਾਲਾਂ ਤੋਂ ਚੱਲ ਰਹੀ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਹੱਲ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ ਵੱਲੋਂ ਪਿੰਡ ਚੌੜ ਸਿੱਧਵਾਂ ਵਿਖੇ ਪਿਛਲੇ ਕਰੀਬ 50 ਸਾਲਾਂ ਤੋਂ ਚੱਲ ਰਹੀ ਗੰਦੇ ਪਾਣੀ ਦੀ ਨਿਕਾਸੀ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਵਿਸ਼ੇਸ਼ ਉਪਰਾਲਾ ਕਰਦਿਆਂ ਨਿਕਾਸੀ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ ਗਿਆ।ਇਸ ਸਮੱਸਿਆ ਕਾਰਨ ਪਿੰਡ ਵਾਸੀਆਂ ਨੂੰ ਲੰਮੇ ਸਮੇਂ ਤੋਂ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਪਿੰਡ ਵਾਸੀਆਂ ਦੀ ਇਸ ਪੁਰਾਣੀ ਅਤੇ ਜਾਇਜ਼ ਮੰਗ ਨੂੰ ਪੂਰਾ ਕਰਨ ਲਈ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਇਹ ਪ੍ਰੋਜੈਕਟ ਮੁਕੰਮਲ ਕੀਤਾ ਜਾਵੇਗਾ।ਇਸ ਪ੍ਰੋਜੈਕਟ ਤਹਿਤ ਪਿੰਡ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਕਰੀਬ ਡੇਢ ਕਿਲੋਮੀਟਰ ਲੰਬੀਆਂ ਪਾਈਪਾਂ ਪਾਈਆਂ ਜਾਣਗੀਆਂ।ਇਸ ਤੋਂ ਇਲਾਵਾ ਪਿੰਡ ਦੇ ਛੱਪੜ ਦੀ ਸਫ਼ਾਈ ਕਰਵਾਈ ਜਾਵੇਗੀ ਅਤੇ ਗੰਦੇ ਪਾਣੀ ਦੀ ਨਿਕਾਸੀ ਨੂੰ ਸੁਚਾਰੂ ਬਣਾਉਣ ਲਈ ਪਾਣੀ ਵਾਲੀ ਮੋਟਰ ਵੀ ਲਗਾਈ ਜਾਵੇਗੀ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਪਿੰਡ ਵਿੱਚ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਸਥਾਈ ਹੱਲ ਹੋਵੇਗਾ ਅਤੇ ਪਿੰਡ ਵਾਸੀਆਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ।ਇਸ ਮੌਕੇ ਗੱਲਬਾਤ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਉਨ੍ਹਾਂ ਦੀ ਰਾਜਨੀਤੀ ਦਾ ਅਸਲ ਮਕਸਦ ਲੋਕਾਂ ਨੂੰ ਸੁੱਖ-ਸਹੂਲਤਾਂ ਪ੍ਰਦਾਨ ਕਰਨਾ, ਉਨ੍ਹਾਂ ਦੀਆਂ ਮੁਸ਼ਕਲਾਂ

ਦਾ ਹੱਲ ਕਰਨਾ ਅਤੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦਾ ਅਸਲ ਮਤਲਬ ਸਿਰਫ਼ ਵੱਡੇ ਐਲਾਨ ਕਰਨਾ ਨਹੀਂ, ਸਗੋਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਮੁਸ਼ਕਲਾਂ ਨੂੰ ਸਮਝ ਕੇ ਉਨ੍ਹਾਂ ਦਾ ਹੱਲ ਕਰਨਾ ਹੈ। ਪਿੰਡ ਚੌੜ ਸਿੱਧਵਾਂ ਦੀ 50 ਸਾਲ ਪੁਰਾਣੀ ਸਮੱਸਿਆ ਦਾ ਹੱਲ ਕਰਵਾਉਣ ਲਈ ਸ਼ੁਰੂ ਕੀਤਾ ਗਿਆ। ਰਮਨ ਬਹਿਲ ਨੇ ਪਿੰਡ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਵੱਲੋਂ ਹਲਕੇ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕਾਂ ਦੀ ਸੇਵਾ ਲਈ ਕੀਤੇ ਜਾ ਰਹੇ ਯਤਨਾਂ ਨੂੰ ਧਿਆਨ ਵਿੱਚ ਰੱਖਣ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਉਨ੍ਹਾਂ ਦਾ ਸਾਥ ਦੇਣ ਅਤੇ ਆਪਣਾ ਕੀਮਤੀ ਸਮਰਥਨ ਦੇ ਕੇ ਉਨ੍ਹਾਂ ਨੂੰ ਜਿਤਾ ਕੇ ਪੰਜਾਬ ਵਿਧਾਨ ਸਭਾ ਵਿੱਚ ਭੇਜਣ। ਇਸ ਮੌਕੇ ਬਲਾਕ ਸੰਮਤੀ ਚੇਅਰਮੈਨ ਰਣਜੀਤ ਸਿੰਘ ਰਾਣਾ, ਬੀ.ਡੀ.ਪੀ.ਓ. ਦਿਲਬਾਗ ਸਿੰਘ, ਸਰਪੰਚ ਪਿੰਡ ਚੌੜ ਬਿਕਰਮ ਸਿੰਘ, ਸਰਪੰਚ ਪਿੰਡ ਸਿੱਧਵਾਂ ਮਨਜਿੰਦਰ ਸਿੰਘ, ਸਰਪੰਚ ਰਾਜੇਸ਼ ਭੰਗਵਾਂ, ਦਵਿੰਦਰ, ਸੋਨੂੰ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# ਖ਼ਾਲਸਾ 'ਵਰਸਿਟੀ ਵਿਖੇ ਸੰਯੁਕਤ ਰਾਸ਼ਟਰ ਦਿਵਸ ਮਨਾਇਆ

ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖ਼ਾਲਸਾ ਯੂਨੀਵਰਸਿਟੀ ਵੱਲੋਂ ਸਕੂਲ ਆਫ਼ ਸੋਸ਼ਲ ਸਾਇੰਸਿਜ਼ ਅਤੇ ਸੋਸ਼ਲ ਸਾਇੰਸਿਜ਼ ਸੁਸਾਇਟੀ ਦੇ ਸਹਿਯੋਗ ਨਾਲ ਨੂੰ ਸੰਯੁਕਤ ਰਾਸ਼ਟਰ ਦਿਵਸ ਮਨਾਇਆ ਗਿਆ। ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਉਕਤ ਸਮਾਗਮ ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਖ਼ਾਲਸਾ ਕਾਲਜੀਏਟ ਸਕੂਲ ਅਤੇ ਬੀ. ਏ. ਸੋਸ਼ਲ ਸਾਇੰਸਿਜ਼ ਦੇ ਸਮੈਸਟਰ ਪਹਿਲੇ, ਤੀਜੇ ਅਤੇ ਪੰਜਵੇਂ ਦੇ ਵਿਦਿਆਰਥੀਆਂ ਨੇ ਸੰਯੁਕਤ ਰਾਸ਼ਟਰ ਨਾਲ ਸਬੰਧਿਤ ਵੱਖ-ਵੱਖ ਵਿਸ਼ਿਆਂ 'ਤੇ ਪੇਸ਼ਕਾਰੀਆਂ ਵੀ ਦਿੱਤੀਆਂ। ਇਸ ਮੌਕੇ ਡਾ. ਸੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ਪ੍ਰਤੀ ਜਾਗਰੂਕ ਰਹਿਣ ਅਤੇ ਦੇਸ਼-ਵਿਦੇਸ਼ 'ਚ ਵਾਪਰ ਰਹੀਆਂ ਘਟਨਾਵਾਂ ਸਬੰਧੀ ਜਾਣਕਾਰੀ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਸਮਾਜਿਕ ਵਿਗਿਆਨ ਵਿਭਾਗ ਦੇ ਮੁਖੀ ਡਾ. ਜਸਵਿੰਦਰ ਸਿੰਘ ਨੇ ਅਮਰੀਕਾ, ਬ੍ਰਿਟੇਨ, ਰੂਸ, ਫਰਾਂਸ ਅਤੇ ਚੀਨ ਵਰਗੀਆਂ ਪ੍ਰਮੁੱਖ ਵਿਸ਼ਵ ਸ਼ਕਤੀਆਂ ਵਿਚਕਾਰ ਸ਼ਕਤੀ ਸੰਤੁਲਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਸ਼ਸ਼ੀ ਸੂਰੀ ਨੇ ਸੰਯੁਕਤ ਰਾਸ਼ਟਰ ਦੀ ਸਥਾਪਨਾ ਦੇ ਇਤਿਹਾਸਕ ਪਿਛੋਕੜ ਅਤੇ ਇਸ ਦੀ ਸਥਾਪਨਾ ਲਈ ਜ਼ਿੰਮੇਵਾਰ ਹਾਲਾਤਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਅਰਥ ਸ਼ਾਸਤਰ ਵਿਭਾਗ ਦੇ ਡਾ. ਸੁਮਿਤ ਕੁਮਾਰ ਨੇ ਜਲਵਾਯੂ ਪਰਿਵਰਤਨ ਬਾਰੇ ਸੰਯੁਕਤ ਰਾਸ਼ਟਰ ਫਰੇਮਵਰਕ ਕਨਵੈਨਸ਼ਨ ਬਾਰੇ ਵਿਚਾਰ ਪੇਸ਼ ਕਰਦਿਆਂ ਵਿਸ਼ਵ ਪੱਧਰ 'ਤੇ ਤਾਪਮਾਨ 'ਚ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਰੱਖਣ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਰਾਸ਼ਟਰੀ ਪੱਧਰ 'ਤੇ ਅਪਨਾਈਆਂ ਜਾ ਰਹੀਆਂ ਰਣਨੀਤੀਆਂ ਬਾਰੇ ਵੀ ਚਰਚਾ ਕੀਤੀ।

# ਐੱਸ ਐੱਲ ਏ ਬਾਬੂ ਲਾਲ ਦੀ ਸੇਵਾਮੁਕਤੀ 'ਤੇ ਸਟਾਫ ਨੇ ਦਿੱਤੀ ਵਿਦਾਇਗੀ ਪਾਰਟੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ ) ਸਥਾਨਕ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਵਿਖੇ ਤਾਇਨਾਤ ਐਸ ਐਲ ਏ ਬਾਬੂ ਰਾਮ ਜੋ ਸਿੱਖਿਆ ਮਹਿਕਮੇ ਵਿੱਚ ਬਤੌਰ ਸੇਵਾਦਾਰ ਵਜੋਂ

ਮਈ 2004 ਵਿੱਚ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੱਗੋਮਾਹਲ ਵਿਖੇ ਭਰਤੀ ਹੋਏ ਸਨ, ਜੋ ਤਰੱਕੀ ਮਿਲਣ ਉਪਰੰਤ ਐਸ.ਐਲ ਏ ਬਣੇ ਤੇ ਸਿੱਖਿਆ ਵਿਭਾਗ ਵਿੱਚ ਕਰੀਬ 22 ਸਾਲ 4 ਮਹੀਨੇ ਦੀ ਸੇਵਾ ਨਿਭਾਉਣ ਉਪਰੰਤ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਅੱਜ ਸੇਵਾ ਮੁਕਤ ਹੋ ਗਏ ।ਉਨ੍ਹਾਂ ਦੀ ਸੇਵਾ ਮੁਕਤੀ ਮੌਕੇ ਪ੍ਰਿੰਸੀਪਲ ਪਰਮਿੰਦਰ ਸਿੰਘ ਬੇਦੀ ਦੀ ਅਗਵਾਈ ਹੇਠ ਸਮੂਹ ਸਟਾਫ਼ ਮੈਂਬਰਾਂ ਵੱਲੋਂ ਸਕੂਲ ਦੇ ਆਡੀਟੋਰੀਅਮ ਵਿਖੇ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ।ਸਮਾਗਮ ਦੌਰਾਨ ਪ੍ਰਿੰਸੀਪਲ ਪਰਮਿੰਦਰ ਸਿੰਘ ਬੇਦੀ, ਡੀ ਟੀ ਐਫ ਦੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ, ਮੈਡਮ ਪਰਮਿੰਦਰ ਕੌਰ, ਮੈਡਮ ਮਨਦੀਪ ਕੌਰ, ਮੈਡਮ ਨਰਿੰਦਰ ਕੌਰ, ਮਾਸਟਰ ਰਮੇਸ਼ ਅਵੱਸਥੀ ਸਮੇਤ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਬਾਬੂ ਰਾਮ ਨੇ ਸਿੱਖਿਆ ਮਹਿਕਮੇ ਵਿੱਚ ਆਪਣੀ ਡਿਊਟੀ ਪੂਰੀ ਲਗਨ, ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਈ ਹੈ।ਮੈਡਮ ਨਰਿੰਦਰ ਕੌਰ ਵੱਲੋਂ ਸਟੇਜ ਸਕੱਤਰ ਦੀ ਅਹਿਮ ਭੂਮਿਕਾ ਨਿਭਾਈ ਗਈ।ਇਸ ਮੌਕੇ ਕਿਸ਼ਨ ਭਲਵਾਨ, ਪਰਮਜੀਤ ਸਿੰਘ, ਅੰਮਿਤਾ ਕੁਮਾਰੀ, ਰਾਹੁਲ ਕੁਮਾਰ, ਸਾਹਿਲ ਕੁਮਾਰ, ਸੌਰਵ ਕੁਮਾਰ, ਤਰਸੇਮ ਲਾਲ ਰਮਦਾਸ, ਰਿੰਕੂ ਕੁਮਾਰ, ਡੀ ਟੀ ਐੱਫ ਵੱਲੋਂ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ, ਮਾਸਟਰ ਰਾਜ ਕੁਮਾਰ, ਹੈੱਡ ਮਾਸਟਰ ਦਲਜੀਤ ਸਿੰਘ ਖਾਲਸਾ, ਪ੍ਰਭਪ੍ਰੀਤ ਸਿੰਘ ਕਲਰਕ, ਨਰਿੰਦਰ ਕੌਰ, ਰਮੇਸ਼ ਅਵੱਸਥੀ, ਹਰਜੋਤ ਸਿੰਘ, ਬਲਜਿੰਦਰ ਸਿੰਘ, ਕਰਨਬੀਰ ਸਿੰਘ, ਸੁਖਦੇਵ ਸਿੰਘ, ਰਾਜ ਕੁਮਾਰ, ਅਨੀਤਾ ਕੁਮਾਰੀ, ਸੋਨੀਆ, ਅਮਨਦੀਪ ਕੌਰ, ਮਨਿੰਦਰ ਕੌਰ, ਡੀ ਪੀ ਅਨਿਲ ਕੁਮਾਰ, ਬਲਵਿੰਦਰ ਸਿੰਘ, ਸੰਧਿਆ, ਸ਼ਿਖਾ, ਰਾਜਬੀਰ ਕੌਰ ਤੇ ਪੂਨਮ ਆਦਿ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰ ਨੂੰ ਰਜਿਸਟਰ ਕਰਨ ਦੀ ਪ੍ਰਕਿਰਿਆ ਜਲਦੀ ਤੋਂ ਜਲਦੀ ਸ਼ੁਰੂ ਕਰਾਵੇ ਸਰਕਾਰ : ਬੋਪਾਰਾਏ

**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**-ਗੁਰਦੁਆਰਾ ਬਾਬਾ ਭਾਈ ਝਾੜੂ ਸਾਹਿਬ ਵਿਖੇ ਮੈਡੀਕਲ ਪ੍ਰੈਕਟੀਸ਼ਨ ਐਸੋਸੀਏਸ਼ਨ ਜਿਲਾ ਤਰਨ ਤਾਰਨ ਦੇ ਬਲਾਕ ਵਲਟੋਹਾ ਦੀ ਮੀਟਿੰਗ ਡਾਕਟਰ ਸੁਖਚੈਨ ਸਿੰਘ ਬੋਪਾਰਾਏ ਦੀ ਰਹਿਨੁਮਾਈ ਹੇਠ ਕਰਵਾਈ ਗਈ ਜਿਸ ਵਿੱਚ ਸਭ ਸਾਥੀਆਂ ਨੇ ਸ਼ਮੂਲੀਅਤ ਕਰਕੇ ਆਪਣੀ ਏਕਤਾ ਦਾ ਸੁਨੇਹਾ ਦਿੱਤਾ ।ਇਸ ਮੌਕੇ ਬੋਲਦੇ ਹੋਏ ਡਾਕਟਰ ਦਲਜੀਤ ਸਿੰਘ ਵਲਟੋਹਾ ਨੇ ਕਿਹਾ ਕਿ ਲੰਮੇ ਸਮੇਂ ਤੋਂ ਮੈਡੀਕਲ ਪ੍ਰੈਕਟੀਸ਼ਨਰ ਦੀ ਮੰਗ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਬਣਦੀ ਮਾਨਤਾ ਸਰਕਾਰ ਵੱਲੋਂ ਦਿੱਤੀ ਜਾਵੇ ਜਿਸ ਵਿੱਚ ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਵਿੱਚ ਕਈ ਵਾਰ ਮੌਜੂਦਾ ਸਰਕਾਰ ਦੇ ਅਧਿਕਾਰੀਆਂ ਨਾਲ ਸਾਡੀਆਂ ਮੀਟਿੰਗਾਂ ਹੋਈਆਂ ਨੇ ਅਤੇ ਸਰਕਾਰ ਵੱਲੋਂ ਸਿਵਲ ਸਰਜਨ ਨੂੰ ਹਦਾਇਤ ਕੀਤੀ ਗਈ ਹੈ ਕਿ ਪਿੰਡਾਂ ਵਿੱਚ ਕੰਮ ਕਰ ਰਹੇ ਇਨ੍ਹਾਂ ਪ੍ਰੈਕਟੀਸ਼ਨਰਾਂ ਦੀ ਸੂਚੀ ਤਿਆਰ ਕਰਕੇ ਸਰਕਾਰ ਤੱਕ ਪਹੁੰਚਾਈ ਜਾਵੇ ਤਾਂ ਜੋ ਰਜਿਸਟਰ ਕਰਨ ਦੀ ਪ੍ਰਕਿਰਿਆ ਨੂੰ ਅੱਗੇ ਤੋਰਿਆ ਜਾਵੇ।ਇਸ ਸਮੇਂ ਡਾਕਟਰ ਅਮਰਜੀਤ ਸਿੰਘ ਕੋਟਲੀ ਵੱਲੋਂ ਵੱਲੋਂ ਬੋਲਦੇ ਹੋਏ ਕਿਹਾ ਗਿਆ ਕਿ ਸਮਾਜ ਦੇ ਅੰਦਰ ਇੱਕ ਨਸ਼ੇ ਦੇ ਦੈਂਤ ਨੇ ਜੋ ਤਰਥੱਲੀ ਮਚਾਈ ਹੋਈ ਹੈ ਉਸ ਨੂੰ ਠੱਲ ਪਾਉਣ ਵਾਸਤੇ ਸਰਕਾਰਾਂ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਮੈਡੀਕਲ ਪ੍ਰੈਕਟੀਸ਼ਨਰਾਂ ਦਾ ਪੂਰਨ ਸਮਰਥਨ ਹੈ ਪਰ ਇੱਥੇ ਗੱਲ ਇਹ ਵੀ ਕਰਨੀ ਬਣਦੀ ਹੈ ਕਿ ਜੋ ਲੋਕ ਸਮਾਜ ਅੰਦਰ ਸੁਧਾਰ ਕਰਦੇ ਕਰਦੇ ਆਪਣੀ ਜਿੰਦਗੀ ਨੂੰ ਦਾਅ ਤੇ ਲਾ ਦਿੰਦੇ ਹਨ ਸਰਕਾਰਾਂ ਨੂੰ ਉਹਨਾਂ ਦੇ ਨਾਲ ਇਨਸਾਫ ਕਰਨਾ ਚਾਹੀਦਾ ਹੈ। ਇਸ ਮੌਕੇ ਡਾਕਟਰ ਬਲਵਿੰਦਰ ਸਿੰਘ ਕੋਟਲੀ ਬਲਾਕ ਵਲਟੋਹਾ ਦੇ

ਕੈਸ਼ੀਅਰ ਵੱਲੋਂ ਸਾਰੇ ਸਾਥੀਆਂ ਨੂੰ ਲਾਮਬੰਦ ਹੋਣ ਦਾ ਸੁਨੇਹਾ ਦਿੱਤਾ ਗਿਆ ਅਤੇ ਨਾਲ ਹੀ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਜੇ ਕਿਸੇ ਵੀ ਸਾਥੀ ਨੂੰ ਕਿਸੇ ਤਰ੍ਹਾਂ ਦਾ ਡਰ ਰੱਖਣ ਦੀ ਜ਼ਰੂਰਤ ਨਹੀਂ ।ਇਸ ਮੌਕੇ ਡਾਕਟਰ ਸੁਖਚੈਨ ਸਿੰਘ ਬੋਪਾਰਾਏ ਬਲਾਕ ਪ੍ਰਧਾਨ ਵੱਲੋਂ ਕਿਹਾ ਗਿਆ ਕਿ ਜੇਕਰ ਸਰਕਾਰ ਨੇ ਆਪਣੇ ਰਹਿੰਦੇ ਸਮੇਂ ਦੇ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਨੂੰ ਉਨ੍ਹਾਂ ਦਾ ਬਣਦਾ ਹੱਕ ਨਾ ਦਿੱਤਾ ਤਾਂ ਉਹ ਇੱਕ ਵੱਡਾ ਸੰਘਰਸ਼ ਸ਼ੁਰੂ ਕਰਨਗੇ ਅਸੀਂ ਸਾਰੇ ਪ੍ਰੈਕਟੀਸ਼ਨਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜ ਸੁਧਾਰ ਲਹਿਰਾਂ ਦਾ ਪੂਰਨ ਸਮਰਥਨ ਕਰਦੇ ਹਾਂ ਹਮੇਸ਼ਾ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ ਪਿਛਲੇ ਦਿਨੀਂ ਕਰੋਨਾ ਕਾਲ, ਭਾਵੇਂ ਹੜਾਂ ਦੇ ਹਾਲਾਤ ਪੰਜਾਬ ਅੰਦਰ ਜੋ ਵੀ ਬਣੇ ਨੇ ਸਾਡੀ ਐਸੋਸੀਏਸ਼ਨ ਵੱਲੋਂ ਸਾਡੇ ਭਾਈਚਾਰੇ ਵੱਲੋਂ ਹਿਕ ਡਾਹ ਕੇ ਸਾਰੀਆਂ ਆਫਤਾਂ ਦਾ ਸਾਹਮਣਾ ਕੀਤਾ ਗਿਆ ਹੈ ਤੇ ਆਪਣੇ ਇੱਕ ਚੰਗੇ ਕਿਰਦਾਰ ਨੂੰ ਮਿਸਾਲ ਬੰਦ ਕਰਕੇ ਪੇਸ਼ ਕੀਤਾ ਗਿਆ ਹੈ। ਇਸ ਮੌਕੇ ਮੌਜੂਦ ਡਾਕਟਰ ਗੁਰਜਿੰਦਰ ਸਿੰਘ ਰੱਤੋ ਕੇ ਡਾਕਟਰ ਨਿਰਮਲ ਸਿੰਘ ਰੱਤੋਕੇ, ਡਾਕਟਰ ਸੁਖਦੇਵ ਸਿੰਘ, ਡਾਕਟਰ ਜਰਨੈਲ ਸਿੰਘ ਰੱਤੋਕੇ, ਡਾਕਟਰ ਗੁਰਚਰਨ ਸਿੰਘ ਜੋਧ ਸਿੰਘ ਵਾਲਾ ਆਦਿ ਹਾਜ਼ਰ ਹੋਏ।

# ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ

ਨਿਰਮਲ ਸਿੰਘ ਨੌਸ਼ਹਿਰਾ ਢਾਲਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਸਰਦਾਰ ਭਗਵੰਤ ਸਿੰਘ ਧੰਗੇੜਾ ਸਕੱਤਰ ਧਰਮ ਪ੍ਰਚਾਰ ਕਮੇਟੀ ਦੇ ਦਿਸ਼ਾ ਨਿਰਦੇਸ਼ ਤਹਿਤ ਹੈੱਡ ਪ੍ਰਚਾਰਕ ਗਿਆਨੀ ਜਗਦੇਵ ਸਿੰਘ, ਜ਼ਿਲ੍ਹਾ ਤਰਨ ਤਾਰਨ ਦੇ ਨਿਗਰਾਨ ਗਿਆਨੀ ਲਖਮੀਰ ਸਿੰਘ ਕੱਕਾ ਕੰਡਿਆਲਾ ਅਤੇ ਭਾਈ ਜਗਦੇਵ ਸਿੰਘ ਗੋਇੰਦਵਾਲ ਦੀ ਯੋਗ ਅਗਵਾਈ ਹੇਠ 450 ਸਾਲਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਸ਼ਤਾਬਦੀ ਤੇ 650 ਸਾਲਾ ਜਨਮ ਸ਼ਤਾਬਦੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਚੱਲਦਾ ਵਹੀਰ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਲਹਿਰ ਤਹਿਤ ਮਿਤੀ 30 ਅਕਤੂਬਰ 26 ਨੂੰ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ, ਠੱਠਾ ਤਰਨਤਾਰਨ ਵਿਖੇ ਮਹਾਨ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ।ਜਿਸ ਵਿਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਨੇ ਪਹੁੰਚ ਕੇ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਕੇ ਅੰਮ੍ਰਿਤ ਅਭਿਲਾਖੀਆ ਨੂੰ ਅੰਮ੍ਰਿਤ ਛਕਾਇਆ।

ਇਸ ਮੌਕੇ ਮੈਨੇਜਰ ਸਰਦਾਰ ਧਰਮਿੰਦਰ ਸਿੰਘ ਮਾਨੋਚਾਹਲ ਅਤੇ ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਵੱਲੋਂ ਅੰਮ੍ਰਿਤ ਅਭਿਲਾਖੀਆ ਨੂੰ ਵਧਾਈ ਦਿੱਤੀ ਗਈ ਅਤੇ ਨਾਲ ਹੀ ਧਰਮ ਪ੍ਰਚਾਰ ਕਮੇਟੀ ਵਲੋਂ ਕੀਤੇ ਗਏ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

ਇਸ ਮੌਕੇ ਇੰਚਾਰਜ ਸਰਦਾਰ ਸੁਖਵਿੰਦਰ ਸਿੰਘ ਵਲਟੋਹਾ, ਇੰਚਾਰਜ ਨਿਰਮਲ ਸਿੰਘ ਭੂਰਾ, ਸਾਹਾਇਕ ਇੰਚਾਰਜ ਜਤਿੰਦਰ ਸਿੰਘ, ਬਿਕਰਮਜੀਤ ਸਿੰਘ ਸੁਰ ਸਿੰਘ ਆਦਿ ਹਾਜ਼ਰ ਰਹੇ।

# 'ਅਕਾਦਮਿਕ ਸਿੱਖਿਆ ਤੋਂ ਵਿਹਾਰਕ ਸਫ਼ਲਤਾ ਵੱਲ' ਵਿਸ਼ੇ 'ਤੇ ਸੈਮੀਨਾਰ ਕਰਵਾਇਆ

ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਵਿਦਿਆਰਥੀਆਂ ਨੂੰ ਕਲਾਸਰੂਮ ਦੀ ਸਿੱਖਿਆ ਤੋਂ ਅਗਾਂਹ ਵੱਧ ਕੇ ਖੇਤਰੀ ਅਧਿਐਨ, ਸਰਵੇਖਣ, ਤੱਥਾਂ ਦੀ ਪੜਤਾਲ ਅਤੇ ਦਸਤਾਵੇਜ਼ੀ ਕਹਾਣੀਆਂ ਰਾਹੀਂ ਸਮਾਜ ਨੂੰ ਸਮਝਣਾ ਚਾਹੀਦਾ ਹੈ। ਪੱਤਰਕਾਰੀ ਸਮਾਜ ਦੀਆਂ ਅਸਲ ਸਮੱਸਿਆਵਾਂ ਨੂੰ ਸਮਝਣ, ਲੋਕਾਂ ਦੀ ਆਵਾਜ਼ ਨੂੰ ਮੰਚ ਪ੍ਰਦਾਨ ਕਰਨ ਅਤੇ ਜਨਤਕ ਹਿੱਤਾਂ ਨਾਲ ਜੁੜੇ ਮੁੱਦਿਆਂ ਨੂੰ ਜ਼ਿੰਮੇਵਾਰੀ ਨਾਲ ਉਜਾਗਰ ਕਰਨ ਦਾ ਮਹੱਤਵਪੂਰਨ ਮਾਧਿਅਮ ਹੈ। ਇਨ੍ਹਾਂ ਸ਼ਬਦਾਂ ਦਾ ਇਜ਼ਹਾਰ ਖ਼ਾਲਸਾ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵੱਲੋਂ "ਅਕਾਦਮਿਕ ਸਿੱਖਿਆ ਤੋਂ ਵਿਹਾਰਕ ਸਫ਼ਲਤਾ ਵੱਲ" ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਦੌਰਾਨ ਉਪ-ਕੁਲਪਤੀ ਡਾ. ਮਹਿਲ ਸਿੰਘ ਨੇ ਕੀਤਾ।ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨਾਲ ਪੱਤਰਕਾਰੀ ਦੇ ਬਦਲਦੇ ਸਰੂਪ, ਸਮਾਜਿਕ ਸਰੋਕਾਰਾਂ, ਵਿਹਾਰਕ ਸਿਖਲਾਈ ਅਤੇ ਮੀਡੀਆ ਦੇ ਖੇਤਰ 'ਚ ਉੱਭਰ ਰਹੀਆਂ ਸੰਭਾਵਨਾਵਾਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਅਕਾਦਮਿਕ ਗਿਆਨ ਦੇ ਨਾਲ-ਨਾਲ ਵਿਹਾਰਕ ਅਨੁਭਵ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਡਾ. ਸਾਨੀਆ ਮਰਵਾਹਾ ਨੇ ਕਿਹਾ ਕਿ ਸੈਮੀਨਾਰ ਦੌਰਾਨ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਵੀ ਅਹਿਮ ਵਿਸ਼ੇ ਰਹੇ। ਉਨ੍ਹਾਂ ਕਿਹਾ ਕਿ ਸੈਮੀਨਾਰ 'ਚ ਅਜੋਕੇ ਮੁਕਾਬਲੇਬਾਜ਼ੀ ਭਰੇ ਦੌਰ 'ਚ ਵਿਦਿਆਰਥੀਆਂ 'ਤੇ ਪੜ੍ਹਾਈ,

ਅੰਕਾਂ ਅਤੇ ਭਵਿੱਖ ਦੀ ਚਿੰਤਾ ਕਾਰਨ ਪੈਣ ਵਾਲੇ ਦਬਾਅ, ਮਾਨਸਿਕ ਤਣਾਅ, ਸਮਾਜਿਕ ਸੰਪਰਕ ਮਾਧਿਅਮਾਂ ਦੇ ਪ੍ਰਭਾਵ ਅਤੇ ਨਿੱਜੀ ਜੀਵਨ 'ਚ ਪੈਦਾ ਹੋਣ ਵਾਲੀਆਂ ਅਨਿਸ਼ਚਿਤਤਾਵਾਂ ਸਬੰਧੀ ਵਿਚਾਰ ਵੀ ਸਾਂਝੇ ਕੀਤੇ ਗਏ। ਇਸ ਮੌਕੇ ਡਾ. ਮਹਿਲ ਸਿੰਘ ਨੇ ਵਿਦਿਆਰਥੀਆਂ ਦੇ ਹੁਨਰਾਂ ਨੂੰ ਨਿਖਾਰਨ, ਉਨ੍ਹਾਂ ਅੰਦਰ ਸੁਤੰਤਰ ਚਿੰਤਨ ਦੀ ਭਾਵਨਾ ਵਿਕਸਿਤ ਕਰਨ ਅਤੇ ਉਨ੍ਹਾਂ ਨੂੰ ਭਵਿੱਖ ਦੀਆਂ ਪੇਸ਼ੇਵਰ ਚੁਣੌਤੀਆਂ ਲਈ ਤਿਆਰ ਕਰਨ ਵਾਸਤੇ ਅਜਿਹੇ ਅਕਾਦਮਿਕ ਉਪਰਾਲਿਆਂ ਦੀ ਮਹੱਤਤਾ ਨੂੰ ਉਜਾਗਰ ਕੀਤਾ।

# ਗ਼ਦਰੀ ਬਾਬਿਆਂ ਦੇ ਮੇਲੇ 'ਤੇ ਵਿਸ਼ੇਸ਼ ਸਪਲੀਮੈਂਟ

ਮਾਸਿਕ ਮੈਗਜ਼ੀਨ: ਵਰਿਆਮ
ਸੰਪਾਦਕ: ਡਾ. ਰਜਵੰਤ ਕੌਰ, ਨਰੈਣ ਸਿੰਘ ਅਤੇ ਸਮੂਹ ਵਰਿਆਮ ਪਰਿਵਾਰ
ਪ੍ਰਧਾਨ, ਨਾਮਧਾਰੀ ਸੰਗਤ ਜਲੰਧਰ ਮੋਬਾਇਲ: 98150-84646

ਆਪਣੇ ਪਿਤਾ ਕਾ. ਚੈਨ ਸਿੰਘ ਚੈਨ ਅਤੇ ਮਾਤਾ ਸੁਸ਼ੀਲਾ ਚੈਨ ਨੂੰ ਸ਼ਰਧਾਂਜਲੀ
ਵੱਲੋਂ: ਸਵਿਤਾ ਅਤੇ ਸਮੂਹ ਪਰਿਵਾਰ

ਕਿੱਤਾ ਪੱਖੀ ਸਿੱਖਿਆ ਤੇ ਰੋਜ਼ਗਾਰ ਹੀ ਪੰਜਾਬ ਨੂੰ ਨਸ਼ਾ ਮੁਕਤ ਕਰ ਸਕਦਾ ਹੈ।
ਡਾ. ਨਵਪ੍ਰੀਤ ਸਿੰਘ,
ਐਮ. ਡੀ.
ਬਾਬਾ ਬਨੂੰਆਣਾ
ਹਸਪਤਾਲ ਨਕੋਦਰ
ਅਤੇ ਸਮੂਹ
ਬਨੂੰਆਣਾ ਪਰਿਵਾਰ
ਫੋਨ : 01821-222399
ਮੋਬਾਇਲ: 98141-73503

ਬਾਬਾ ਗੁਰਬਖ਼ਸ਼ ਸਿੰਘ ਬਨੂੰਆਣਾ

ਗ਼ਦਰੀ ਬਾਬਿਆਂ ਦੇ ਸਾਲਾਨਾ ਮੇਲੇ ਦੀ ਸਫ਼ਲਤਾ ਲਈ ਅਦਾਰਾ 'ਨਵਾਂ ਜ਼ਮਾਨਾ' ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸੰਗਰਾਮੀ ਸ਼ੁਭ ਇੱਛਾਵਾਂ।

RMPI

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ
ਆਰ.ਐਮ.ਪੀ.ਆਈ.

ਜਾਗੋ! ਜਥੇਬੰਦ ਹੋਵੋ!! ਜਮਾਤ ਰਹਿਤ, ਜਾਤ ਰਹਿਤ, ਨਾਰੀ ਮੁਕਤੀ ਵੱਲ ਸੇਧਤ।
ਸਾਂਝੀਵਾਲਤਾ 'ਤੇ ਆਧਾਰਤ ਨਿਆਂ ਸੰਗਤ, ਜਮਹੂਰੀ ਤੇ ਧਰਮ ਨਿਰਪੱਖ
ਸਮਾਜ ਦੀ ਸਥਾਪਨਾ ਲਈ ਸੰਘਰਸ਼ ਕਰੋ!!!

ਕੁਝ ਕਵਿਤਾਵਾਂ

ਬਲਜੀਤ ਬੱਲ

ਮਰ ਰਹੀਆਂ ਨੇ
ਭੁੱਖੇ ਢਿੱਡ ਦੀ ਮਾਰ ਪਈ ਹੈ
ਰੋਟੀ ਬਦਲੇ ਮਰ ਰਹੀਆਂ ਨੇ
ਕੁੱਝ ਕਵਿਤਾਵਾਂ ਮਰ ਰਹੀਆਂ ਨੇ
ਸੀਨੇ ਵਿੱਚ ਮੁਹੱਬਤ ਲੈ ਕੇ
ਚੁੱਪ ਦਾ ਜਿੰਦਰਾ ਮੂੰਹ ਤੇ ਲਾ ਕੇ
ਅੱਖੀਆਂ ਦੇ ਸਮੁੰਦਰ ਬਣ ਕੇ
ਬਰਫ਼ਾਂ ਵਾਂਗੂ ਠਰ ਰਹੀਆਂ ਨੇ
ਕੁੱਝ ਕਵਿਤਾਵਾਂ ਮਰ ਰਹੀਆਂ ਨੇ..
ਕੌਣ ਕਹੇ..
ਹਸਰਤ ਦੀ ਮਹਿੰਦੀ
ਲਾ ਕੇ ਦੂਰ ਖਲੋ ਕੇ ਰੋਂਦੀ..
ਟੁੱਟੀਆਂ ਵੰਗਾਂ ਤਰ ਰਹੀਆਂ ਨੇ
ਕੁੱਝ ਕਵਿਤਾਵਾਂ ਮਰ ਰਹੀਆਂ ਨੇ
ਆਓ ਇੱਕ
ਜੋਤ ਜਗਾਈਏ)
ਇਹ ਕਵਿਤਾਵਾਂ ਮੋੜ ਲੈ ਆਈਏ
ਇੱਕ ਇੱਕ ਗੀਤ ਮੁਹੱਬਤ...
ਕਵਿਤਾਵਾਂ ਦੇ ਗੱਲ ਵਿੱਚ ਪਾਈਏ
ਰੋਜ਼ ਇੱਕ ਸੁੱਚਾ ਗੀਤ ਵੀ ਗਾਈਏ

ਕਿਸ਼ਨ ਕੁਮਾਰ
# 8, ਕੋਟ ਰਾਮਦਾਸ,
ਨੇੜੇ ਰੇਲਵੇ ਬਿਹਾਰ, ਜਲੰਧਰ
98146 48143

ਬੇਗਮਪੁਰਾ ਬੁੱਕ ਸ਼ਾਪ ਨਵਾਂਸ਼ਹਿਰ

98140-78626,
94174-15062

35ਵੇਂ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ
ਗ਼ਦਰੀ ਦੇਸ਼ ਭਗਤਾਂ ਨੂੰ ਸੂਹੀ ਸਲਾਮ!

ਕਾਮਰੇਡ ਪ੍ਰੀਤਮ ਸਿੰਘ ਦਰਦੀ
01.01.1951-09.08.2022
ਆਪਣਾ ਸਮੁੱਚਾ ਜੀਵਨ ਉਸਾਰੂ ਸਾਹਿਤ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਲੋਕ-ਪੱਖੀ ਲਹਿਰਾਂ ਦੇ ਲੇਖੇ ਲਾ ਜਾਣ ਵਾਲੇ
ਸਤਿਕਾਰਯੋਗ ਕਾਮਰੇਡ ਪ੍ਰੀਤਮ ਸਿੰਘ ਦਰਦੀ
ਦੀ ਨਿੱਘੀ ਯਾਦ ਨੂੰ ਸਮਰਪਿਤ!
ਉਨ੍ਹਾਂ ਦੀ ਲੋਕ-ਪੱਖੀ ਸੋਚ ਅਤੇ ਸੰਘਰਸ਼ ਨੂੰ ਸਾਡਾ ਪ੍ਰਣਾਮ।
ਲੈਨਿਨ ਕਿਤਾਬ ਘਰ। ਪ੍ਰੀਤਮ ਪ੍ਰਕਾਸ਼ਨ
ਮਹਿਲ ਕਲਾਂ-148104 (ਬਰਨਾਲਾ)
fb.com/leninkitabghar fb.com/pritamparkashan 93567-29532
ਪੰਜਾਬ ਕਿਤਾਬ ਘਰ
ਮੈਲਬੌਰਨ
ਆਸਟ੍ਰੇਲੀਆ 'ਚ ਪੰਜਾਬੀ ਕਿਤਾਬਾਂ ਦਾ ਸਭ ਤੋਂ ਵੱਡਾ ਭੰਡਾਰ
www.punjabkitabghar.com +61414498719

ਚੇਤਨਾ ਪ੍ਰਕਾਸ਼ਨ
ਦੀਆਂ ਨਵੀਆਂ ਪੁਸਤਕਾਂ

| | |
|---|---|
| ਚਿਹਨ ਵਿਗਿਆਨ ਦਾ ਮੋਢੀ — ਰੋਲਾਂ ਬਾਰਤ — ਤਸਕੀਨ | ਆਈਸਬਰਗ — ਕਹਾਣੀ-ਸੰਗ੍ਰਹਿ — ਆਗਾਜ਼ ਬੀਰ |
| ਛੱਤੀ ਕੋਠੜੀਆਂ ਨੌ ਦਰਵਾਜ਼ੇ — ਨਾਵਲ — ਸ਼ਿਵਚਰਨ ਜੱਗੀ ਕੁੱਸਾ | ਰਿਆਜ਼ — ਕਹਾਣੀ-ਸੰਗ੍ਰਹਿ — ਕਿਰਪਾਲ ਕਜ਼ਾਕ |
| (ਸੀ.ਆਈ.ਡੀ. ਦੇ ਪੱਖ ਤੋਂ) ਗ਼ਦਰ ਸਾਜਿਸ਼ ਦਾ ਬਿਰਤਾਂਤ — ਵਾਰਤਕ — ਸੰਪਾਦਕ ਡਾ. ਵੇਦ ਪ੍ਰਕਾਸ਼ ਵਟੁਕ | ਗਲੇਸ਼ੀਅਰ — ਕਹਾਣੀ-ਸੰਗ੍ਰਹਿ — ਗੁਰਮੀਤ ਕੜਿਆਲਵੀ |
| ਮਰਜੀਵੜੇ — ਨਾਵਲ — ਅਲੈਕਸਾਂਦਰ ਫਾਦੇਯੇਵ, ਅਨੁਵਾਦ: ਕਵਿਤਾ | ਹਿਜਰ ਦਾ ਸੇਕ — ਕਹਾਣੀ-ਸੰਗ੍ਰਹਿ — ਵਿਪਨ ਗਿੱਲ |
| ਇੱਕ ਦਿਨ ਅਚਾਨਕ — ਨਾਵਲ — ਹੈਨ ਕੈਂਗ, ਅਨੁਵਾਦਕ: ਹਰਵੀਰ ਸਿੰਘ | ਪੰਜਾਬ ਵੇ — ਨਾਟਕ — ਕੇਵਲ ਧਾਲੀਵਾਲ |
| ਜੂਠ (ਭਾਗ-2) — ਸ੍ਵੈ-ਜੀਵਨੀ — ਓਮ ਪ੍ਰਕਾਸ਼ ਵਾਲਮੀਕੀ, ਅਨੁਵਾਦ: ਹਰਪ੍ਰੀਤ ਸਿੰਘ | ਮਹਾਂਦੰਡ — ਨਾਟਕ — ਸਵਰਾਜਬੀਰ |
| ਅਣਡਿੱਠਾ ਅਣਸੁਣਿਆ ਜਸਵਿੰਦਰ ਭੱਲਾ — ਸ਼ਬਦ ਚਿਤਰ | ਇਕਾਂਗੀ ਅਤੇ ਲਘੂ ਨਾਟਕ-1 — ਨਾਟਕ — ਪਾਲੀ ਭੁਪਿੰਦਰ ਸਿੰਘ |
| ਗੂੜ੍ਹੇ ਹਸਤਾਖਰ — ਸ਼ਬਦ ਚਿਤਰ — ਲਖਵਿੰਦਰ ਸਿੰਘ ਜੌਹਲ | ਇਕਾਂਗੀ ਅਤੇ ਲਘੂ ਨਾਟਕ-2 — ਨਾਟਕ — ਪਾਲੀ ਭੁਪਿੰਦਰ ਸਿੰਘ |
| ਅਹਿਸਾਸ — ਕਾਵਿ-ਸੰਗ੍ਰਹਿ — ਸਤਨਾਮ ਸਿੰਘ ਮਾਣਕ | ਇਕਾਂਗੀ ਅਤੇ ਲਘੂ ਨਾਟਕ-3 — ਨਾਟਕ — ਪਾਲੀ ਭੁਪਿੰਦਰ ਸਿੰਘ |
| ਸੁਖਨਵਰੀ — ਗ਼ਜ਼ਲ-ਸੰਗ੍ਰਹਿ — ਸੁਖਵਿੰਦਰ ਅੰਮ੍ਰਿਤ | ਇਕਾਂਗੀ ਅਤੇ ਲਘੂ ਨਾਟਕ-4 — ਨਾਟਕ — ਪਾਲੀ ਭੁਪਿੰਦਰ ਸਿੰਘ |
| ਇਕੀਗਾਈ-2 — ਹੈਕਟਰ ਗਾਰਸੀਆ ਅਤੇ ਫ੍ਰਾਂਸੇਸਕ ਮਿਰਾਲੇਸ, ਅਨੁਵਾਦ: ਇੰਦਰ ਪੰਖੋਵਾਲ, ਨੇਹਾ ਨਾਯਾਬ | ਪ੍ਰੇਮ ਕਟੋਰੀ — ਵਾਰਤਕ — ਪਰਮਿੰਦਰ ਸੋਢੀ |

5 ਆਬ
Parkashan, Jalandhar
ਸਮਾਜ ਵਿਗਿਆਨ, ਇਤਿਹਾਸ, ਆਰਥਿਕਤਾ, ਸਾਹਿਤ,
ਸਭਿਆਚਾਰ ਅਤੇ ਭਾਸ਼ਾ ਨੂੰ ਸਮਰਪਿਤ ਸਿਧਾਂਤਕ, ਅਗਾਂਹਵਧੂ ਤੇ
ਵਿਗਿਆਨਕ ਕਿਤਾਬਾਂ ਕਿਫ਼ਾਇਤੀ ਦਰਾਂ 'ਤੇ ਛਾਪਣ ਦਾ ਅਦਾਰਾ
ਸੰਪਰਕ: 98140-87063, 95309-44063 (ਕੇਸਰ)

JIT JASSAR 414 Whitmore way basidon Essex ss142hb. Uk, Mob. +447587 493448

PUNJAB BOOK CENTRE
ਪੰਜਾਬ ਬੁੱਕ ਸੈਂਟਰ
पंजाब बुक सेंटर
House Of Progressive Literature

Publisher, Distributors and Promoters of
- National Book Trust
- Children Book Trust
- Sahitya Academy
- Russian Books

SCO 1126-27, SECTOR 22-B, CHANDIGARH
E-mail: pbcchd@yahoo.co.in, Ph.: 0172-2701952

ਭਗਤ ਸਿੰਘ ਬਿਲਗਾ

ਗ਼ਦਰੀ ਬਾਬਾ
ਭਗਤ ਸਿੰਘ ਬਿਲਗਾ
ਯਾਦਗਾਰ ਕਮੇਟੀ, ਬਿਲਗਾ (ਜਲੰਧਰ)
ਕਾਮਰੇਡ ਕੁਲਬੀਰ ਸਿੰਘ ਸੰਘੇੜਾ (ਪ੍ਰਧਾਨ)
ਪ੍ਰੋ. ਗੋਪਾਲ ਸਿੰਘ ਬੁੱਟਰ (ਮੀਤ ਪ੍ਰਧਾਨ)
ਕਾ. ਪ੍ਰਸ਼ੋਤਮ ਬਿਲਗਾ (ਮੀਡੀਆ ਇੰਚਾਰਜ)

ਮਨਜੀਤ ਕੇਸਰ: 91156-99555

ਸਹਿਯੋਗ ਲਈ ਸਭਨਾਂ ਸਾਥੀਆਂ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਜੀ।

ਕੇਸਰ: 98140-87063


## ਬੈਂਕ ਕਰਮਚਾਰੀਆਂ ਲਈ ਪੰਜ ਦਿਨਾਂ ਦਾ ਕੰਮਕਾਜੀ ਹਫ਼ਤਾ ਲਾਗੂ ਕਰਨ ਦੀ ਮੰਗ

**ਜਲੰਧਰ (ਰਾਜੇਸ਼ ਥਾਪਾ)**- ਸਟੇਟ ਬੈਂਕ ਆਫ਼ ਇੰਡੀਆ ਅਫ਼ਸਰਜ਼ ਐਸੋਸੀਏਸ਼ਨ, ਚੰਡੀਗੜ੍ਹ ਡਿਵੀਜ਼ਨ ਯੂਨਿਟ ਜਲੰਧਰ ਵੱਲੋਂ ਬੈਂਕ ਕਰਮਚਾਰੀਆਂ ਲਈ ਪੰਜ ਦਿਨਾਂ ਦਾ ਕੰਮਕਾਜੀ ਹਫ਼ਤਾ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਰਮੇਸ਼ ਭਗਤ, ਰੀਜਨਲ ਸਕੱਤਰ, ਗੁਰਮੇਲ ਸਿੰਘ, ਸੁਰਜੀਤ ਕੁਮਾਰ, ਦੀਪਕ ਸ਼ਰਮਾ ਅਤੇ ਨਿਤਨ ਅਗਰਵਾਲ ਨੇ ਮੰਗ ਕੀਤੀ ਕਿ ਮਹੀਨੇ ਦੇ ਦੂਜੇ ਅਤੇ ਚੌਥੇ ਸ਼ਨੀਵਾਰ ਦੀ ਤਰ੍ਹਾਂ ਬਾਕੀ ਸਾਰੇ ਸ਼ਨੀਵਾਰਾਂ ਨੂੰ ਵੀ ਬੈਂਕ ਛੁੱਟੀ ਐਲਾਨਿਆ ਜਾਵੇ ਅਤੇ ਪੰਜ ਦਿਨਾਂ ਦਾ ਬੈਂਕਿੰਗ ਹਫ਼ਤਾ ਜਲਦ ਲਾਗੂ ਕੀਤਾ ਜਾਵੇ। ਐਸੋਸੀਏਸ਼ਨ ਨੇ ਦੱਸਿਆ ਕਿ ਇੰਡੀਅਨ ਬੈਂਕਸ ਐਸੋਸੀਏਸ਼ਨ (921) ਵੱਲੋਂ 12 ਜੁਲਾਈ 2023 ਨੂੰ ਇਸ ਸਬੰਧੀ ਪ੍ਰਸਤਾਵ ਦਿੱਤਾ ਜਾ ਚੁੱਕਾ ਹੈ ਅਤੇ 8 ਮਾਰਚ 2024 ਦੇ ਸਮਝੌਤੇ ਵਿੱਚ ਵੀ ਇਸ ਦੀ ਸਿਫ਼ਾਰਸ਼ ਦਰਜ ਹੈ। ਇਸ ਤੋਂ ਇਲਾਵਾ, ਇਸ ਮਾਮਲੇ 'ਤੇ ਵਿਚਾਰ ਕਰਨ ਲਈ ਇੰਡੀਅਨ ਬੈਂਕ ਐਸੋਸੀਏਸ਼ਨ ਅਤੇ ਬੈਂਕ ਯੂਨੀਅਨਾਂ ਦੀ ਉੱਚ ਪੱਧਰੀ ਕਮੇਟੀ ਵੀ ਬਣਾਈ ਗਈ ਹੈ, ਪਰ ਅਜੇ ਤੱਕ ਅੰਤਿਮ ਫੈਸਲਾ ਨਹੀਂ ਹੋਇਆ। ਆਗੂਆਂ ਨੇ ਕਿਹਾ ਕਿ ਬੈਂਕ ਕਰਮਚਾਰੀਆਂ ਉੱਤੇ ਕੰਮ ਦਾ ਦਬਾਅ ਲਗਾਤਾਰ ਵਧ ਰਿਹਾ ਹੈ। ਪੰਜ ਦਿਨਾਂ ਦਾ ਹਫ਼ਤਾ ਲਾਗੂ ਹੋਣ ਨਾਲ ਕਰਮਚਾਰੀਆਂ ਦੀ ਸਿਹਤ, ਪਰਿਵਾਰਕ ਜੀਵਨ ਅਤੇ ਕੰਮ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਹੋਵੇਗਾ। ਇਸ ਲਈ ਕੰਮਕਾਜੀ ਦਿਨਾਂ ਵਿੱਚ ਲੋੜ ਅਨੁਸਾਰ ਸਮਾਂ ਵਧਾ ਕੇ ਕੁੱਲ ਕੰਮਕਾਜੀ ਘੰਟੇ ਬਰਕਰਾਰ ਰੱਖੇ ਜਾ ਸਕਦੇ ਹਨ ਅਤੇ ਯੂ ਪੀ ਆਈ, ਏ ਟੀ ਐਮ ਤੇ ਆਨਲਾਈਨ ਬੈਂਕਿੰਗ ਸੇਵਾਵਾਂ ਪਹਿਲਾਂ ਵਾਂਗ ਜਾਰੀ ਰਹਿਣਗੀਆਂ।

## ਸਾਬਕਾ ਸੈਨਿਕ ਰੈਲੀ ਭਲਕੇ

**ਜਲੰਧਰ (ਇਕਬਾਲ ਸਿੰਘ ਉਭੀ)**- ਭਾਰਤੀ ਫੌਜ ਵੱਲੋਂ ਆਪਣੇ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਲਈ ਪੱਛਮੀ ਕਮਾਂਡ ਦੀ ਸਰਪ੍ਰਸਤੀ ਹੇਠ ਵਜ੍ਰ ਕੋਰ ਵੱਲੋਂ 1 ਨਵੰਬਰ ਨੂੰ ਢੋਲੇਵਾਲ ਮਿਲਟਰੀ ਕੰਪਲੈਕਸ, ਲੁਧਿਆਣਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਪੰਜਾਬ ਰਾਜ ਪੱਧਰੀ ਸਾਬਕਾ ਸੈਨਿਕ ਰੈਲੀ 2026 ਕੀਤੀ ਜਾਵੇਗੀ। ਇਸ ਦਾ ਮੁੱਖ ਉਦੇਸ਼ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਦੇਸ਼ ਪ੍ਰਤੀ ਅਮੁੱਲ ਸੇਵਾ ਅਤੇ ਕੁਰਬਾਨੀਆਂ ਦਾ ਸਨਮਾਨ ਕਰਨਾ ਹੈ। ਇਹ ਰੈਲੀ ਭਾਰਤੀ ਫੌਜ ਅਤੇ ਇਸ ਦੇ ਸਾਬਕਾ ਸੈਨਿਕਾਂ ਵਿਚਕਾਰ ਜੀਵਨ ਭਰ ਬਣੇ ਰਹਿਣ ਵਾਲੇ ਅਟੁੱਟ ਰਿਸ਼ਤੇ ਦਾ ਪ੍ਰਤੀਕ ਹੈ। ਫੌਜ, ਕੇਂਦਰ ਅਤੇ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਨਾਗਰਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਇੱਕ ਸਾਂਝੇ ਮੰਚ 'ਤੇ ਲਿਆ ਕੇ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀਆਂ ਸਮੱਸਿਆਵਾਂ ਦੇ ਪ੍ਰਭਾਵਸ਼ਾਲੀ ਹੱਲ ਅਤੇ ਲੋੜੀਂਦੀਆਂ ਸਹੂਲਤਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਸੁਖਾਲਾ ਬਣਾਉਣ ਦਾ ਯਤਨ ਕੀਤਾ ਜਾਵੇਗਾ। ਇਸ ਮੌਕੇ ਸ਼ਿਵਿਰ ਕੈਂਪ ਵਿੱਚ ਵੱਖ-ਵੱਖ ਰਿਕਾਰਡ ਦਫ਼ਤਰਾਂ, ਜ਼ਿਲ੍ਹਾ ਸੈਨਿਕ ਬੋਰਡਾਂ ਅਤੇ ਆਰਮੀ ਵੈਲਫੇਅਰ ਪਲੇਸਮੈਂਟ ਆਰਗੇਨਾਈਜ਼ੇਸ਼ਨ ਦੇ ਨੁਮਾਇੰਦੇ ਮੌਜੂਦ ਰਹਿਣਗੇ। ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੇਵਾ ਨਾਲ ਸਬੰਧਤ ਦਸਤਾਵੇਜ਼ਾਂ, ਭਲਾਈ ਸਕੀਮਾਂ, ਹੱਕਦਾਰੀ ਅਤੇ ਹੋਰ ਪ੍ਰਸ਼ਾਸਨਿਕ ਮਾਮਲਿਆਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਰੈਲੀ ਵਿੱਚ ਸੱਭਿਆਚਾਰਕ ਪ੍ਰੋਗਰਾਮ, ਲੱਕੀ ਡਰਾਅ ਅਤੇ ਖਾਣੇ ਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

## ਨਸ਼ਾ ਮੁਕਤ ਸਮਾਜ ਦੀ ਸਿਰਜਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ : ਪ੍ਰੋ. (ਡਾ) ਨਵਜੋਤ ਕੌਰ

**ਜਲੰਧਰ (ਨ ਜ਼ ਸ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਲਾਡੋਵਾਲੀ ਰੋਡ ਵਿਖੇ ਐਨ ਐਸ ਐਸ ਯੂਨਿਟ ਵੱਲੋਂ ਨਸ਼ਿਆਂ ਖਿਲਾਫ ਜਾਗਰੂਕਤਾ ਪੈਦਾ ਕਰਨ ਇਸ ਵਿਦਿਆਰਥੀਆਂ ਵਿੱਚ ਆਪਣੀ ਸੰਸਥਾ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਦੇ ਨਾਲ-ਨਾਲ ਸਵੱਛਤਾ, ਸੇਵਾ, ਸਹਿਯੋਗ ਅਤੇ ਸਮਾਜਿਕ ਜਾਗਰੂਕਤਾ ਦੇ ਉਦੇਸ਼ ਨਾਲ 'ਵਨ ਡੇਅ ਕੈਂਪ-ਵਨ ਡੇਅ ਫਾਰ ਮਾਈ ਕਾਲਜ' ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਤੇ ਰੈਲੀ ਦੀ ਅਗਵਾਈ ਕਰਦਿਆਂ ਕਾਲਜ ਦੇ ਓ ਐੱਸ ਡੀ ਪ੍ਰੋ. (ਡਾ) ਨਵਜੋਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਵਿੱਚ ਨਸ਼ਿਆਂ ਦੀ ਵਧ ਰਹੀ ਸਮੱਸਿਆ ਨਾਲ ਨਜਿੱਠਣ ਲਈ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਇਸ ਦਿਸ਼ਾ ਵਿੱਚ ਵਿਦਿਅਕ ਸੰਸਥਾਵਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਨਸ਼ਾ ਮੁਕਤ ਸਮਾਜ ਦੀ ਸਿਰਜਣਾ ਸਿਰਫ਼ ਸਰਕਾਰ ਜਾਂ ਕਿਸੇ ਇੱਕ ਸੰਸਥਾ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਅਤੇ ਖ਼ਾਸ ਕਰਕੇ ਨੌਜਵਾਨਾਂ ਨੂੰ ਇਸ ਮੁਹਿੰਮ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਦੀ ਜ਼ਿੰਦਗੀ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਸਗੋਂ ਇਸ ਦਾ ਅਸਰ ਪੂਰੇ ਪਰਿਵਾਰ ਅਤੇ ਸਮਾਜ 'ਤੇ ਪੈਂਦਾ ਹੈ। ਇਸ ਲਈ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਖੇਡਾਂ, ਸਿੱਖਿਆ, ਸੱਭਿਆਚਾਰਕ ਅਤੇ ਉਸਾਰੂ ਗਤੀਵਿਧੀਆਂ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ। ਓ ਐੱਸ ਡੀ ਪ੍ਰੋ. (ਡਾ.) ਨਵਜੋਤ ਕੌਰ ਅਤੇ ਐਨ ਐਸ ਐਸ ਇੰਚਾਰਜ ਡਾ. ਲਖਵੀਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਇਸ ਰੈਲੀ ਦੌਰਾਨ ਵਿਦਿਆਰਥੀਆਂ ਨੇ ਨਸ਼ਿਆਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸਿਹਤਮੰਦ ਜੀਵਨਸ਼ੈਲੀ ਅਪਣਾਉਣ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਉਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਕਾਲਜ ਵਿਖੇ 'ਵਨ ਡੇਅ ਕੈਂਪ - ਵਨ ਡੇਅ ਫਾਰ ਮਾਈ ਕਾਲਜ' ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਕੈਂਪ ਦਾ ਉਦੇਸ਼ ਵਿਦਿਆਰਥੀਆਂ ਵਿੱਚ ਆਪਣੀ ਸੰਸਥਾ ਪ੍ਰਤੀ ਮੋਹ, ਜ਼ਿੰਮੇਵਾਰੀ ਅਤੇ ਸੇਵਾ ਭਾਵਨਾ ਪੈਦਾ ਕਰਨਾ ਸੀ।ਪ੍ਰੋ. (ਡਾ.) ਨਵਜੋਤ ਕੌਰ ਨੇ ਕੈਂਪ ਸਬੰਧੀ ਕਿਹਾ ਕਿ ਕਾਲਜ ਸਿਰਫ਼ ਸਿੱਖਿਆ ਪ੍ਰਾਪਤ ਕਰਨ ਦਾ ਸਥਾਨ ਨਹੀਂ, ਸਗੋਂ ਵਿਦਿਆਰਥੀਆਂ ਦਾ ਆਪਣਾ ਪਰਵਾਰ ਹੈ। ਇਸ ਲਈ ਹਰ ਵਿਦਿਆਰਥੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਸੰਸਥਾ ਦੀ ਸਾਂਭ-ਸੰਭਾਲ ਅਤੇ ਬਿਹਤਰੀ ਲਈ ਆਪਣਾ ਯੋਗਦਾਨ ਪਾਵੇ।

## ਕਵੀ ਦਰਬਾਰ ਦੌਰਾਨ ਸੁਰਜੀਤ ਸੁਮਨ ਦਾ ਰੂ-ਬ-ਰੂ ਭਲਕੇ

**ਚੰਡੀਗੜ੍ਹ (ਗੁਰਜੀਤ ਬਿੱਲਾ)** ਸਾਹਿਤ ਵਿਗਿਆਨ ਕੇਂਦਰ, ਚੰਡੀਗੜ੍ਹ ਵੱਲੋਂ ਪੰਜਾਬ ਦਿਵਸ ਮੌਕੇ 1 ਨਵੰਬਰ ਨੂੰ ਸਵੇਰੇ 10.00 ਵਜੇ ਰੋਟਰੀ ਕਲੱਬ, ਮੋਹਾਲੀ ਵਿਖੇ ਕਵੀ ਦਰਬਾਰ ਦੌਰਾਨ ਗੀਤਕਾਰ, ਕਵੀ ਤੇ ਕਾਲਮ ਨਵੀਸ ਸੁਰਜੀਤ ਸੁਮਨ ਦਾ ਰੂ-ਬ-ਰੂ ਸਮਾਗਮ ਕਰਵਾਇਆ ਜਾ ਰਿਹਾ ਹੈ।

## ਪ੍ਰਾਈਵੇਟ ਕੰਪਨੀ ਦੀ ਅਣਗਹਿਲੀ ਕਾਰਨ 253 ਅਧਿਆਪਕਾਂ ਨੂੰ ਨੌਕਰੀ ਤੋਂ ਹੱਥ ਧੋਣੇ ਪੈ ਰਹੇ

**ਗੁਰਾਇਆ (ਬਿੰਦਰ ਸੁਮਨ)**- ਇੱਕ ਪ੍ਰਾਈਵੇਟ ਕੰਪਨੀ ਦੀ ਅਣਗਹਿਲੀ ਕਾਰਨ 253 ਅਧਿਆਪਕਾਂ ਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪੈ ਰਹੇ ਹਨ। ਸਰਕਾਰ ਦੀ ਇਸ ਮਸਲੇ ਪ੍ਰਤੀ ਬੇਰੁਖੀ ਅਤੇ ਰੁਜ਼ਗਾਰ ਖੋਹਣ ਦੀ ਨੀਤੀ ਦੀ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ ਅਤੇ ਜ਼ਿਲ੍ਹਾ ਸਕੱਤਰ ਅਵਤਾਰ ਲਾਲ ਮਹਿਸਮਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਈਲੈਂਟ ਨਾਂਅ ਦੀ ਇੱਕ ਪ੍ਰਾਈਵੇਟ ਕੰਪਨੀ ਨੇ ਇਨ੍ਹਾਂ ਅਧਿਆਪਕਾਂ ਦੀ ਭਰਤੀ ਸਮੇਂ ਦਾ ਟੈਸਟ ਲਿਆ ਸੀ ਜਿਸ ਵਿੱਚ 83 ਪ੍ਰਸ਼ਨਾਂ ਦੇ ਉੱਤਰ ਗ਼ਲਤ ਪਾਏ ਗਏ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਵਿਸ਼ਾ ਮਾਹਿਰਾਂ ਦੁਆਰਾ ਸੋਧੀ ਗਈ ਨਵੀਂ ਉੱਤਰ ਪੱਤਰੀ ਨੂੰ ਅਧਾਰ ਮੰਨ ਕੇ ਇਨ੍ਹਾਂ ਅਧਿਆਪਕਾਂ ਨੂੰ ਰੁਜ਼ਗਾਰ ਮਿਲਿਆ। ਪ੍ਰੰਤੂ ਹੁਣ ਦੁਬਾਰਾ ਪੁਰਾਣੀ ਉੱਤਰ ਪੱਤਰੀ ਨੂੰ ਅਧਾਰ ਮੰਨ ਕੇ ਸਰਕਾਰ ਨੇ ਇਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਹਨ ਜਿਸ ਕਰਕੇ ਇਨ੍ਹਾਂ ਅਧਿਆਪਕਾਂ ਦੇ ਭਵਿੱਖ ਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ। ਜੱਥੇਬੰਦੀ ਦੇ ਜ਼ਿਲ੍ਹਾ ਆਗੂਆਂ ਅੰਮ੍ਰਿਤਪਾਲ ਸਿੰਘ, ਨਰਿੰਦਰ ਪਾਲ, ਗੌਰਵ ਕੁਮਾਰ, ਰਾਜਵਿੰਦਰਪਾਲ ਸਿੰਘ ਆਦਿ ਨੇ ਇਨ੍ਹਾਂ ਅਧਿਆਪਕਾਂ ਦੇ ਰੁਜ਼ਗਾਰ ਖਤਮ ਕਰਮ ਦੀ ਤਿੱਖੀ ਅਲੋਚਨਾ ਕਰਦਿਆਂ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਾਪਿਸ ਲੈਣ ਦੀ ਮੰਗ ਕੀਤੀ।

## ਵਿਜੀਲੈਂਸ ਜਾਗਰੂਕਤਾ ਸਪਤਾਹ ਤਹਿਤ ਸੈਮੀਨਾਰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਕੇਂਦਰੀ ਵਿਜੀਲੈਂਸ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਭਾਖੜਾ ਬਿਆਸ ਪ੍ਰਬੰਧ ਬੋਰਡ (ਬੀ ਬੀ ਐੱਮ ਬੀ) ਤਲਵਾੜਾ ਵੱਲੋਂ ਮੁੱਖ ਇੰਜਨੀਅਰ ਰਾਕੇਸ਼ ਗੁਪਤਾ ਦੇ ਮਾਰਗਦਰਸ਼ਨ ਹੇਠ ਵਿਜੀਲੈਂਸ ਜਾਗਰੂਕਤਾ ਸਪਤਾਹ ਦੇ ਤਹਿਤ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਉਪ ਮੁੱਖ ਇੰਜਨੀਅਰ ਮਨਵੀਨ ਚੌਧਰੀ ਪਹੁੰਚੇ। ਇਸ ਮੌਕੇ ਆਪਣੇ ਸੰਬੋਧਨ ਵਿੱਚ ਉਪ ਮੁੱਖ ਇੰਜਨੀਅਰ ਮਨਵੀਨ ਚੌਧਰੀ ਨੇ ਚੌਕਸੀ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਦੋਂ ਅਸੀਂ ਸਾਰੇ ਚੌਕਸ ਨਾਗਰਿਕ ਵਜੋਂ ਆਪਣੀ ਭੂਮਿਕਾ ਨਿਭਾਉਂਦੇ ਹਾਂ ਤਾਂ ਇੱਕ ਆਦਰਸ਼ ਸਮਾਜ ਬਣਦਾ ਹੈ। ਉਹਨਾਂ ਨੇ ਕਿਹਾ ਕਿ ਬੀਬੀਐਮਬੀ ਵੱਲੋਂ ਸਮੇਂ ਸਮੇਂ ਤੇ ਇਸ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ ਤਾਂ ਜੋ ਜਾਗਰੂਕਤਾ ਵਿੱਚ ਵਾਧਾ ਕੀਤਾ ਜਾ ਸਕੇ। ਇਸ ਮੌਕੇ ਉਪ ਮੁੱਖ ਇੰਜੀਨੀਅਰ ਪ੍ਰਬੋਧ ਕੁਮਾਰ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਵਧੀਕ ਨਿਗਰਾਨ ਇੰਜੀਨੀਅਰ ਵਿਨੇ ਕੁਮਾਰ ਨੇ ਇਸ ਮੌਕੇ ਦੈਨਿਕ ਜੀਵਨ ਵਿੱਚ ਨਿਯਮਾਂ ਅਤੇ ਕਾਨੂੰਨਾਂ ਦੀ ਜਾਣਕਾਰੀ ਹੋਣ ਦੇ ਮਹੱਤਵ ਦੀ ਗੱਲ ਕਰਨ ਦੇ ਨਾਲ ਨਾਲ ਸਟਾਫ ਨੂੰ ਈ ਆਫਿਸ ਦੀ ਵਰਤੋ ਕਰਨ ਲਈ ਵੀ ਉਤਸ਼ਾਹਿਤ ਕੀਤਾ।

ਉਹਨਾਂ ਨੇ ਕਿਹਾ ਕਿ ਈ ਆਫਿਸ ਦੀ ਵਰਤੋਂ ਨਾਲ ਦਫਤਰੀ ਕੰਮਕਾਜ ਵਿੱਚ ਪਾਰਦਰਸ਼ਤਾ ਵਧਦੀ ਹੈ। ਕਾਰਜਕਾਰੀ ਇੰਜੀਨੀਅਰ ਗੌਰਵ ਲਾਂਬਾ ਨੇ ਵਿਸਲ ਬਲੋਅਰ ਸੁਰੱਖਿਆ ਕਾਨੂੰਨ ਸਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਕੇਂਦਰੀ ਵਿਜੀਲੈਂਸ ਕਮਿਸ਼ਨ ਦੇ ਬਾਰੇ ਵੀ ਜਾਣਕਾਰੀ ਦਿੱਤੀ।ਇੰਸਪੈਕਟਰ ਲਿਆਕਤ ਅਲੀ ਨੇ ਭ੍ਰਿਸ਼ਟਾਚਾਰ ਨਿਵਾਰਕ ਕਾਨੂੰਨ ਦੇ ਬਾਰੇ ਵਿੱਚ ਜਾਣਕਾਰੀ ਦਿੱਤੀ ਅਤੇ ਵੱਖ ਵੱਖ ਕਾਨੂੰਨੀ ਪਹਿਲੂਆਂ ਤੋਂ ਹਾਜ਼ਰੀਨ ਨੂੰ ਜਾਣੂ ਕਰਵਾਇਆ। ਪ੍ਰਿੰਸੀਪਲ ਰੋਹਿਤ ਸਲਾਰੀਆ ਨੇ ਸਮਾਜਿਕ ਜਾਗਰੂਕਤਾ ਦੇ ਮਹੱਤਵ ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਦ ਅਸੀਂ ਸਾਰੇ ਚੌਕਸ ਹੋਵਾਂਗੇ ਅਤੇ ਆਪਣੀ ਭੂਮਿਕਾ ਜਿੰਮੇਵਾਰੀ ਨਾਲ ਨਿਭਾਵਾਂਗੇ ਤਾਂ ਅਸੀਂ ਇੱਕ ਭ੍ਰਿਸ਼ਟਾਚਾਰ ਮੁਕਤ ਸਮਾਜ ਸਿਰਜ ਸਕਦੇ ਹਾਂ। ਸ਼ਿਵ ਕੁਮਾਰ ਨੇ ਬੋਲਦਿਆਂ ਦਫਤਰੀ ਕੰਮ ਕਾਜ ਅਤੇ ਰੋਜ਼ਾਨਾ ਦੇ ਜੀਵਨ ਵਿੱਚ ਨੈਤਿਕ ਕਦਰਾਂ ਕੀਮਤਾਂ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਐਸ ਡੀ ਓ ਧਰਮਿੰਦਰ ਸਿੰਘ ਨੇ ਕੀਤਾ ਜਦੋਂ ਕਿ ਐੱਸ ਡੀ ਓ ਆਸੂਤੋਸ਼ ਵੱਲੋਂ ਇੱਕ ਵੀਡੀਓ ਪ੍ਰਜ਼ੈਂਟੇਸ਼ਨ ਵੀ ਪੇਸ਼ ਕੀਤੀ ਗਈ।

## ਫ਼ਸਲ ਦੀ ਸੁਰੱਖਿਆ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣ : ਪੀਯੂਸ਼

**ਫਿਲੌਰ (ਨਿਰਮਲ)**- ਬਲਾਕ ਯੂਥ ਕਾਂਗਰਸ ਫਿਲੌਰ ਦੇ ਵਾਈਸ ਪ੍ਰਧਾਨ ਪੀਯੂਸ਼ ਨੇ ਕਿਹਾ ਕਿ ਮੌਸਮ ਵਿੱਚ ਬਦਲਾਅ ਅਤੇ ਮੀਂਹ ਦੀ ਸੰਭਾਵਨਾ ਨੂੰ ਦੇਖਦਿਆਂ ਕਿਸਾਨਾਂ ਦੀ ਫ਼ਸਲ ਦੀ ਸੁਰੱਖਿਆ ਲਈ ਢੁਕਵੇਂ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਪਏ ਝੋਨੇ ਨੂੰ ਮੀਂਹ ਤੋਂ ਬਚਾਉਣ, ਫ਼ਸਲ ਦੀ ਖਰੀਦ ਅਤੇ ਚੁਕਾਈ ਨੂੰ ਸੁਚਾਰੂ ਬਣਾਉਣ ਲਈ ਸਬੰਧਤ ਵਿਭਾਗਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਪੀਯੂਸ਼ ਨੇ ਕਿਹਾ ਕਿ ਕਿਸਾਨ ਦਿਨ-ਰਾਤ ਮਿਹਨਤ ਕਰਕੇ ਦੇਸ਼ ਦੇ ਅੰਨ ਭੰਡਾਰ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਕਿਸਾਨਾਂ ਦੀ ਮਿਹਨਤ ਨਾਲ ਹੀ ਲੋਕਾਂ ਤੱਕ ਅਨਾਜ ਪਹੁੰਚਦਾ ਹੈ, ਇਸ ਲਈ ਉਨ੍ਹਾਂ ਦੀ ਫ਼ਸਲ ਦੀ ਸੁਰੱਖਿਆ ਅਤੇ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਬਹੁਤ ਜ਼ਰੂਰੀ ਹੈ। ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਸਮੇਂ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਮੀਂਹ ਕਾਰਨ ਫ਼ਸਲ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੋਵੇ, ਤਾਂ ਫ਼ਸਲ ਨੂੰ ਸੁਰੱਖਿਅਤ ਰੱਖਣ ਲਈ ਪਹਿਲਾਂ ਤੋਂ ਹੀ ਲੋੜੀਂਦੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਮੰਡੀਆਂ ਵਿੱਚ ਝੋਨੇ ਦੀ ਸੰਭਾਲ, ਸਮੇਂ ਸਿਰ ਖਰੀਦ ਅਤੇ ਚੁਕਾਈ ਨੂੰ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ। ਪੀਯੂਸ਼ ਨੇ ਕਿਹਾ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਉਨ੍ਹਾਂ ਦਾ ਸਮੇਂ ਸਿਰ ਹੱਲ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਕਿਸਾਨਾਂ ਨੂੰ ਆਪਣੀ ਮਿਹਨਤ ਦਾ ਸਹੀ ਮੁੱਲ ਮਿਲ ਸਕੇ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਆਰਥਿਕ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਜਨਮ ਦਿਨ ਮੁਬਾਰਕ

ਸਿਯਾਰਾ ਅਰੋੜਾ
ਅੰਮ੍ਰਿਤਸਰ


## ਖੋ-ਖੋ ਦੀਆਂ ਟੀਮਾਂ ਜੂਨੀਅਰ ਸਟੇਟ ਚੈਂਪੀਅਨਸ਼ਿਪ ਲਈ ਰਵਾਨਾ

**ਆਦਮਪੁਰ (ਪਰਮਜੀਤ ਸਿੰਘ)**- ਜੂਨੀਅਰ ਸਟੇਟ ਖੋ-ਖੋ ਚੈਂਪੀਅਨਸ਼ਿਪ ਲੜਕੇ ਤੇ ਲੜਕੀਆਂ ਦੇ ਮੁਕਾਬਲੇ 31 ਅਕਤੂਬਰ ਤੇ 1 ਨਵੰਬਰ ਤੱਕ ਸ੍ਰੀ ਗੁਰੂ ਹਰ ਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਜਿਲਾ ਅੰਮ੍ਰਿਤਸਰ ਵਿਖੇ ਪੰਜਾਬ ਖੋ-ਖੋ ਐਸੋਸੀਏਸ਼ਨ ਦੀ ਨਿਗਰਾਨੀ ਹੇਠ ਕਰਵਾਏ ਜਾ ਰਹੇ ਹਨ। ਇਸ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਜ਼ਿਲ੍ਹਾ ਜਲੰਧਰ ਦੀਆਂ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਜਲੰਧਰ ਤੋਂ ਰਵਾਨਾ ਹੋ ਗਈਆਂ ਹਨ। ਟੀਮਾਂ ਨੂੰ ਰਵਾਨਾ ਕਰਦੇ ਹੋਏ ਹਰਬਿੰਦਰ ਪਾਲ ਜਨਰਲ ਸਕੱਤਰ ਜਲੰਧਰ ਜ਼ਿਲ੍ਹਾ ਖੋ- ਖੋ ਐਸੋਸੀਏਸ਼ਨ, ਸੌਰਵ ਰਾਜ ਸਿੰਘ ਉਪ ਪ੍ਰਧਾਨ, ਨਵੀਨ ਸੋਰੀ ਖਜਾਨਚੀ, ਗੁਰਚਰਨ ਸਿੰਘ ਹਲਕਾ ਕੋਆਰਡੀਨੇਟਰ ਐਜੂਕੇਸ਼ਨ ਵਿੰਗ ਆਦਮਪੁਰ, ਅਸ਼ਵਨੀ ਕੁਮਾਰ ਅਤੇ ਨਿਰਮਲ ਸੈਣੀ ਵੱਲੋਂ ਟੀਮਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਆਦੋਆਣਾ ਬਣੇ 'ਗੁੱਜਰ ਮਹਾਸਭਾ ਭਾਰਤ' ਦੇ ਰਾਸ਼ਟਰੀ ਪ੍ਰਧਾਨ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ, ਰਾਮ ਲਾਲ)**- ਇਲਾਕੇ ਦੇ ਉੱਘੇ ਨੌਜਵਾਨ ਆਗੂ ਅਤੇ ਸਮਾਜ ਸੇਵੀ ਚੌਧਰੀ ਰਾਹੁਲ ਆਦੋਆਣਾ ਨੇ 'ਗੁੱਜਰ ਮਹਾਸਭਾ ਭਾਰਤ' ਦੇ ਰਾਸ਼ਟਰੀ ਪ੍ਰਧਾਨ ਬਣ ਕੇ ਪੂਰੇ ਬਲਾਚੌਰ ਹਲਕੇ ਦਾ ਨਾਂਅ ਰਾਸ਼ਟਰੀ ਪੱਧਰ 'ਤੇ ਰੋਸ਼ਨ ਕੀਤਾ ਹੈ। ਉਨ੍ਹਾਂ ਦੀ ਇਸ ਵੱਕਾਰੀ ਨਿਯੁਕਤੀ ਨਾਲ ਪੂਰੇ ਇਲਾਕੇ ਵਿੱਚ ਖੁਸ਼ੀ ਅਤੇ ਉਤਸ਼ਾਹ ਦੀ ਲਹਿਰ ਦੌੜ ਗਈ ਹੈ। ਇਸ ਖਾਸ ਮੌਕੇ 'ਤੇ ਸੀਨੀਅਰ ਭਾਜਪਾ ਆਗੂ ਚੌਧਰੀ ਵਿਜੇ ਭਾਟੀਆ ਨੇ ਵਿਸ਼ੇਸ਼ ਤੌਰ 'ਤੇ ਚੌਧਰੀ ਰਾਹੁਲ ਆਦੋਆਣਾ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਧਰੀ ਵਿਜੇ ਭਾਟੀਆ ਨੇ ਪੂਰੇ ਵਿਸ਼ਵਾਸ ਨਾਲ ਕਿਹਾ, 'ਰਾਹੁਲ ਆਦੋਆਣਾ ਨੂੰ ਰਾਸ਼ਟਰੀ ਪੱਧਰ 'ਤੇ ਮਿਲੀ ਇਹ ਵੱਡੀ ਜ਼ਿੰਮੇਵਾਰੀ ਬਲਾਚੌਰ ਹਲਕੇ ਦੇ ਹਰ ਨਿਵਾਸੀ ਲਈ ਬਹੁਤ ਮਾਣ ਵਾਲੀ ਗੱਲ ਹੈ। ਇਹ ਕੋਈ ਇਤਫ਼ਾਕ ਨਹੀਂ, ਸਗੋਂ ਰਾਹੁਲ ਆਦੋਆਣਾ ਦੀ ਦਿਨ-ਰਾਤ ਦੀ ਅਣਥੱਕ ਮਿਹਨਤ, ਸਮਾਜ ਪ੍ਰਤੀ ਨਿਸ਼ਕਾਮ ਸੇਵਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੇ ਯਤਨਾਂ ਦਾ ਹੀ ਸੱਚਾ ਫਲ ਹੈ।' ਨਵ-ਨਿਯੁਕਤ ਰਾਸ਼ਟਰੀ ਪ੍ਰਧਾਨ ਚੌਧਰੀ ਰਾਹੁਲ ਆਦੋਆਣਾ ਨੇ ਵਿਜੇ ਭਾਟੀਆ ਅਤੇ ਉਨ੍ਹਾਂ ਨਾਲ ਆਏ ਸਮੂਹ ਆਗੂਆਂ ਦਾ ਧੰਨਵਾਦ ਕਰਦਿਆਂ ਪੂਰੇ ਵਿਸ਼ਵਾਸ ਨਾਲ ਆਖਿਆ ਕਿ ਉਹ 'ਗੁੱਜਰ ਮਹਾਸਭਾ ਭਾਰਤ' ਵੱਲੋਂ ਬਖਸ਼ੇ ਗਏ ਇਸ ਮਾਣ ਅਤੇ ਭਰੋਸੇ 'ਤੇ ਪੂਰਾ ਉਤਰਨਗੇ।

## ਅੰਬੇਡਕਰ ਆਰਮੀ ਨੇ ਬੀ ਡੀ ਪੀ ਓ ਦਾ ਫੂਕਿਆ ਪੁਤਲਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ (ਬੀ ਡੀ ਪੀ ਓ) ਸੁਲਤਾਨਪੁਰ ਲੋਧੀ ਖ਼ਿਲਾਫ਼ ਡਾ. ਬੀ.ਆਰ. ਅੰਬੇਡਕਰ ਆਰਮੀ ਵੈਲਫੇਅਰ ਸੁਸਾਇਟੀ ਦਾ ਗੁੱਸਾ ਉਸ ਸਮੇਂ ਫੁੱਟ ਪਿਆ, ਜਦੋਂ ਸੰਗਠਨ ਦੇ ਆਗੂਆਂ ਅਤੇ ਵਰਕਰਾਂ ਨੇ ਬੀ ਡੀ ਪੀ ਓ ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ ਅਧਿਕਾਰੀ ਦਾ ਪੁਤਲਾ ਫੂਕਿਆ। ਪ੍ਰਦਰਸ਼ਨਕਾਰੀਆਂ ਨੇ ਬੀਡੀਪੀਓ 'ਤੇ ਸੰਗਠਨ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਜੱਬੋਵਾਲ ਨਾਲ ਕਥਿਤ ਤੌਰ 'ਤੇ ਮਾੜਾ ਵਤੀਰਾ ਕਰਨ, ਭੱਦੀ ਸ਼ਬਦਾਵਲੀ ਵਰਤਣ ਅਤੇ ਜਾਤੀ ਸੂਚਕ ਸ਼ਬਦ ਬੋਲਣ ਦੇ ਗੰਭੀਰ ਦੋਸ਼ ਲਗਾਏ। ਸੰਗਠਨ ਦੇ ਆਗੂਆਂ ਨੇ ਦੱਸਿਆ ਕਿ ਪਰਮਜੀਤ ਸਿੰਘ ਜੱਬੋਵਾਲ ਆਪਣੇ ਕੁਝ ਸਾਥੀਆਂ ਸਮੇਤ ਕਿਸੇ ਪੰਚਾਇਤ ਦੇ ਮਾਮਲੇ ਸਬੰਧੀ ਬੀ ਡੀ ਪੀ ਓ ਦਫ਼ਤਰ ਪਹੁੰਚੇ ਹੋਏ ਸਨ। ਇਸ ਦੌਰਾਨ ਬੀ ਡੀ ਪੀ ਓ ਵੱਲੋਂ ਉਨ੍ਹਾਂ ਨਾਲ ਕਥਿਤ ਤੌਰ 'ਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਅਤੇ ਜਾਤੀ ਸੂਚਕ ਸ਼ਬਦ ਵੀ ਬੋਲੇ ਗਏ। ਇਸ ਮੌਕੇ ਪਰਮਜੀਤ ਸਿੰਘ ਜੱਬੋਵਾਲ, ਸੀਨੀਅਰ ਮੀਤ ਪ੍ਰਧਾਨ ਪੰਜਾਬ ਅਤੇ ਹੋਰ ਅਹੁਦੇਦਾਰਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਉਨ੍ਹਾਂ ਨੂੰ ਇਨਸਾਫ਼ ਨਾ ਦਿੱਤਾ ਗਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਸਬੰਧੀ ਜਦੋਂ ਬੀ ਡੀ ਪੀ ਓ ਗੁਰਮੀਤ ਸਿੰਘ ਕਾਹਲੋਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਲਗਾਏ ਗਏ ਦੋਸ਼ਾਂ ਨੂੰ ਝੂਠਾ ਅਤੇ ਬੇਬੁਨਿਆਦ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਬੰਧਤ ਵਿਅਕਤੀਆਂ ਦਾ ਐਸ ਡੀ ਐਮ ਦਫ਼ਤਰ ਵਿੱਚ ਲੰਬੜਦਾਰੀ ਸੰਬੰਧੀ ਕੇਸ ਚੱਲ ਰਿਹਾ ਹੈ। ਇਸ ਤੋਂ ਇਲਾਵਾ ਦੋਵਾਂ ਧਿਰਾਂ ਵੱਲੋਂ ਪੰਚਾਇਤੀ ਜ਼ਮੀਨ ਨੂੰ ਲੈ ਕੇ ਇੱਕ-ਦੂਜੇ ਖ਼ਿਲਾਫ਼ ਸ਼ਿਕਾਇਤਾਂ ਵੀ ਦਿੱਤੀਆਂ ਹੋਈਆਂ ਹਨ, ਜਿਨ੍ਹਾਂ ਸਬੰਧੀ ਰਿਪੋਰਟ ਤਿਆਰ ਕਰਨ ਲਈ ਮਾਮਲਾ ਉਨ੍ਹਾਂ ਕੋਲ ਆਇਆ ਹੋਇਆ ਹੈ। ਬੀ ਡੀ ਪੀ ਓ ਨੇ ਦੋਸ਼ ਲਗਾਇਆ ਕਿ ਸਬੰਧਤ ਵਿਅਕਤੀ ਉਨ੍ਹਾਂ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਵਰ੍ਹੇਗੰਢ ਮੁਬਾਰਕ

ਮੁਖਤਿਆਰ ਸਿੰਘ ਅਤੇ ਮਨਪ੍ਰੀਤ ਕੌਰ ਨੇ ਆਪਣੇ ਵਿਆਹ ਦੀ 27ਵੀਂ ਵਰ੍ਹੇਗੰਢ ਮਨਾਈ।

ਬਾਬਾ ਕਰਮ ਸਿੰਘ ਅਤੇ ਅਮਰਜੀਤ ਕੌਰ ਵਾਸੀ ਮੋਰਿੰਡਾ ਨੇ ਆਪਣੇ ਵਿਆਹ ਦੀ 36ਵੀਂ ਵਰ੍ਹੇਗੰਢ ਮਨਾਈ।